ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 20 | Issue 120| 24 to 30 April, 2024 | Ph.: (510) 240-5949 | Email: asrtimes@gmail.com




# ਊਣੇ ਕਿਰਦਾਰਾਂ ਦੀ ਸਿਆਸਤ ਵਿੱਚ ਪੈਂਠ

**ਬਲਰਾਜ ਪੰਨੂੰ**

ਰਾਜਨੀਤੀ ਇੱਕ ਧੰਦਾ, ਵਪਾਰ ਅਤੇ ਪੇਸ਼ਾ ਬਣ ਗਈ ਹੈ, ਸਾਡੀ ਹੋਂਦ ਸਿਆਸੀ ਨੇਤਾਵਾਂ ਨੂੰ ਚੋਣਾਂ ਸਮੇਂ ਹੀ ਦਿਖਾਈ ਦਿੰਦੀ ਹੈ। ਭਾਰਤ ਅਮੀਰ ਦੇਸ਼ ਹੈ, ਵਿਕਾਸ ਕਰ ਰਿਹਾ ਦੇਸ਼ ਹੈ, ਚੋਣਾਂ ਵਿੱਚ ਵਹਾਏ ਜਾ ਰਹੇ ਪੈਸਿਆਂ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ। ਜਿੱਤਣ ਤੋਂ ਬਾਅਦ ਮੁਫ਼ਤ ਰਾਸ਼ਨ ਲੈ ਰਹੇ ਭਾਰਤ ਵਾਸੀ ਹੀ ਅਮੀਰ ਕਹਾ ਸਕਦੇ ਹਨ, ਉਹ ਉਨ੍ਹਾਂ ਦੀ ਆਪਣੀ ਸੰਤੁਸ਼ਟੀ ਹੈ, ਕਿਉਂਕਿ ਬਿਨਾਂ ਹੱਡ ਹਿਲਾਏ ਤੁਹਾਨੂੰ ਮੰਤਰੀ ਦੀ ਫ਼ੋਟੋ ਲੱਗੇ ਥੈਲੇ ਦੇ ਵਿੱਚ ਰਾਸ਼ਨ ਮਿਲ ਜਾਂਦਾ ਹੈ। ਗ਼ਰੀਬੀ ਹਟਾਓ ਵਰਗੇ ਨਾਰ੍ਹਿਆਂ ਦੀਆਂ ਟਾਹਰਾਂ ਸੁਣਦੇ ਸੁਣਦੇ ਥੱਕ ਗਏ ਹਾਂ ਪਰ ਇਹ ਗੱਲ ਜ਼ਰੂਰ ਕਹਾਂਗੇ ਕਿ ਏਸੇ ਤਰ੍ਹਾਂ ਨਹੀਂ ਜੇ ਅਮੀਰੀ ਆਉਣੀ। ਮੁਫ਼ਤ ਲੈਣ ਦੇ ਚੱਕਰ ਵਿੱਚ ਭਵਿੱਖ ਦਾ ਸੌਦਾ ਕਿਉਂ ਕਰ ਰਹੇ ਹਾਂ? ਕਿਉਂ ਨਹੀਂ ਸਮਝ ਰਹੇ ਕਿ ਪਾਰਟੀਆਂ ਦਾ ਵੱਖਰਾ ਵੱਖਰਾ ਰਾਸ਼ਟਰਵਾਦ ਕਿਉਂ ਹੈ? ਬਾਹਰਲੇ ਦੇਸ਼ਾਂ ਵਿੱਚ ਰਾਸ਼ਟਰਵਾਦ ਚੋਣ ਪ੍ਰਚਾਰ ਦਾ ਹਿਸਾ ਨਹੀਂ ਹੁੰਦਾ। ਹੁਣ ਤੱਕ ਸਾਰੇ ਨੇਤਾ ਕਹਿੰਦੇ ਰਹੇ ਕਿ ਅਸੀਂ ਇਮਾਨਦਾਰ ਹਾਂ, ਪਰ ਇਸ ਲੋਕ ਸਭਾ ਦੀਆਂ ਚੋਣਾਂ ਦੇ ਵਿੱਚ ਜਿਸ ਤਰੀਕੇ ਦੇ ਨਾਲ ਪਾਰਟੀ ਦਰ ਪਾਰਟੀ ਛੜੱਪਾ ਮਾਰਿਆ ਜਾ ਰਿਹਾ ਹੈ, ਕੀ ਇਹ ਇਮਾਨ ਖ਼ਤਮ ਹੋ ਗਿਆ ਹੈ? ਪਰ ਰਾਜਨੀਤਿਕ ਭਾਸ਼ਣ, ਨੇਤਾ ਲੋਕ ਇਸ ਤਰ੍ਹਾਂ ਦੇ ਰਹੇ ਨੇ ਜਿਵੇਂ ਪਾਣੀ ਦੀ ਜਗ੍ਹਾ 'ਤੇ ਪੈਟਰੋਲ ਪੀਂਦੇ ਹੋਣ। ਆਪਣੇ ਭਾਸ਼ਣਾਂ ਦੇ ਵਿੱਚ ਮੁਫ਼ਤਖ਼ੋਰੀ ਦੀਆਂ ਗੋਲੀਆਂ ਦੇ ਨਾਲ ਲੋਕਾਂ ਨੂੰ ਨਾਕਾਰਾ ਕਰਨ ਦੇ ਵਿੱਚ ਸਫ਼ਲ ਹੁੰਦੇ ਹਰ ਵਾਰੀ ਜਾਪਦੇ ਨੇ। ਇੱਕ ਤਾਜ਼ਾ ਉਦਾਹਰਣ ਮਹਾਰਾਸ਼ਟਰ ਦੀ ਦੇਖੀਏ ਤਾਂ ਕੁਝ ਧੀਰਜ ਬੱਝਦਾ ਏ ਕਿ ਸ਼ਾਇਦ ਲੋਕ ਜਾਗ ਰਹੇ ਨੇ। ਮਹਾਰਾਸ਼ਟਰ ਦੇ ਆਦੀਵਾਸੀ ਲੋਕ ਬੀਜੇਪੀ ਸਰਕਾਰ ਦਾ ਵਿਰੋਧ ਕਰ ਰਹੇ ਨੇ ਕਿਉਂਕਿ ਲੰਘੇ ਦਿਨਾਂ ਦੇ ਵਿੱਚ ਆਦੀਵਾਸੀਆਂ ਨੂੰ ਰਾਸ਼ਨ ਦੇ ਨਾਲ ਨਾਲ ਸਾੜ੍ਹੀਆਂ ਵੰਡੀਆਂ ਗਈਆਂ। ਔਰਤਾਂ ਨੇ ਉਹ ਸਾੜ੍ਹੀਆਂ ਵਾਪਸ ਕੀਤੀਆਂ ਤੇ ਕਿਹਾ ਕਿ ਸਾਨੂੰ ਸਾਡੇ ਸਕੂਲ ਦੇ ਵਿੱਚ ਅਧਿਆਪਕ ਚਾਹੀਦੇ ਨੇ, ਹਸਪਤਾਲ ਦੇ ਵਿੱਚ ਡਾਕਟਰ ਚਾਹੀਦੇ ਨੇ, ਤੇ ਸਾਨੂੰ ਰੁਜ਼ਗਾਰ ਮਿਲਣਾ ਚਾਹੀਦਾ ਹੈ। ਸਾੜ੍ਹੀਆਂ ਅਸੀਂ ਆਪੇ ਖ਼ਰੀਦ ਲਵਾਂਗੇ। ਜਿਥੇ ਇਹ ਖ਼ਬਰ ਸਾਡਾ ਹੌਸਲਾ ਵਧਾਉਂਦੀ ਹੈ, ਉਥੇ ਹੀ ਇੱਕ ਖ਼ਬਰ ਸੂਰਤ ਦੀ ਹੈ, ਜੋ ਧੋਖੇ ਦੀ ਇੱਕ ਹੋਰ ਫ਼ਰੇਬੀ ਚਾਲ ਸਾਡੇ ਸਾਹਮਣੇ ਲਿਆਉਂਦੀ ਹੈ ਕਿਉਂਕਿ ਪਹਿਲੀ ਵਾਰ ਸੂਰਤ ਲੋਕ ਸਭਾ ਸੀਟ ਬਿਨਾਂ ਮੁਕਾਬਲੇ ਭਾਜਪਾ ਨੇ ਜਿੱਤ ਲਈ ਹੈ, ਕਿਉਂਕਿ ਕਾਂਗਰਸ ਦੀ ਉਮੀਦਵਾਰੀ ਰੱਦ ਹੋ ਗਈ ਤੇ ਬਾਕੀ ਉਮੀਦਵਾਰਾਂ ਨੇ ਕਾਗਜ਼ ਵਾਪਸ ਲੈ ਲਏ। ਇਸ ਘਟਨਾ ਤੋਂ ਲੱਗਦਾ ਹੈ ਕਿ ਇਹ ਸਿਰਫ਼ ਟ੍ਰੇਲਰ ਹੈ, ਬਾਕੀ ਕਹਾਣੀ ਤਾਂ ਆਉਣ ਵਾਲੇ ਸਮੇਂ ਵਿੱਚ ਹੋਵੇਗੀ। ਭਾਵੇਂ ਕਿ ਚੋਣ ਕਮਿਸ਼ਨ ਦੇ ਕੋਲ ਕਾਂਗਰਸ ਨੇ ਸ਼ਿਕਾਇਤ ਕੀਤੀ ਕਿ ਇਹ ਮੈਚ ਫ਼ਿਕਸਿੰਗ ਹੈ।

ਚੋਣ ਕਮਿਸ਼ਨ ਇਸ ਸਮੇਂ ਅੱਖਾਂ 'ਤੇ ਪੱਟੀ ਬੰਨ ਕੇ ਹੁਕਮ ਦਾ ਬੱਝਾ ਹੋਇਆ ਡਿਕੋਡੋਲੇ ਖਾ ਰਿਹਾ ਹੈ। ਤੁਸੀਂ ਸਾਰੇ ਜਾਣਦੇ ਹੋ ਕਿ ਈਵੀਐਮ 'ਤੇ ਬਹਿਸ ਲਗਾਤਾਰ ਚੱਲ ਰਹੀ ਹੈ ਪਰ ਸਾਡੀਆਂ ਅਦਾਲਤਾਂ ਨੇ ਫ਼ੈਸਲਾ ਸੁਰੱਖਿਅਤ ਰੱਖ ਲਿਆ ਹੈ। ਜਸਟਿਸ ਖੰਨਾ ਤੇ ਜਸਟਿਸ ਦੱਤਾ ਦੀ ਕਲਮ ਚਾਹੇ ਤਾਂ ਇਤਿਹਾਸ ਦਾ ਰੁਖ਼ ਮੋੜ ਸਕਦੀ ਹੈ ਪਰ ਇਨਸਾਫ਼ ਦੀ ਦਹਿਲੀਜ਼ 'ਤੇ ਗੱਲ ਅਟਕੀ ਹੋਈ ਹੈ। ਬਹੁਤ ਸਾਰੇ ਵਕੀਲਾਂ, ਬੁੱਧੀਜੀਵੀਆਂ ਤੇ ਰਾਜਨੀਤਿਕ ਦਲਾਂ ਨੇ ਈਵੀਐਮ ਵਿੱਚ ਗੜਬੜੀ ਨੂੰ ਲੈ ਕੇ ਪਟੀਸ਼ਨਾਂ ਪਾਈਆਂ, ਪਰ ਭਗਤ ਲਗਾਤਾਰ ਈਵੀਐਮ ਨੂੰ ਸਹੀ ਠਹਿਰਾਉਂਦੇ ਰਹੇ। ਚੋਣ ਕਮਿਸ਼ਨ ਨੇ ਇਹ ਸ਼ੰਕੇ ਕਿਸੇ ਦੇ ਵੀ ਦੂਰ ਨਹੀਂ ਕੀਤੇ। ਫਿਰ ਦੋਸ਼ੀ ਕੌਣ ਮਿਥਿਆ ਜਾਵੇ? ਦੋਸ਼ੀ ਤਾਂ ਚੋਣ ਕਮਿਸ਼ਨ ਨੂੰ ਹੀ ਮੰਨਿਆ ਜਾਵੇਗਾ ਨਾ। ਉਸ ਨੇ ਉਲਟਾ ਵੋਟਿੰਗ ਮਸ਼ੀਨਾਂ 'ਹੈਕ' ਕਰਨ ਦੀ ਚੁਣੌਤੀ ਦੇ ਦਿੱਤੀ। ਚੋਣ ਕਮਿਸ਼ਨ ਵੀ ਮਾੜੇ ਨੂੰ ਲਿਤਾੜ ਕੇ ਆਪਣੇ ਅਹੁਦੇ ਨੂੰ ਬਰਕਰਾਰ ਰੱਖਣ ਵਿੱਚ ਰੁਝਿਆ ਹੋਇਆ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਿੱਚ ਧਰਮ ਨੂੰ ਚੋਣ ਪ੍ਰਚਾਰ ਵਿੱਚ ਸਭ ਤੋਂ ਵੱਡੇ ਰੂਪ ਵਿੱਚ ਪ੍ਰਦਰਸ਼ਿਤ ਕੀਤਾ ਜਾ ਰਿਹਾ ਹੈ। ਚੋਣ ਕਮਿਸ਼ਨ ਸੁੱਤਾ ਹੋਇਆ ਹੈ, ਪਰ ਧਰਮ ਨੂੰ ਰਾਜਨੀਤੀ ਵਿੱਚ ਆਪਣੇ ਹੀ ਤਰੀਕੇ ਦੇ ਨਾਲ ਸਿਆਸਤਦਾਨ ਰਲਗੱਡ ਕਰ ਰਹੇ ਹਨ। ਪਾਰਖੂ ਅੱਖਾਂ ਨੂੰ ਪਤਾ ਹੁੰਦਾ ਹੈ ਕਿ ਸ਼ੈਤਾਨ ਅੱਖਾਂ ਦੇ ਕੋਲ ਗਿਆਨ ਦੀ ਅਮੀਰੀ ਨਹੀਂ ਹੁੰਦੀ, ਸੋ ਉਹ ਕਈ ਤਰਾਂ ਦੇ ਹੱਥਕੰਡੇ ਅਪਣਾਉਂਦਾ ਹੈ। ਮਹਿੰਗੇ ਲਿਬਾਸਾਂ ਦੇ ਅੰਦਰ ਗਿਆਨ ਦੀ ਗ਼ਰੀਬੀ ਦੀ ਛਾਪ ਲੁਕ ਜਾਂਦੀ ਹੈ। ਇਸ ਦੀ ਤਾਜ਼ਾ ਉਦਾਹਰਣ ਲੰਘੇ ਦਿਨੀਂ ਸਾਡੇ ਆਦਰਯੋਗ ਪ੍ਰਧਾਨ ਮੰਤਰੀ ਦੇ ਭਾਸ਼ਣ ਵਿਚੋਂ ਝਲਕਦੀ ਹੈ। ਅੰਤਰਰਾਸ਼ਟਰੀ ਮੀਡੀਆ ਨੇ ਵੀ ਪ੍ਰਧਾਨ ਮੰਤਰੀ ਦੇ ਭਾਸ਼ਣ ਦੇ ਵਿੱਚ ਝੂਠ ਦੀ ਚੜ੍ਹੀ ਪਾਣ ਨੂੰ ਪਛਾਣ ਲਿਆ। ਪਤਾ ਨਹੀਂ ਕਿਉਂ ਵਿਕਾਸ ਦਾ ਮੁਖੌਟਾ ਤੇ ਜ਼ੁਬਾਨ ਦਾ ਮੁਖੌਟਾ ਉਤਰਦਾ ਜਾਪਿਆ। ਜਦੋਂ ਬੀਜੇਪੀ ਨੂੰ ਹਾਰ ਦਾ ਡਰ ਸਤਾਉਣ ਲੱਗਦਾ ਹੈ ਤਾਂ ਉਹ ਹੋਛੀ ਰਾਜਨੀਤੀ ਦਾ ਪੱਲਾ ਫ਼ੜ ਬਹਿੰਦੇ ਨੇ, ਇਹ ਅਸੀਂ ਨਹੀਂ, ਬੁੱਧੀਜੀਵੀ ਕਹਿੰਦੇ ਨੇ। ਕਦੇ ਪਾਕਿਸਤਾਨ, ਕਦੇ ਮੁਸਲਮਾਨ, ਕਦੇ ਮੰਗਲਸੂਤਰ ਨੂੰ ਖ਼ਤਰਾ, ਤੇ ਮੁਸਲਮਾਨਾਂ ਦਾ ਪਹਿਲਾ ਹੱਕ, ਵਰਗੇ ਝੂਠੇ ਬਿਆਨਾਂ ਨੇ ਤਹਿਲਕਾ ਮਚਾ ਕੇ ਰੱਖ ਦਿੱਤਾ ਹੈ। ਵਿਸ਼ਵ ਗੁਰੂ ਝੂਠ ਦੀ ਪਟੜੀ 'ਤੇ ਰਾਜਾ ਬਣ ਕੇ ਖਲੋ ਗਏ ਕਿ 'ਹਿੰਦੂ ਖ਼ਤਰੇ ਵਿੱਚ ਹੈ।' 1951 ਤੋਂ ਲੈ ਕੇ 2011 ਤੱਕ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਮੁਸਲਮਾਨਾਂ ਦੀ ਆਬਾਦੀ 136 ਮਿਲੀਅਨ ਵਧੀ ਹੈ ਤੇ ਹਿੰਦੂਆਂ ਦੀ ਆਬਾਦੀ 676 ਮਿਲੀਅਨ ਵਧੀ ਹੈ, ਯਾਨੀ ਕਿ ਹਿੰਦੂਆਂ ਵਿੱਚ ਵਾਧਾ ਪੰਜ ਗੁਣਾ ਜ਼ਿਆਦਾ ਹੈ। ਸਰਦਾਰ ਮਨਮੋਹਨ ਸਿੰਘ ਜੀ ਦੀ ਗੱਲ ਕਰੀਏ, ਤਾਂ ਉਹਨਾਂ ਨੇ ਮੁਸਲਮਾਨਾਂ ਬਾਰੇ ਗੱਲ ਕੁਝ ਹੋਰ ਸੰਦਰਭ ਵਿੱਚ ਕਹੀ ਸੀ। ਉਹਨਾਂ ਦੀ ਸਰਕਾਰ ਸਮੇਂ ਪਿਛੜੇ ਵਰਗਾਂ ਲਈ ਕੁਝ ਖ਼ਾਸ ਸਕੀਮਾਂ ਬਣਾਈਆਂ ਗਈਆਂ ਸਨ, ਤੇ ਸਭ ਵਰਗਾਂ ਨੂੰ ਬਰਾਬਰ ਰੱਖਣ ਦੇ ਲਈ ਉਹਨਾਂ ਨੇ ਕਿਹਾ ਸੀ ਕਿ ਮੁਸਲਮਾਨਾਂ ਨੂੰ ਪਹਿਲਾਂ ਹੱਕ ਦੇਣਾ ਚਾਹੀਦਾ ਹੈ । ਆਰਥਿਕਤਾ ਭਾਂਵੇਂ ਸਰਦਾਰ ਮਨਮੋਹਨ ਸਿੰਘ ਸਮੇਂ ਵੀ ਡਗਮਗਾਈ ਸੀ, ਪਰ ਉਨ੍ਹਾਂ ਨੇ ਜਨਤਾ ਨੂੰ ਸੇਕ ਬਹੁਤਾ ਨਹੀਂ ਸੀ ਲੱਗਣ ਦਿੱਤਾ। ਅਜਿਹੀ ਸੁਲਝੀ ਹੋਈ ਸ਼ਖ਼ਸੀਅਤ ਨੂੰ ਵੀ ਭਾਸ਼ਣ ਦੇ ਵਿੱਚ ਲਪੇਟ ਲੈਣਾ ਕਿਥੋਂ ਦੀ ਜਾਇਜ਼ ਗੱਲ ਹੈ? ਬੀਜੇਪੀ ਦਾ ਇੱਕੋ ਇੱਕ ਮਕਸਦ ਧਾਰਮਿਕ ਭਾਵਨਾਵਾਂ ਭੜਕਾ ਕੇ ਜਿੱਤਣਾ ਹੁੰਦਾ ਹੈ। ਜਿਸ ਢੰਗ ਦੇ ਨਾਲ ਪ੍ਰਧਾਨਮੰਤਰੀ ਸਮਾਜ ਨੂੰ ਪਾੜਨ ਵਾਲੀਆਂ ਤਿੱਖੀਆਂ ਗੱਲਾਂ ਕਰ ਰਹੇ ਹਨ, ਦੁਆ ਕਰੋ ਕਿ ਚੋਣਾਂ ਸਹੀ ਤਰੀਕੇ ਦੇ ਨਾਲ ਨਿੱਬੜ ਜਾਣ, ਵੈਸੇ ਤਾਂ ਪ੍ਰਧਾਨ ਮੰਤਰੀ ਦੀ ਆਪਣੀ ਸੰਵੈਧਾਨਿਕ ਡਿਊਟੀ ਹੁੰਦੀ ਹੈ ਪਰ ਉਹ ਇਹ ਡਿਊਟੀ ਨਿਭਾਅ ਨਹੀਂ ਰਹੇ। ਜ਼ਰੂਰੀ ਨਹੀਂ ਕਿ ਵਿਰੋਧੀ ਪਾਰਟੀਆਂ ਹੀ ਬੀਜੇਪੀ ਨੂੰ ਕਸਾਰਾ ਲਗਾਉਣ। ਉਨ੍ਹਾਂ ਦੇ ਆਪਣੇ ਵੀ ਜਿਸ ਤਰੀਕੇ ਦੇ ਨਾਲ ਬਿਆਨਬਾਜ਼ੀ ਕਰ ਰਹੇ ਨੇ, ਬੀਜੇਪੀ ਦੀ ਬੇੜੀ ਨੂੰ ਡੋਬ ਸਕਦੇ ਨੇ।

ਆਮ ਜਨਤਾ ਦੇ ਲਈ ਚਿੰਤਾ ਦਾ ਵਿਸ਼ਾ ਹੈ ਕਿ ਨਫ਼ਰਤ ਦੀ ਦੁਕਾਨ ਨੂੰ ਤਾਲਾ ਲੱਗੇਗਾ? ਸ਼ਾਂਤੀ ਉਦੋਂ ਹੀ ਬਣੇਗੀ ਜਦੋਂ ਤਰਕ ਦਾ ਰਾਜ ਹੋਵੇਗਾ ਤੇ ਉੱਚੇ ਕਿਰਦਾਰਾਂ ਦੀ ਸਿਆਸਤ ਦੇ ਵਿੱਚ ਪੈਂਠ ਹੋਵੇਗੀ। ਊਣੇ ਕਿਰਦਾਰਾਂ ਵਾਲੇ ਸਿਆਸਤਦਾਨਾਂ ਨੂੰ ਤੁਸੀਂ ਆਪਣੀ ਸਮਝਦਾਰੀ, ਏਕਤਾ ਤੇ ਸਾਂਝ ਨਾਲ ਹੀ ਮੈਦਾਨ ਤੋਂ ਬਾਹਰ ਕਰ ਸਕਦੇ ਹੋ। ਕਹਿੰਦੇ ਨੇ ਕੰਮ ਲੱਗੀ ਕੀੜੀ ਵੀ ਸੁੱਤੇ ਮਨੁੱਖ ਦੇ ਨਾਲੋਂ ਜ਼ਿਆਦਾ ਕੰਮ ਕਰ ਲੈਂਦੀ ਹੈ, ਸੋ ਜਾਗੋ ਅਤੇ ਭਾਈਚਾਰਕ ਤੰਦ ਨੂੰ ਮਜ਼ਬੂਤ ਕਰੋ। ਦੁੱਖ ਸੁੱਖ ਦੇ ਵਿੱਚ ਸਭ ਤੋਂ ਵੱਡੀ ਦਵਾਈ ਹੁੰਦੀ ਹੈ ਸਾਂਝ, ਸੋ ਸਾਂਝ ਵਾਲੀ ਕੰਧ ਨੂੰ ਮਜ਼ਬੂਤ ਕਰੋ।

# ਅਮਰੀਕਾ 'ਚ ਨਾਗਰਿਕਤਾ ਦੇ ਮਾਮਲੇ ਵਿੱਚ ਭਾਰਤੀ ਦੂਜੇ ਸਥਾਨ 'ਤੇ

## ਸਾਲ 2022 'ਚ 66 ਹਜ਼ਾਰ ਲੋਕਾਂ ਨੂੰ ਮਿਲੀ ਅਮਰੀਕੀ ਨਾਗਰਿਕਤਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਭਾਰਤ ਤੋਂ ਵਿਦੇਸ਼ਾਂ ਨੂੰ ਪਰਵਾਸ ਕਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਪਰਵਾਸੀ ਭਾਰਤੀ ਵਿਦੇਸ਼ਾਂ ਵਿੱਚ ਆਪਣਾ ਦਬਦਬਾ ਕਾਇਮ ਕਰ ਰਹੇ ਹਨ। ਹੁਣ ਅਮਰੀਕਾ ਤੋਂ ਖ਼ਬਰ ਅ ਾਈ ਹੈ ਕਿ ਅਮਰੀਕਾ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਏਨੀ ਵੱਧ ਗਈ ਹੈ ਕਿ ਉਹਨਾਂ ਦਾ ਉਥੇ ਦਬਦਬਾ ਕਾਇਮ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਾਲ 2022 ਵਿੱਚ ਘੱਟੋ-ਘੱਟ 65,960 ਭਾਰਤੀ ਅਧਿਕਾਰਤ ਤੌਰ 'ਤੇ ਅਮਰੀਕੀ ਨਾਗਰਿਕ ਬਣ ਗਏ ਅਤੇ ਇਸ ਨਾਲ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ ਹੈ, ਉਨ੍ਹਾਂ ਦੀ ਗਿਣਤੀ ਦੇ ਮਾਮਲੇ ਵਿੱਚ ਭਾਰਤ, ਮੈਕਸੀਕੋ ਤੋਂ ਬਾਅਦ ਦੂਜੇ ਸਥਾਨ 'ਤੇ ਪਹੁੰਚ ਗਿਆ। ਯੂ.ਐੱਸ. ਜਨਗਣਨਾ ਬਿਊਰੋ ਦੇ ਅਮਰੀਕਨ ਕਮਿਊਨਿਟੀ ਸਰਵੇਖਣ ਦੇ ਅੰਕੜਿਆਂ ਅਨੁਸਾਰ, 2022 ਵਿੱਚ ਵਿਦੇਸ਼ੀ ਮੂਲ ਦੇ ਅੰਦਾਜ਼ਨ 4 ਕਰੋੜ 60 ਲੱਖ ਲੋਕ ਅਮਰੀਕਾ ਵਿੱਚ ਰਹੇ, ਜੋ ਅਮਰੀਕਾ ਦੀ ਕੁੱਲ 33 ਕਰੋੜ 33 ਲੱਖ ਆਬਾਦੀ ਦਾ ਲਗਭਗ 14 ਫ਼ੀਸਦੀ ਹਿੱਸਾ ਹੈ। ਸੁਤੰਤਰ



ਕਾਂਗਰੇਸ਼ਨਲ ਰਿਸਰਚ ਸਰਵਿਸ (ਸੀ.ਆਰ.ਐੱਸ.) ਦੀ ਵਿੱਤੀ ਸਾਲ 2022 ਲਈ 'ਯੂ.ਐੱਸ. ਨੈਚੁਰਲਾਈਜ਼ੇਸ਼ਨ ਪਾਲਿਸੀ' (ਅਮਰੀਕੀ ਨਾਗਰਿਕਤਾ ਨੀਤੀ) 'ਤੇ 15 ਅਪ੍ਰੈਲ ਦੀ ਤਾਜ਼ਾ ਰਿਪੋਰਟ ਦੇ ਅਨੁਸਾਰ, ਵਿੱਤੀ ਸਾਲ 2022 ਵਿੱਚ 9,69,380 ਵਿਅਕਤੀ ਅਮਰੀਕੀ ਨਾਗਰਿਕ ਬਣੇ। ਰਿਪੋਰਟ ਵਿੱਚ ਕਿਹਾ ਗਿਆ ਹੈ, 'ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਲੋਕਾਂ ਵਿੱਚ ਮੈਕਸੀਕੋ ਵਿੱਚ ਪੈਦਾ ਹੋਏ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਰਹੀ। ਇਸ ਤੋਂ ਬਾਅਦ ਭਾਰਤ, ਫਿਲੀਪੀਨਜ, ਕਿਊਬਾ ਅਤੇ ਡੋਮਿਨਿਕਨ ਰੀਪਬਲਿਕ ਦੇ ਲੋਕਾਂ ਨੂੰ ਸਭ ਤੋਂ ਵੱਧ ਅਮਰੀਕੀ ਨਾਗਰਿਕਤਾ ਮਿਲੀ।' ਸੀ.ਆਰ.ਐਸ. ਨੇ ਦੱਸਿਆ ਕਿ 2022 ਵਿੱਚ ਮੈਕਸੀਕੋ ਦੇ 1,28,878 ਨਾਗਰਿਕ ਅਮਰੀਕਾ ਦੇ ਨਾਗਰਿਕ ਬਣੇ। ਉਨ੍ਹਾਂ ਤੋਂ ਬਾਅਦ ਭਾਰਤ (65,960), ਫਿਲੀਪੀਨ (53,413), ਕਿਊਬਾ (46,913), ਡੋਮਿਨਿਕਨ ਰੀਪਬਲਿਕ (34,525), ਵੀਅਤਨਾਮ (33,246) ਅਤੇ ਚੀਨ (27,038) ਦੇ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ। ਉਨ੍ਹਾਂ ਕਿਹਾ ਕਿ 2023 ਤੱਕ ਵਿਦੇਸ਼ੀ ਮੂਲ ਦੇ ਅਮਰੀਕੀ ਨਾਗਰਿਕਾਂ ਵਿੱਚ ਭਾਰਤ ਦੇ ਲੋਕਾਂ ਦੀ ਗਿਣਤੀ 2,831,330 ਸੀ, ਜੋ ਕਿ ਮੈਕਸੀਕੋ (10,638,429) ਤੋਂ ਬਾਅਦ ਦੂਜੀ ਸਭ ਤੋਂ ਵੱਡੀ ਗਿਣਤੀ ਹੈ। ਇਸ ਤੋਂ ਬਾਅਦ ਇਸ ਸੂਚੀ ਵਿੱਚ ਚੀਨ (2,225,447) ਦਾ ਨੰਬਰ ਆਉਂਦਾ ਹੈ।

# ਖ਼ਾਲਸਾ ਦਿਹਾੜੇ 'ਤੇ ਨਗਰ ਕੀਰਤਨ ਮੌਕੇ ਸਾਢੇ ਪੰਜ ਲੱਖ ਤੋਂ ਵੱਧ ਸਿੱਖ ਸੰਗਤਾਂ ਨਾਲ ਸਰੀ ਖ਼ਾਲਸਾਈ ਜਾਹੋ-ਜਲਾਲ 'ਚ ਰੰਗਿਆ

## '84 ਸਿੱਖ ਨਸਲਕੁਸ਼ੀ ਨੂੰ ਕੈਨੇਡਾ ਦੀ ਪਾਰਲੀਮੈਂਟ 'ਚ ਮਾਨਤਾ ਅਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਲਈ ਇਨਸਾਫ਼ ਸਾਡਾ ਮੁੱਖ ਮਕਸਦ : ਜਗਮੀਤ ਸਿੰਘ




















ਸਰੀ/ਡਾ. ਗੁਰਵਿੰਦਰ ਸਿੰਘ : ਕੈਨੇਡਾ ਦੀ ਧਰਤੀ 'ਤੇ 'ਸਿੱਖ ਵਿਰਾਸਤ' ਮਹੀਨੇ ਦੌਰਾਨ ਖ਼ਾਲਸਾ ਦਿਹਾੜੇ ਨੂੰ ਸਮਰਪਿਤ, ਗੁਰਦੁਆਰਾ ਦਸ਼ਮੇਸ਼ ਦਰਬਾਰ ਸਾਹਿਬ ਸਰੀ ਵੱਲੋਂ ਸਜਾਏ ਮਹਾਨ ਨਗਰ ਕੀਰਤਨ ਵਿੱਚ ਦੇਸ਼ ਵਿਦੇਸ਼ ਤੋਂ, ਸਾਢੇ ਪੰਜ ਲੱਖ ਤੋਂ ਵੱਧ ਸਿੱਖ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਸਰੀ ਸ਼ਹਿਰ ਖ਼ਾਲਸਾਈ ਜਾਹੋ-ਜਲਾਲ ਵਿੱਚ ਰੰਗਿਆ ਗਿਆ। ਕੈਨੇਡਾ ਦੇ ਮੂਲ ਨਿਵਾਸੀਆਂ ਦੀ ਰਵਾਇਤੀ ਅਰਦਾਸ ਨਾਲ ਆਰੰਭ ਹੋਏ ਨਗਰ ਕੀਰਤਨ ਮੌਕੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਾਲਕੀ ਦੇ ਵਿੱਚ ਸੁਸ਼ੋਭਿਤ ਕੀਤੇ ਹੋਏ ਸਨ, ਜਿਨ੍ਹਾਂ ਦੇ ਅੱਗੇ ਗੱਤਕੇ ਦੇ ਤਿਆਰ-ਬਰ-ਤਿਆਰ ਸਿੱਖ ਬੱਚੇ-ਬੱਚੀਆਂ ਸਲਾਮੀ ਦੇ ਰਹੇ ਸਨ। ਸਿੱਖੀ ਮਰਿਆਦਾ ਅਨੁਸਾਰ ਪ੍ਰਭਾਵਸ਼ਾਲੀ ਤੇ ਮਨਮੋਹਕ ਢੰਗ ਨਾਲ ਸਜਾਏ ਗਏ ਗੁਰੂ ਗ੍ਰੰਥ ਸਾਹਿਬ ਦੇ ਵਾਹਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ।

ਗੁਰੂ ਨਾਨਕ ਸਾਹਿਬ ਦੇ ਆਰੰਭ ਕੀਤੇ ਸਿੱਖੀ ਸਿਧਾਂਤਾ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਕੀਤੇ ਖ਼ਾਲਸੇ, ਗੁਰਬਾਣੀ ਦੀ ਪ੍ਰੇਰਨਾ ਤੇ ਇਤਿਹਾਸ ਨੂੰ ਵਰਤਮਾਨ ਵਿੱਚ ਅਪਨਾਉਂਦਿਆਂ, ਇਸ ਵਾਰ ਨਗਰ ਕੀਰਤਨ ਵਿੱਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਸਿੱਖ ਸੰਘਰਸ਼ ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਕੇਂਦਰ ਬਿੰਦੂ ਰਹੀ। ਸਰੀ, ਵੈਨਕੂਵਰ ਅਤੇ ਐਬਟਸਫੋਰਡ ਦੇ ਵੱਖ -ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ।

ਨਗਰ ਕੀਰਤਨ ਦੀ ਮੁੱਖ ਸਟੇਜ ਤੋਂ ਸੰਬੋਧਨ ਕਰਦਿਆਂ ਕੈਨੇਡਾ ਦੀ ਨੈਸ਼ਨਲ ਪਾਰਟੀ, ਨਿਊ ਡੈਮੋਕਰੇਟਿਕ ਪਾਰਟੀ ਦੇ ਕੌਮੀ ਲੀਡਰ ਸਰਦਾਰ ਜਗਮੀਤ ਸਿੰਘ ਨੇ ਜਿੱਥੇ ਸਿੱਖ ਨਸਲਕੁਸ਼ੀ 1984 ਦੇ ਮਹਾਂ ਦੁਖਾਂਤ ਦੀ ਮਾਨਤਾ ਲਈ ਕੈਨੇਡਾ ਦੀ ਪਾਰਲੀਮੈਂਟ ਵਿੱਚ ਲੱਖਾਂ ਦਸਤਕਾਂ ਵਾਲੀ ਪਟੀਸ਼ਨ ਪੇਸ਼ ਕਰਨ ਅਤੇ ਮਾਨਤਾ ਦਿਵਾਉਣ ਦੀ ਵਚਨਬੱਧਤਾ ਪ੍ਰਗਟਾਈ, ਉੱਥੇ ਉਹਨਾਂ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਨੂੰ ਯਾਦ ਕਰਦਿਆਂ, ਉਹਨਾਂ ਦੀ ਸ਼ਹਾਦਤ ਲਈ ਇਨਸਾਫ ਦੀ ਆਵਾਜ਼ ਉਠਾਉਣ ਦਾ ਅਹਿਦ ਲਿਆ।



ਨਗਰ ਕੀਰਤਨ ਦੀ ਮੁੱਖ ਸਟੇਜ ਤੋਂ ਸਰੀ ਦੀ ਮੌਜੂਦਾ ਮੇਅਰ ਬਰਿੰਡਾ ਲੌਕ ਅਤੇ ਸਾਬਕਾ ਮੇਅਰ ਡੱਗ ਮੁਕੰਮਲ ਨੇ ਵੀ ਸੰਬੋਧਨ ਕੀਤਾ। ਸਿੱਖਾਂ ਤੋਂ ਇਲਾਵਾ ਹਿੰਦੂ, ਇਸਾਈ, ਮੂਲ ਨਿਵਾਸੀ, ਮੁਸਲਿਮ, ਯਹੂਦੀ, ਖੱਬੇ ਪੱਖੀ, ਤਰਕਸ਼ੀਲ ਅਤੇ ਹੋਰਨਾਂ ਕੌਮਾਂ ਦੇ ਲੱਖਾਂ ਦੀ ਗਿਣਤੀ ਵਿੱਚ ਨੌਜਵਾਨ, ਬੱਚੇ ਅਤੇ ਬਜ਼ੁਰਗ ਉਤਸ਼ਾਹ ਨਾਲ ਸ਼ਾਮਲ ਹੋਏ। ਬੀ ਸੀ ਦੇ ਪ੍ਰੀਮੀਅਰ ਡੇਵਿਡ ਈਬੀ ਆਪਣੇ ਕੈਬਨਿਟ ਮੰਤਰੀਆਂ ਸਮੇਤ ਨਗਰ ਕੀਰਤਨ ਵਿੱਚ ਸ਼ਾਮਿਲ ਹੋਏ। ਬੀ ਸੀ ਯੂਨਾਈਟਡ ਆਗੂ ਕੇਵਿਨ ਫਾਲਕਨ ਅਤੇ ਬੀ ਸੀ ਕੰਜ਼ਰਵੇਟਿਵ ਆਗੂ ਜੌਹਨ ਰਸਟਿਡ ਵੀ ਆਪੋ ਆਪਣੀ ਪਾਰਟੀਆਂ ਦੇ ਉਮੀਦਵਾਰਾਂ ਤੇ ਕਾਰਕੁੰਨਾਂ ਨਾਲ ਹਾਜ਼ਰ ਸਨ। ਉਹਨਾਂ ਤੋਂ ਇਲਾਵਾ ਐਡਮਿੰਟਨ ਤੋਂ ਕੰਸਰਵੇਟਿਵ ਐਮ ਪੀ ਟਿਮ ਉਪਲ, ਕੈਲਗਰੀ ਤੋਂ ਕੰਸਰਵੇਟਿਵ ਐਮ ਪੀ ਜਸਰਾਜ ਸਿੰਘ ਹੱਲਣ, ਫੈਡਰਲ ਮੰਤਰੀ ਹਰਜੀਤ ਸਿੰਘ ਸੱਜਣ, ਸਰੀ ਨਿਊਟਨ ਤੋਂ ਲਿਬਰਲ ਐਮ ਪੀ ਸੁੱਖ ਧਾਲੀਵਾਲ, ਸਰੀ ਸੈਂਟਰ ਤੋਂ ਐਮ ਪੀ ਰਣਦੀਪ ਸਿੰਘ ਸਰਾਏ ਤੋਂ ਇਲਾਵਾ ਹੋਰ ਕਈ ਸ਼ਖਸੀਅਤਾਂ ਨੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ ਤੇ ਸੰਗਤਾਂ ਨੂੰ ਵਿਸਾਖੀ ਦੇ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ।

ਨਗਰ ਕੀਰਤਨ ਦੌਰਾਨ ਸਿੱਖ ਮੋਟਰਸਾਈਕਲ ਕਲੱਬਾਂ ਦੇ ਮੈਂਬਰਾਂ ਨੇ ਜਿਥੇ ਕੈਨੇਡਾ ਵਿਚ ਸਿੱਖੀ ਦੀ ਸ਼ਾਨ ਦਾ ਪ੍ਰਦਰਸ਼ਨ ਕੀਤਾ, ਉਥੇ ਸਿੱਖ ਸੰਸਥਾਵਾਂ ਨਾਲ ਜੁੜੇ ਸਿੱਖ ਨੌਜਵਾਨਾਂ, ਟਰਬਨ ਵਿੱਲਾ ਦੇ ਭਾਈ ਹਰਮਨਜੋਤ ਸਿੰਘ, ਸਿੱਖ ਰਾਈਡਰਜ਼ ਦੇ ਨੌਜਵਾਨਾਂ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਲੂਮਨੀ ਐਸੋਸੀਏਸ਼ਨ ਦੇ ਮੈਂਬਰਾਂ ਨੇ ਬੱਚਿਆਂ ਤੇ ਗੈਰ ਸਿੱਖਾਂ ਦੇ ਸਿਰਾਂ ਦੇ ਕੇਸਰੀ ਦਸਤਾਰਾਂ ਸਜਾਉਣ ਦੀ ਸੇਵਾ ਨਿਭਾਈ। ਜਿੱਥੇ ਮੰਤਰੀਆਂ ਹੈਰੀ ਬੈਂਸ ਅਤੇ ਜਗਰੂਪ ਬਰਾੜ ਨੇ ਦਸਤਾਰਾਂ ਸਜਵਾਈਆਂ, ਉੱਥੇ ਐਮ. ਪੀ. ਟਿਮ ਉਪਲ ਤੇ ਐਮ. ਪੀ. ਜਸਰਾਜ ਸਿੰਘ ਹੱਲਣ ਨੇ ਦਸਤਾਰਾਂ ਸਜਾਉਣ ਦੀ ਸੇਵਾ ਵਿੱਚ ਯੋਗਦਾਨ ਪਾਇਆ।

ਬੀ. ਸੀ. ਗੁਰਦੁਆਰਾ ਸਿੱਖ ਕੌਂਸਲ ਦੇ ਕੋਆਰਡੀਨੇਟਰ ਭਾਈ ਮਨਿੰਦਰ ਸਿੰਘ ਨੇ ਭਾਵਪੂਰਤ ਸ਼ਬਦਾਂ ਵਿੱਚ ਸਿੱਖ ਸਿਧਾਂਤਾਂ ਅਤੇ ਸਿੱਖ ਰਾਜ ਖ਼ਾਲਿਸਤਾਨ ਦੇ ਬਾਰੇ ਗੱਲਬਾਤ ਕੀਤੀ। ਇਸ ਤੋਂ ਇਲਾਵਾ ਸਿੱਖਸ ਫਾਰ ਜਸਟਿਸ ਦੇ ਬੁਲਾਰੇ, ਖਾਲਿਸਤਾਨ ਰੈਫਰੈਂਡਮ ਦੇ ਪ੍ਰਤੀਨਿਧ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਸਕੱਤਰ ਭਾਈ ਗੁਰਮੀਤ ਸਿੰਘ ਤੂਰ, ਸਿੱਖ ਆਗੂ ਤੇ ਪੰਥਕ ਕਮੇਟੀ ਦੇ ਮੈਂਬਰ ਜਥੇਦਾਰ ਸਤਿੰਦਰਪਾਲ ਸਿੰਘ, ਭਾਈ ਜਗਤਾਰ ਸਿੰਘ ਸੰਧੂ ਸਮੇਤ ਸ਼ਹੀਦ ਦੇ ਪਰਿਵਾਰਾਂ ਦੇ ਮੈਂਬਰਾਂ 'ਚੋਂ ਪ੍ਰਮੁੱਖ ਸ਼ਖਸੀਅਤਾਂ ਅਤੇ ਕਈ ਹੋਰਨਾਂ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ।

ਇਸ ਮੌਕੇ ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਪਰਿਵਾਰ ਅਤੇ ਸ਼ਹੀਦ ਭਾਈ ਦਿਲਾਵਰ ਸਿੰਘ ਦੇ ਪਰਿਵਾਰ ਸਮੇਤ ਹੋਰਨਾਂ ਸਿੱਖ ਯੋਧਿਆਂ ਦੀਆਂ ਸ਼ਹਾਦਤਾਂ ਨੂੰ ਚੇਤੇ ਕਰਦਿਆਂ, ਸਨਮਾਨਿਤ ਕੀਤਾ ਗਿਆ। ਸਟੇਜ ਦਾ ਸੰਚਾਲਨ ਭਾਈ ਜਸਵੀਰ ਸਿੰਘ ਵੱਲੋਂ ਕੀਤਾ ਗਿਆ। ਇਹ ਨਗਰ ਕੀਰਤਨ ਸ਼ਾਮ ਪੰਜ ਵਜੇ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸੰਪੂਰਨ ਹੋਇਆ।

# ਸਿਆਸੀ ਵਿਸਾਤ ਤੇ ਸਿਆਸਤਦਾਨਾਂ ਦੇ ਨਵੇਂ ਪੈਂਤੜੇ



ਅੰਮ੍ਰਿਤਸਰ ਟਾਈਮਜ਼



ਪੂਰਾ ਭਾਰਤ ਚੋਣ ਮੇਲੇ ਦੇ ਵਿੱਚ ਬੁੱਲ੍ਹੇ ਲੁੱਟ ਰਿਹਾ ਹੈ, ਵਧ ਚੜ੍ਹ ਕੇ ਇੱਕ ਦੂਸਰੇ ਨੂੰ ਨੀਂਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੀਡੀਆ ਦਲਾਲੀ ਦਾ ਪੱਲਾ ਘੁੱਟ ਕੇ ਫ਼ੜੀਂ ਬੈਠਾ ਹੈ ਤੇ ਪੈਰਾਂ ਦੇ ਵਿੱਚ ਘੁੰਗਰੂ ਬੰਨ ਕੇ ਸਰਕਾਰਾਂ ਦੇ ਕੋਠੇ ’ਤੇ ਨੱਚਿਆ ਜਾ ਰਿਹਾ ਹੈ। ਉੱਧਰ ਲੰਘੇ ਦਿਨੀਂ ਮਹਿੰਦਰ ਸਿੰਘ ਕੇ.ਪੀ. ਅਕਾਲੀਆਂ ਦੇ ਹੋ ਗਏ ਨੇ। ਤਿੰਨ ਵਾਰ ਐਮ.ਐਲ.ਏ. ਰਹੇ ਤੇ ਦੋ ਵਾਰ ਮੰਤਰੀ ਰਹੇ। ਕੇ.ਪੀ. 2009 ਵਿੱਚ ਸਾਂਸਦ ਵੀ ਰਹੇ। ਟਕਸਾਲੀ ਕਾਂਗਰਸੀ ਅਖਵਾਉਣ ਵਾਲੇ ਅਕਾਲੀਆਂ ਦੇ ਖਿੱਤੇ ਵਿੱਚ ਅੱਜ ਕੱਲ੍ਹ ਚਹਿਕ ਰਹੇ ਨੇ। ਰਾਜਾ ਵੜਿੰਗ ਕਹਿ ਰਹੇ ਨੇ ਕਿ ਮੈਂ ਇੱਕ ਸੋ ਇੱਕ ਫ਼ੀਸਦੀ ਸੀ.ਐਮ. ਬਣਾਂਗਾ, ਇਹ ਮੇਰਾ ਟੀਚਾ ਹੈ। ਦਿੱਲੀ ਦੀ ਸ਼ਰਾਬ ਵਾਲੀ ਲੜਾਈ ਵਿੱਚ ਅੰਬ ਤੇ ਮਠਿਆਈ ਕਦੋਂ ਸ਼ਾਮਲ ਹੋ ਗਏ ਪਤਾ ਹੀ ਨਹੀਂ ਲੱਗਿਆ। ਸੁਰਖ਼ੀਆਂ ਵਿੱਚ ਤਾਂ ਡੀ.ਡੀ. ਨਿਊਜ਼ ਵੀ ਹੈ, ਕਿਉਂਕਿ ਉਸ ਨੇ ਆਪਣੇ ਲੋਗੋ ਦਾ ਰੰਗ ਬਦਲ ਕੇ ਸੰਗਤਰੀ ਜਿਹੇ ਰੰਗ ਦਾ ਕਰ ਦਿੱਤਾ ਹੈ ਪਰ ਲੋਕ ਕਹਿ ਰਹੇ ਨੇ ਕਿ ਇਹ ਭਗਵਾਂ ਰੰਗ ਹੈ। ਮਮਤਾ ਬੈਨਰਜ਼ੀ ਨੇ ਕਿਹਾ ਕਿ ਇਹ ਭਾਜਪਾ ਵੱਲ ਝੁਕਾਅ ਦੀ ਨਿਸ਼ਾਨੀ ਹੈ, ਪਰ ਡੀ.ਡੀ. ਵਾਲਿਆਂ ਨੇ ਕਿਹਾ ਕਿ ਅਸੀਂ ਤਾਂ ਲੋਗੋ ਦੀ ਸੁੰਦਰਤਾ ਵਧਾਈ ਹੈ। ਕਈਆਂ ਨੇ ਇਸ ਨੂੰ ਕਾਰੋਬਾਰੀ ਪੈਂਤੜਾ ਦੱਸਿਆ ਤੇ ਕਈਆਂ ਨੇ ਸਿਆਸੀ ਰੰਗ ਕਿਹਾ। ਕਹਿੰਦੇ ਨੇ ਕਿ ਚੋਣ ਕਮਿਸ਼ਨ ਹਰਕਤ ਦੇ ਵਿੱਚ ਆਇਆ ਹੈ, ਵੈਸੇ ਤਾਂ ਪ੍ਰਧਾਨ ਮੰਤਰੀ ਦੇ ਭੜਕਾਊ ਭਾਸ਼ਣ ’ਤੇ 17 ਹਜ਼ਾਰ ਤੋਂ ਵੱਧ ਲੋਕਾਂ ਨੇ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਸੀ ਤੇ ਕਾਰਵਾਈ ਦੀ ਮੰਗ ਕੀਤੀ ਸੀ ਪਰ ਚੋਣ ਕਮਿਸ਼ਨ ਨੇ ਭੜਕਾਊ ਭਾਸ਼ਣ ਦੀਆਂ ਚਿੱਠੀਆਂ ਨੂੰ ਅਣਦੇਖਿਆ ਕਰਕੇ ਆਪਣੀ ਦੂਰਬੀਨ ਸਿੱਧੀ ਪੰਜਾਬ ਵੱਲ ਨੂੰ ਕਰ ਲਈ ਹੈ। ਚੋਣ ਕਮਿਸ਼ਨ ਦੀਆਂ ਹਦਾਇਤਾਂ ਪੰਜਾਬ ਲਈ ਇਹ ਨੇ ਕਿ ਪੰਜਾਬ ਦੀਆਂ ਸਰਕਾਰੀ ਤੇ ਪ੍ਰਾਈਵੇਟ ਬੱਸਾਂ ਤੋਂ ਸੰਤਾਂ ਦੀਆਂ ਤਸਵੀਰਾਂ ਹਟਵਾਈਆਂ ਜਾਣ। ਉਂਝ ਭਾਵੇਂ ਪੂਰੇ ਭਾਰਤ ਵਿੱਚ ਕੁਝ ਹੁੰਦਾ ਰਹੇ ਚੋਣ ਕਮਿਸ਼ਨ ਕੰਨਾਂ ਵਿੱਚ ਰੂੰ ਦੇ ਕੇ ਰੱਖਦਾ ਹੈ ਪਰ ਹੁਣ ਤੱਕ ਪੰਜਾਬ ਦੇ ਚੋਣਾਂ ਦੌਰਾਨ ਦੇ ਮਾਹੌਲ ਨੂੰ ਅਸੀਂ ਆਪਣੀ ਅੱਖੀਂ, ਬਜਾਏ ਨੇਤਾਵਾਂ ਦੇ ਵਿਰੋਧ ਦੇ ਕੁਝ ਵੀ ਗਲਤ ਹੁੰਦਾ ਨਹੀਂ ਵੇਖਿਆ। ਸੋ ਚੋਣ ਕਮਿਸ਼ਨ ਦੀ ਗੱਲ ਨੂੰ ਅਣਗੌਲਿਆ ਤਾਂ ਨਹੀਂ ਕੀਤਾ ਜਾ ਸਕਦਾ, ਟਰਾਂਸਪੋਰਟ ਵਿਭਾਗ ਨੇ ਹਦਾਇਤਾਂ ਜਾਰੀ ਕਰ ਦਿੱਤੀਆਂ ਨੇ। ਪੰਜਾਬ ਨੂੰ ਗੱਲ ਗੱਲ ’ਤੇ ਬਦਨਾਮ ਕਰਨ ਵਾਲਿਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਜ਼ਬੇ ਤੇ ਜਨੂੰਨ ਦੀ ਗੁੜਤੀ ਵਾਲਿਆਂ ਨੂੰ ਐਹੋ ਜਿਹੀਆਂ ਕੱਚੀਆਂ ਘਤਿੱਤਾਂ ਨਾਲ ਕੁਝ ਨਹੀਂ ਹੋਣ ਵਾਲਾ।

ਸੁਖਬੀਰ ਬਾਦਲ ਦਾ ਬਿਆਨ ਬੰਦੇ ਨੂੰ ਬੌਂਦਲਾਅ ਦਿੰਦਾ ਹੈ ਕਿ “ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਗਲਤ ਬਿਆਨ ਨਹੀਂ ਦੇਣੇ ਚਾਹੀਦੇ, ਫ਼ਿਰਕੂ ਨਫ਼ਰਤ ਆਪਸੀ ਸ਼ੱਕ ਤੇ ਜ਼ਹਿਰ ਨੂੰ ਲੋਕਾਂ ਵਿੱਚ ਨਹੀਂ ਫੈਲਾਉਣਾ ਚਾਹੀਦਾ। ਉਨ੍ਹਾਂ ਨੂੰ ਪ੍ਰਕਾਸ਼ ਸਿੰਘ ਬਾਦਲ ਤੋਂ ਸਿੱਖਣਾਂ ਚਾਹੀਦਾ ਕਿ ਸ਼ਾਂਤੀ ਤੇ ਫ਼ਿਰਕੂ ਸਦਭਾਵਨਾ ਨੂੰ ਕਿਵੇਂ ਯਕੀਨੀ ਬਣਾਇਆ ਜਾ ਸਕਦਾ ਹੈ।” ਭਲੇਮਾਣਸੋ ਮੰਨਿਆ ਕਿ ਹੁਣ ਤੁਸੀਂ ਸਹੀ ਟਰੈਕ ਚੁਣ ਰਹੇ ਹੋ ਪਰ ਜਿਹੜੀ ਕੜ੍ਹੀ ਪ੍ਰਕਾਸ਼ ਸਿੰਘ ਬਾਦਲ ਦੇ ਹੁੰਦਿਆਂ ਤੁਸੀਂ ਘੋਲ਼ੀ ਸੀ, ਉਸ ਨੂੰ ਲੋਕ ਹਾਲੇ ਭੁੱਲੇ ਨਹੀਂ। ਵੈਸੇ ਤਾਂ ਲੰਘੇ ਦਿਨੀਂ ਅਕਾਲੀ ਦਲ ਦੇ ਬੁਲਾਰੇ ਪਰਮਬੰਸ ਸਿੰਘ ਰੋਮਾਣਾ ਨੇ ਵੀ ਕਿਹਾ ਸੀ ਕਿ ਅਸੀਂ ਬੇਇਨਸਾਫ਼ੀ ਬਾਰੇ ਉਦੋਂ ਹੀ ਸੋਚਦੇ ਹਾਂ ਜਦੋਂ ਇਹ ਸਾਡੇ ਨਾਲ ਹੁੰਦੀ ਹੈ, ਤੇ ਪਿਛਲੇ ਦਿਨਾਂ ਵਿੱਚ ਮਜੀਠੀਆ ਨੇ ਵੀ ਖੁੱਲ੍ਹ ਕੇ ਕਿਹਾ ਸੀ ਕਿ ਭਾਜਪਾ ਦੇ ਉਮੀਦਵਾਰਾਂ ਨੂੰ ਪਿੰਡਾਂ ਦੇ ਵਿੱਚ ਨਾ ਵੜਨ ਦਿਓ। ਇੱਥੋਂ ਤੱਕ ਕਿ ਭਗਵੰਤ ਮਾਨ ਨੂੰ ਵੀ ਬੀਜੇਪੀ ਦਾ ਟਾਊਟ ਕਿਹਾ। ਅੱਜ ਕੱਲ੍ਹ ਬੀਬੀ ਹਰਸਿਮਰਤ ਬਾਦਲ ਵੀ ਸੋਹਣੇ ਸੁਪਨੇ ਲੈ ਰਹੀ ਹੈ। ਰੱਬ ਕਰੇ ਉਹ ਸੱਚੇ ਹੋਣ, ਉਹ ਕਹਿ ਰਹੀ ਹੈ ਕਿ ਬਠਿੰਡਾ ਵਾਲੇ ਲੋਕ ਮੇਰੇ ਲਈ ਦੁੱਗਣੇ ਚਾਅ ਦੇ ਨਾਲ ਤਿਆਰੀ ਕਰੀ ਬੈਠੇ ਨੇ। ਮੈਨੀਫ਼ੈਸਟੋ ਨੂੰ ਹਾਲ ਦੀ ਘੜੀ ਪੰਜਾਬ ਦੇ ਵਿੱਚ ਅਣਦੇਖਿਆ ਕੀਤਾ ਜਾ ਰਿਹਾ ਹੈ, ਕਿਉਂਕਿ ਲੋਕ ਜਵਾਬ ਮੰਗਦੇ ਨੇ, ਕਿ ਕਿਉਂ ਵੋਟ ਪਾਈਏ ? ਕੀ ਕੀਤਾ ਤੇ ਕੀ ਕਰੋਂਗੇ ਤੁਸੀਂ ? ਸੋ ਮੈਨੀਫ਼ੈਸਟੋ ਦੇ ਨਾਲ ਜਵਾਬ ਦੇਣੇ ਪੈਂਦੇ ਨੇ। ਮੰਨਿਆ ਕਿ ਪੰਜਾਬ ਦੇ ਵਿੱਚ ਵੋਟਾਂ ਜੂਨ ਦੇ ਪਹਿਲੇ ਹਫ਼ਤੇ ਪੈਣੀਆਂ ਨੇ, ਪਰ ਪੰਜਾਬ ਦੇ ਸਿਆਸਤਦਾਨਾਂ ਦੀ ਜ਼ੁਬਾਨ ਐਮ.ਐਸ.ਪੀ. ਦੇ ਉੱਤੇ ਵੀ ਨਹੀਂ ਖੁੱਲ੍ਹ ਰਹੀ। ਸਿਰਫ਼ ਇੱਕੋ ਨਿਸ਼ਾਨਾ ਹੈ ਕਿ ਸਾਨੂੰ ਵੋਟਾਂ ਪਾਓ ਤੇ ਸਾਨੂੰ ਜਿਤਾਓ। ਪੰਜਾਬ ਦੇ ਵਿੱਚ ਪ੍ਰਚਾਰ ਵੱਖ- ਵੱਖ ਤਰੀਕਿਆਂ ਦੇ ਨਾਲ ਹੋ ਰਿਹਾ ਹੈ ਪਰ ਬੀਜੇਪੀ ਨੇ ਚੁਣਾਵੀ ਬਿਸਾਤ ਵਿਛਾਉਣ ਤੋਂ ਬਾਅਦ ਸ਼ੋਸ਼ਲ ਮੀਡੀਆ ’ਤੇ ਆਪਣਾ ਮੋਰਚਾ ਸੰਭਾਲ ਲਿਆ ਹੈ। ਸੁਭਾਵਿਕ ਹੈ ਕਿ ਇਹ ਮੋਰਚਾ ਪੰਜਾਬ ਲਈ ਵੀ ਹੈ। ਲੋਕ ਸਭਾ ਦੀਆਂ ਸਭ ਸੀਟਾਂ ’ਤੇ 8900 ਸ਼ੋਸ਼ਲ ਮੀਡੀਆ ਮਾਹਿਰਾਂ ਦੀ ਟੀਮ ਕੰਮ ਕਰਨ ਦੇ ਵਿੱਚ ਲਗਾ ਦਿੱਤੀ ਹੈ। ਇਸ ਤੋਂ ਇਲਾਵਾ ਬੀਜੇਪੀ ਦੇ ਇੱਕ ਲੱਖ ਪੱਚੀ ਹਜ਼ਾਰ ਵਰਕਰ ਪ੍ਰਚਾਰ ਦੇ ਲਈ ਸਰਗਰਮ ਹਨ। ਇਹਨਾਂ ਦੀ ਡਿਊਟੀ ਸ਼ੋਸ਼ਲ ਮੀਡੀਆ ਤੋਂ ਆਉਣ ਵਾਲੇ ਕੰਟੈਂਟ ਨੂੰ ਫਾਰਵਰਡ ਕਰਨਾ ਹੈ। ਬੀਜੇਪੀ ਦੇ ਸ਼ੋਸ਼ਲ ਮੀਡੀਆ ਵਿਭਾਗ ਦੇ ਮੁਖੀ ਹਰਿੰਦਰ ਕੌਸ਼ਿਕ ਤੇ ਅਜੈ ਆਪ ਸਵੇਰੇ ਛੇ ਤੋਂ ਰਾਤ 12 ਵਜੇ ਤੱਕ ਆਪਣੀ ਨਿਗਰਾਨੀ ਹੇਠ ਪ੍ਰਚਾਰ ਵਿੱਚ ਰੁਝੇ ਹੋਏ ਨੇ। ਤੇ ਉਧਰ ਕਾਂਗਰਸ ਦੇ ਆਈ.ਟੀ. ਸੈੱਲ ਨੇ ਵੀ 25 ਸੀਟਾਂ ’ਤੇ ਟੀਮਾ ਤਾਇਨਾਤ ਕੀਤੀਆਂ ਨੇ। ਕਾਂਗਰਸ ਆਈ. ਟੀ. ਸੈੱਲ ਇਹਨੀਂ ਦਿਨੀਂ ਕਾਲਜਾਂ ਦੇ ਵਿਦਿਆਰਥੀਆਂ ਦੇ ਵਿੱਚ ਪਾਰਟੀ ਦੀਆਂ ਨੀਤੀਆਂ ਅਤੇ ਕਲਚਰ ਦਾ ਪ੍ਰਚਾਰ ਕਰ ਰਿਹਾ ਹੈ ਪਰ ਪੰਜਾਬ ਵਾਲੇ ਸਿਰਫ਼ ਤੇ ਸਿਰਫ਼ ਵੋਟਾਂ ਮੰਗ ਰਹੇ ਨੇ। ਕਾਂਗਰਸ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਫੇਕ ਨਿਊਜ਼ ਬਾਰੇ ਵੀ ਕਾਂਗਰਸ ਆਈ.ਟੀ. ਸੈੱਲ ਦੀਆਂ ਟੀਮਾਂ ਸਹੀ ਜਾਣਕਾਰੀ ਲੋਕਾਂ ਤੱਕ ਪਹੁੰਚਾ ਰਹੀਆਂ ਨੇ ਤੇ ਨੇਤਾਵਾਂ ਦੇ ਸੰਦੇਸ਼ ਵੀ ਸ਼ੋਸ਼ਲ ਮੀਡੀਆ ’ਤੇ ਆ ਰਹੇ ਹਨ।

ਨੇਤਾਵਾਂ ਦੇ ਬਿਆਨਾਂ ਦੇ ਵਿੱਚ ਤਲਖ਼ੀ ਰੜਕ ਰਹੀ ਹੈ, ਚੋਣ ਕਮਿਸ਼ਨ ਦੀ ਚੁੱਪੀ ਸਵਾਲਾਂ ਦੇ ਘੇਰੇ ਦੇ ਵਿੱਚ ਹੈ। ਕਿਸਾਨਾਂ ਦੀਆਂ ਮੰਗਾਂ ਦਾ ਹੱਲ ਕਦੋਂ ਨਿਕਲੇਗਾ, ਇਹ ਵੱਡਾ ਸਵਾਲ ਹੈ। ਨਸ਼ਾ ਹਮੇਸ਼ਾ ਹੀ ਪੰਜਾਬ ਦੀਆਂ ਚੋਣਾਂ ਵਿੱਚ ਵੱਡਾ ਮੁੱਦਾ ਰਿਹਾ ਹੈ। ਉਸ ਉੱਤੇ ਸਿਆਸਤਦਾਨਾਂ ਦੀ ਚੁੱਪੀ ਵੀ ਰੜਕ ਰਹੀ ਹੈ। ਬੇਅਦਬੀ ਤੇ ਬੰਦੀ ਸਿੰਘਾਂ ਦੀ ਰਿਹਾਈ ਵਰਗੇ ਪੰਥਕ ਮੁੱਦੇ ਜਿਉਂ ਦੇ ਤਿਉਂ ਲਟਕ ਰਹੇ ਨੇ। ਕਾਨੂੰਨ ਵਿਵਸਥਾ ਦੇ ਉੱਤੇ ਸਵਾਲ ਉਸੇ ਤਰ੍ਹਾਂ ਹੀ ਬਰਕਰਾਰ ਨੇ। ਲੋਕ ਚਾਹੁੰਦੇ ਨੇ ਕਿ ਇਹਨਾਂ ਵਿਸ਼ਿਆਂ ਦੇ ਉੱਤੇ ਸਾਡੇ ਨੇਤਾ ਸਾਡੇ ਨਾਲ ਖੁੱਲੀ ਬਹਿਸ ਕਰਨ ਪਰ ਸਿਆਸਤਦਾਨਾਂ ਦਾ ਲੋਕਾਂ ਦੇ ਸਵਾਲਾਂ ਤੋਂ ਭੱਜਣਾਂ ਵੀ ਕੋਈ ਚੰਗਾ ਸੰਕੇਤ ਨਹੀਂ ਹੈ। ਸਿਆਸਤਦਾਨਾਂ ਤੇ ਆਮ ਲੋਕਾਂ ਦਾ ਸਵਾਲ ਜਵਾਬ ਵਾਲਾ ਮਾਹੌਲ ਇੱਕ ਸਿਰਜਣਾਤਮਕ ਪੱਖ ਹੋ ਸਕਦਾ ਹੈ,ਪਰ ਜੇ ਸਿਆਸਤਦਾਨ ਇਸ ਰਮਝ ਨੂੰ ਸਮਝ ਸਕਣ।

# ਨਿੱਝਰ ਮਾਮਲੇ ਦੀ ਰਿਪੋਰਟਿੰਗ ਕਰਨ ਵਾਲੀ ਪੱਤਰਕਾਰ ਨੇ ਭਾਰਤ ਛੱਡਿਆ

## ਭਾਰਤ ਸਰਕਾਰ ਨੇ ਰਿਪੋਰਟਿੰਗ ’ਤੇ ਚੁੱਕੇ ਸਨ ਸਵਾਲ

ਨਵੀਂ ਦਿੱਲੀ/ਏ.ਟੀ.ਨਿਊਜ਼ : ਆਸਟਰੇਲਿਆਈ ਪੱਤਰਕਾਰ ਨੇ ਦਾਅਵਾ ਕੀਤਾ ਕਿ ਸਰਕਾਰ ਵੱਲੋਂ ਵਰਕ ਵੀਜ਼ਾ ਦੀ ਮਿਆਦ ਵਧਾਏ ਜਾਣ ਤੋਂ ਇਨਕਾਰ ਕੀਤੇ ਜਾਣ ਮਗਰੋਂ ਉਸ ਨੂੰ ਭਾਰਤ ਛੱਡਣ ਲਈ ਮਜਬੂਰ ਹੋਣਾ ਪਿਆ। ਉਸ ਨੇ ਕਿਹਾ ਕਿ ਭਾਰਤ ਸਰਕਾਰ ਨੇ ਵਰਕ ਵੀਜ਼ਾ ਦੀ ਮਿਆਦ ਵਧਾਉਣ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਉਸ ਦੀਆਂ ਰਿਪੋਰਟਾਂ ‘ਸੀਮਾਵਾਂ ਦੀ ਉਲੰਘਣਾ’ ਹਨ। ਆਸਟਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ (ਏਬੀਸੀ) ਦੀ ਦੱਖਣੀ ਏਸ਼ੀਆ ਬਿਊਰੋ ਦੀ ਮੁਖੀ ਅਵਨੀ ਡਾਇਸ ਨੇ ਕਿਹਾ ਕਿ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਰਿਪੋਰਟਿੰਗ ਕਰਨ ਕਾਰਨ ਭਾਰਤ ਸਰਕਾਰ ਵੱਲੋਂ ਇਤਰਾਜ਼ ਜਤਾਏ ਜਾਣ ਮਗਰੋਂ ਲੋਕ ਸਭਾ ਚੋਣਾਂ ਵਾਲੇ ਦਿਨ 19 ਅਪਰੈਲ ਨੂੰ ਉਸ ਨੂੰ ਭਾਰਤ ਛੱਡਣਾ ਪਿਆ। ਡਾਇਸ ਨੇ ‘ਐਕਸ’ ’ਤੇ ਕਿਹਾ, “ਪਿਛਲੇ ਹਫ਼ਤੇ ਮੈਨੂੰ ਅਚਾਨਕ ਭਾਰਤ ਛੱਡਣਾ ਪਿਆ। ਮੋਦੀ ਸਰਕਾਰ ਨੇ ਇਹ ਕਹਿੰਦਿਆਂ ਮੇਰਾ ਵੀਜ਼ਾ ਵਧਾਉਣ ਤੋਂ



ਇਨਕਾਰ ਕਰ ਦਿੱਤਾ ਕਿ ਮੇਰੀਆਂ ਰਿਪੋਰਟਾਂ ‘ਸੀਮਾਵਾਂ ਦੀ ਉਲੰਘਣਾ’ ਹਨ।”

ਡਾਇਸ ਨੇ ਕਿਹਾ, “ਸਾਨੂੰ ਇਹ ਵੀ ਦੱਸਿਆ ਗਿਆ ਕਿ ਭਾਰਤੀ ਮੰਤਰਾਲੇ ਦੇ ਨਿਰਦੇਸ਼ ਕਾਰਨ ਮੈਨੂੰ ਚੋਣਾਂ ਸਬੰਧੀ ਰਿਪੋਰਟਿੰਗ ਕਰਨ ਦੀ ਮਾਨਤਾ ਵੀ ਨਹੀਂ ਮਿਲੇਗੀ। ਅਸੀਂ ਉਸ ਦੇਸ਼ ਦੀਆਂ ਚੋਣਾਂ ਤੋਂ ਇੱਕ ਦਿਨ ਪਹਿਲਾਂ



ਨਿਕਲੇ ਜਿਸ ਨੂੰ ਪ੍ਰਧਾਨ ਮੰਤਰੀ ਮੋਦੀ ‘ਲੋਕਤੰਤਰ ਦੀ ਮਾਂ’ ਆਖਦੇ ਹਨ।” ਡਾਇਸ ਪਿਛਲੇ ਢਾਈ ਸਾਲ ਤੋਂ ਭਾਰਤ ਵਿੱਚ ਕੰਮ ਕਰ ਰਹੀ ਸੀ। ਉਸ ਨੇ ਦੱਸਿਆ ਕਿ ਆਸਟਰੇਲਿਆਈ ਸਰਕਾਰ ਦੇ ਦਖ਼ਲ ਮਗਰੋਂ ਉਸ ਦਾ ਵੀਜ਼ਾ ਦੋ ਮਹੀਨਿਆਂ ਲਈ ਵਧਾ ਦਿੱਤਾ ਗਿਆ ਜਦੋਂਕਿ ਇਸ ਦੀ ਜਾਣਕਾਰੀ ਉਸ ਨੂੰ ਉਡਾਣ ਤੋਂ 24 ਘੰਟੇ ਤੋਂ ਵੀ ਘੱਟ ਸਮਾਂ ਪਹਿਲਾਂ ਦਿੱਤੀ ਗਈ। ਆਸਟਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਨੇ ਦੱਸਿਆ ਕਿ ਵਿਦੇਸ਼ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਡਾਇਸ ਨੂੰ ਇਸ ਫ਼ੈਸਲੇ ਬਾਰੇ ਸੂਚਿਤ ਕੀਤਾ ਸੀ ਜਿਸ ਵਿੱਚ ਉਨ੍ਹਾਂ ਕਿਹਾ ਕਿ ਉਸ ਦੀਆਂ ਰਿਪੋਰਟਾਂ ‘ਸੀਮਾਵਾਂ ਦੀ ਉਲੰਘਣ’ ਸਨ। ਏਬੀਸੀ ਨੇ ਦੱਸਿਆ ਕਿ ਯੂਟਿਊਬ ਨੇ ਨਿੱਝਰ ਹੱਤਿਆਕਾਂਡ ਸਬੰਧੀ ਖ਼ਬਰਾਂ ਦੀ ਲੜੀ ‘ਫਾਰੇਨ ਕੌਰਸਪੋਂਡੈਂਟ’ ਦੇ ਇੱਕ ਐਪੀਸੋਡ ਦੀ ਭਾਰਤ ਵਿੱਚ ਪਹੁੰਚ ’ਤੇ ਰੋਕ ਵੀ ਲਾ ਦਿੱਤੀ ਗਈ। ਉਧਰ, ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਆਸਟਰੇਲਿਆਈ ਪੱਤਰਕਾਰ ਵੱਲੋਂ ਲਾਏ ਗਏ ਦੋਸ਼ ਬੇਬੁਨਿਆਦ ਤੇ ਗੁਮਰਾਹਕੁੰਨ ਹਨ। ਸੂਤਰ ਦਾ ਕਹਿਣਾ ਹੈ ਕਿ ਡਾਇਸ ਨੇ ਵੀਜ਼ਾ ਫੀਸ 18 ਅਪਰੈਲ ਨੂੰ ਦਿੱਤੀ ਸੀ ਅਤੇ ਉਸੇ ਦਿਨ ਉਸ ਦਾ ਵੀਜ਼ਾ ਜੂਨ ਦੇ ਅਖ਼ੀਰ ਤੱਕ ਵਧਾ ਦਿੱਤਾ ਗਿਆ ਸੀ।

# ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ ਫਲਸਤੀਨ ਪੱਖੀ ਪ੍ਰਦਰਸ਼ਨ

## ਪ੍ਰਦਰਸ਼ਨਕਾਰੀ ਪੁਲਿਸ ਨਾਲ ਭਿੜੇ, 100 ਤੋਂ ਵਧ ਗ੍ਰਿਫ਼ਤਾਰ



ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ ਫਲਸਤੀਨ ਪੱਖੀ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਨਾਲ ਹੱਥੋਪਾਈ ਹੋਣ ਦੀ ਖ਼ਬਰ ਹੈ। ਇੱਕ ਲਾਅ ਇਨਫੋਰਸਮੈਂਟ ਅਫਸਰ ਅਨੁਸਾਰ ਪੁਲਿਸ ਪ੍ਰਦਰਸ਼ਨਕਾਰੀਆਂ ਨੂੰ ਤਿੱਤਰ ਬਿਤਰ ਕਰਨ ਲਈ ਯੂਨੀਵਰਸਿਟੀ ਵਿੱਚ ਦਾਖਲ ਹੋਈ ਤੇ ਨਿਊਯਾਰਕ ਪੁਲਿਸ ਵਿਭਾਗ ਦੇ ਅਫਸਰਾਂਵੱਲੋਂ 100 ਤੋਂ ਵਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਹ ਪ੍ਰਦਰਸ਼ਨ ਯੂਨੀਵਰਸਿਟੀ ਦੇ ਪ੍ਰਧਾਨ ਨੇਮਤ ਮਿਨਓਚ, ਸ਼ਫਿਕ ਦੀ ਯਹੂਦੀਆਂ ਨਾਲ ਭੇਦਭਾਵ ਬਾਰੇ ਵਾਸ਼ਿੰਗਟਨ, ਡੀ ਸੀ ਵਿੱਚ ਸਦਨ ਦੀ ਸਿੱਖਿਆ ਕਮੇਟੀ ਅੱਗੇ ਪੇਸ਼ੀ ਤੋਂ ਪਹਿਲਾਂ ਹੋਇਆ ਹੈ। ਪੁਲਿਸ ਅਫਸਰ ਅਨੁਸਾਰ ਕੁਝ ਪ੍ਰਦਰਸ਼ਨਕਾਰੀਆਂ ਨੂੰ ਬਿਨਾਂ ਕਿਸੇ ਵਿਰੋਧ ਦੇ ਹਿਰਾਸਤ ਵਿੱਚ ਲੈ ਲਿਆ ਗਿਆ। ਪ੍ਰਦਰਸ਼ਨਕਾਰੀ ਅਪਰ ਮੈਨਹਟਨ ਵਿੱਚ ਇਕੱਠੇ ਹੋਏ ਤੇ ਉਨ੍ਹਾਂ ਨੇ ਉਥੇ ਟੈਂਟ ਲਾ ਦਿੱਤੇ। ਇਸ ਉਪਰੰਤ ਇਜ਼ਰਾਈਲ (ਬਾਕੀ ਸਫ਼ਾ 30 ’ਤੇ)

# ਲੋਕ ਸਭਾ ਚੋਣਾਂ ’ਚ ਵੋਟ ਪਾਉਣਾ ਚਾਹੁੰਦੇ ਹਨ ਕੈਨੇਡਾ ਰਹਿੰਦੇ ਹਜ਼ਾਰਾਂ ਭਾਰਤੀ

ਟੋਰਾਂਟੋ/ਏ.ਟੀ.ਨਿਊਜ਼ : ਭਾਰਤ ਵਿੱਚ ਵੋਟਾਂ ਪੈਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ ਅਤੇ ਕੈਨੇਡਾ-ਅਮਰੀਕਾ ਸਣੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਰਹਿੰਦੇ 13 ਲੱਖ 50 ਹਜ਼ਾਰ ਪ੍ਰਵਾਸੀਆਂ ਕੋਲ ਵੋਟ ਪਾਉਣ ਦਾ ਹੱਕ ਹੈ ਪਰ ਕੁਝ ਕਾਰਨਾਂ ਕਰ ਕੇ ਸਿਰਫ ਇੱਕ ਲੱਖ ਪ੍ਰਵਾਸੀਆਂ ਨੇ ਆਪਣਾ ਨਾਂ ਵੋਟਿੰਗ ਲਈ ਰਜਿਸਟਰਡ ਕਰਵਾਇਆ ਹੈ। ਕੈਨੇਡਾ ਰਹਿੰਦੇ ਪ੍ਰਮੋਦ ਛਾਬੜਾ ਇਨ੍ਹਾਂ ਵਿਚੋਂ ਇੱਕ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਹਜ਼ਾਰਾਂ ਡਾਲਰ ਕਿਰਾਇਆ ਖਰਚ ਕੇ ਕੋਈ ਨਹੀਂ ਜਾਣਾ ਚਾਹੁੰਦਾ।



ਪ੍ਰਮੋਦ ਛਾਬੜਾ ਮੁਤਾਬਕ ਜੇ ਸਫਰ ਸਿਰਫ ਤਿੰਨ-ਚਾਰ ਘੰਟੇ ਦਾ ਹੁੰਦਾ ਤਾਂ ਹਜ਼ਾਰਾਂ ਲੋਕ ਵੋਟ ਪਾਉਣ ਜਾ ਸਕਦੇ ਸਨ। ਅਜਿਹੇ ਵਿੱਚ ਭਾਰਤ ਸਰਕਾਰ ਨੂੰ ਫਿਲੀਪੀਨਜ਼ ਦੀ ਤਰਜ਼ ’ਤੇ ਵਿਦੇਸ਼ਾਂ ਵਿੱਚ ਹੀ ਵੋਟਿੰਗ ਲਈ ਪ੍ਰਬੰਧ ਕਰਨੇ ਚਾਹੀਦੇ ਹਨ। ਸੀ.ਟੀ.ਵੀ ਦੀ ਰਿਪੋਰਟ ਮੁਤਾਬਕ ਓਟਾਵਾ ਦੇ ਇੱਕ ਕਮਿਊਨਿਟੀ ਗਰੁੱਪ ਦੇ ਪ੍ਰਧਾਨ ਪ੍ਰਮੋਦ ਛਾਬੜਾ ਨੇ ਕਿਹਾ ਕਿ ਭਾਰਤੀ ਸਿਆਸਤ ਵਿੱਚ ਉਨ੍ਹਾਂ ਨੂੰ ਕਾਫੀ ਦਿਲਚਸਪੀ ਹੈ ਪਰ ਆਉਣ ਜਾਣ ਵਿੱਚ ਲੱਗਣ ਵਾਲਾ ਸਮਾਂ ਅਤੇ ਪੈਸਾ ਵੱਡੇ ਅੜਿੱਕੇ ਬਣ ਜਾਂਦੇ ਹਨ। ਦੂਜੇ ਪਾਸੇ ਫਿਲੀਪੀਨਜ਼ ਵੱਲੋਂ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਨਾਗਰਿਕਾਂ ਲਈ ਖਾਸ ਪ੍ਰਬੰਧ ਕੀਤਾ ਗਿਆ ਹੈ। ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਵਿੱਚ ਰਹਿੰਦੇ ਫਿਲੀਪੀਨਜ਼ ਦੇ ਲੋਕ ਅੰਬੈਸੀਆਂ ਜਾਂ ਕੌਂਸਲੇਟਸ ਵਿੱਚ ਜਾ ਕੇ ਵੋਟ ਪਾ ਸਕਦੇ ਹਨ। ਇਸ ਤੋਂ ਇਲਾਵਾ ਡਾਕ ਰਾਹੀਂ ਵੋਟ ਪਾਉਣ ਦੀ ਸਹੂਲਤ ਵੀ ਦਿੱਤੀ ਗਈ ਹੈ।

ਯੂਨੀਵਰਸਿਟੀ ਆਫ ਵਿਕਟੋਰੀਆ ਵਿੱਚ ਰਾਜਨੀਤੀ ਵਿਗਿਆਨ ਦੀ ਪ੍ਰੋਫੈਸਰ ਰਹਿ ਚੁੱਕੀ ਗੀਟਾ ਸੀ. ਟ੍ਰੈਂਬਲੇਅ ਦਾ ਕਹਿਣਾ ਸੀ ਕਿ ਆਮ ਤੌਰ ’ਤੇ ਇਹੋ ਦਲੀਲ ਦਿਤੀ ਜਾਂਦੀ ਹੈ ਕਿ ਵਿਦੇਸ਼ਾਂ ਵਿੱਚ ਵਸਦੇ ਭਾਰਤੀ ਨਾਗਰਿਕਾਂ ਨੂੰ ਘਰੇਲੂ ਮੁੱਦਿਆਂ ਬਾਰੇ ਘੱਟ ਜਾਣਕਾਰੀ ਹੁੰਦੀ ਹੈ ਜਿਸ ਦੇ ਮੱਦੇਨਜ਼ਰ ਉਨ੍ਹਾਂ ਦੀਆਂ ਵੋਟਾਂ ਚੋਣ ਨਤੀਜਿਆਂ ’ਤੇ ਵੱਖਰਾ ਅਸਰ ਪਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਓਵਰਸੀਜ਼ ਵੋਟਰਜ਼ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਕਦਮ ਉਠਾਉਣੇ ਚਾਹੀਦੇ ਹਨ। ਇਸੇ ਦੌਰਾਨ ਇੰਡੀਆ ਕੈਨੇਡਾ ਆਰਗੇਨਾਈਜ਼ੇਸ਼ਨ ਦੇ ਚੇਅਰਮੈਨ ਨਸੀਰ ਮਹਿਦੀ ਖਾਨ ਨੇ ਦੱਸਿਆ ਕਿ ਸਿਰਫ ਟੈਕ ਸੈਕਟਰ ਵਿੱਚ 25 ਹਜ਼ਾਰ ਭਾਰਤੀ ਵਰਕ ਪਰਮਿਟ ’ਤੇ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਵਿਚੋਂ ਕਈ ਵੋਟ ਪਾਉਣ ਦੇ ਇੱਛਕ ਹਨ। ਉਨ੍ਹਾਂ ਵੱਲੋਂ ਇਹ ਇੱਛਾ ਭਾਰਤ ਦੇ ਹਾਈ ਕਮਿਸ਼ਨਰ ਤੱਕ ਪਹੁੰਚਾਉਣ ਦੀ ਗੁਜ਼ਾਰਿਸ਼ ਵੀ ਕੀਤੀ ਗਈ ਹੈ। ਉਧਰ ਗੀਟਾ ਟ੍ਰੈਂਬਲੇਅ ਦਾ ਕਹਿਣਾ ਹੈ ਕਿ ਪ੍ਰਵਾਸੀ ਭਾਰਤੀਆਂ ਨੇ 2023 ਵਿੱਚ ਆਪਣੇ ਜੱਦੀ ਮੁਲਕ 125 ਅਰਬ ਡਾਲਰ ਦੀ ਰਕਮ ਭੇਜੀ। ਭਾਰਤ ਦੀਆਂ ਸਿਆਸੀ ਪਾਰਟੀਆਂ ਵੱਲੋਂ ਪ੍ਰਵਾਸੀਆਂ ਤੋਂ ਚੰਦਾ ਲੈਂਦੀਆਂ ਹਨ ਤਾਂ ਉਨ੍ਹਾਂ ਨੂੰ ਵੋਟ ਦੇ ਹੱਕ ਵਰਤੋਂ ਲਈ ਮੌਕਾ ਵੀ ਮੁਹੱਈਆ ਕਰਵਾਉਣਾ ਚਾਹੀਦਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ 2019 ਦੀਆਂ ਚੋਣਾਂ ਦੌਰਾਨ 60 ਕਰੋੜ ਤੋਂ ਵੱਧ ਭਾਰਤੀਆਂ ਨੇ ਵੋਟ ਪਾਈ ਜਦਕਿ ਓਵਰਸੀਜ਼ ਵੋਟਰਜ਼ ਦੀ ਗਿਣਤੀ ਸਿਰਫ 25,606 ਦਰਜ ਕੀਤੀ ਗਈ। ਇਸ ਦੇ ਉਲਟ ਫਿਲੀਪੀਨਜ਼ ਵਿੱਚ ਰਾਸ਼ਟਰਪਤੀ ਦੀ ਚੋਣ ਦੌਰਾਨ 2016 ਵਿੱਚ 4 ਲੱਖ 32 ਹਜ਼ਾਰ ਲੋਕਾਂ ਨੇ ਵਿਦੇਸ਼ਾਂ ਵਿੱਚ ਬੈਠੇ ਬੈਠੇ ਵੋਟ ਪਾਈ।

## ਚੀਨ ਦੇ ਰਾਸ਼ਟਰਪਤੀ ਨੇ ਸਾਈਬਰ ਯੁੱਧ ਲਈ ਫੌਜ ਦੀ ਨਵੀਂ ਇਕਾਈ ਦੀ ਕੀਤੀ ਸਥਾਪਨਾ

ਬੀਜਿੰਗ/ਏ.ਟੀ.ਨਿਊਜ਼ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਪੀਪਲਜ਼ ਲਿਬਰੇਸ਼ਨ ਆਰਮੀ ਦੀ ਨਵੀਂ ਸ਼ਾਖਾ ਸੂਚਨਾ ਫੋਰਸ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਇਹ ਇੱਕ ਰਣਨੀਤਕ ਸ਼ਾਖਾ ਅਤੇ ਦੁਨੀਆ ਦੀ ਸਭ ਤੋਂ ਵੱਡੀ ਫੌਜ ਦਾ ਪ੍ਰਮੁੱਖ ਥੰਮ ਹੋਵੇਗੀ। ਸ਼ੀ ਜਿਨਪਿੰਗ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਪ੍ਰਧਾਨ ਹੋਣ ਤੋਂ ਇਲਾਵਾ, ਚੀਨੀ ਫੌਜ ਦੀ ਸਮੁੱਚੀ ਹਾਈ ਕਮਾਂਡ ਸੈਂਟਰਲ ਮਿਲਟਰੀ ਕਮਿਸ਼ਨ ਦੇ ਮੁਖੀ ਵੀ ਹਨ। ਉਨ੍ਹਾਂ ਕਿਹਾ ਕਿ ਸੂਚਨਾ ਸਹਾਇਤਾ ਫੋਰਸ ਦੀ ਸਥਾਪਨਾ ਕੀਤੀ ਜਾ ਰਹੀ ਹੈ ਜੋ ਕਿ ਇੱਕ



ਮਜ਼ਬੂਤ ਫ਼ੌਜ ਬਣਾਉਣ ਦੀ ਸਮੁੱਚੀ ਲੋੜ ਦੇ ਮੱਦੇਨਜ਼ਰ ਸੀਪੀਸੀ ਅਤੇ ਸੀਐੱਮਸੀ ਵੱਲੋਂ ਲਿਆ ਗਿਆ ਇੱਕ ਵੱਡਾ ਫੈਸਲਾ ਹੈ। ਸੂਚਨਾ ਸਹਾਇਤਾ ਫੋਰਸ ਨੂੰ ਰਣਨੀਤਕ ਸਹਾਇਤਾ ਫੋਰਸ ਦਾ ਇੱਕ ਸੋਧਿਆ ਸੰਸਕਰਣ ਮੰਨਿਆ ਜਾ ਰਿਹਾ ਹੈ, ਜਿਸ ਨੂੰ 2015 ਵਿੱਚ ਪੁਲਾੜ, ਸਾਈਬਰ, ਰਾਜਨੀਤਕ ਅਤੇ ਇਲੈਕਟ੍ਰਾਨਿਕ ਯੁੱਧ ਨਾਲ ਨਜਿੱਠਣ ਲਈ ਸਥਾਪਿਤ ਕੀਤਾ ਗਿਆ ਸੀ।

## ਕੱਚੇ ਦੁੱਧ ’ਚ ਪਾਇਆ ਗਿਆ ਬਰਡ ਫਲੂ ਦਾ ਵਾਇਰਸ

### ਡਾ. ਡੇਰਿਨ ਡੇਟਵਿਲਰ ਨੇ ਕਿਹਾ ਕਿ ਅਮਰੀਕੀ ਮਾਸ ਅਤੇ ਅੰਡੇ ਤੋਂ ਪਰਹੇਜ਼ ਕਰਨ

ਟੈਕਸਾਸ/ਏ.ਟੀ. ਨਿਊਜ਼ : ਸਿਹਤ ਅਧਿਕਾਰੀਆਂ ਨੇ ਘੋਸ਼ਣਾ ਕੀਤੀ ਕਿ ਕੱਚੇ ਦੁੱਧ ਵਿੱਚ ਬਰਡ ਫਲੂ ਵਾਇਰਸ ਬਹੁਤ ਜ਼ਿਆਦਾ ਮਾਤਰਾ ਵਿੱਚ ਪਾਇਆ ਗਿਆ ਹੈ। ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਬਰਡ ਫਲੂ, ਜਿਸ ਨੂੰ ਐਚ5ਐਨ1 ਵੀ ਕਿਹਾ ਜਾਂਦਾ ਹੈ, ਕੱਚੇ ਦੁੱਧ ਵਿੱਚ ਪਾਇਆ ਗਿਆ ਹੈ, ਜੋ ਕਿ ਬੈਕਟੀਰੀਆ ਤੋਂ ਛੁਟਕਾਰਾ ਪਾਉਣ ਲਈ ਮਿਆਰੀ ਪਾਸਚਰਾਈਜ਼ੇਸ਼ਨ ਪ੍ਰਕਿਰਿਆਵਾਂ ਵਿੱਚੋਂ ਨਹੀਂ ਲੰਘਦਾ ਹੈ।



ਅਧਿਕਾਰੀਆਂ ਨੇ ਕਿਹਾ ਕਿ ਪਾਸਚੁਰਾਈਜ਼ਡ ਦੁੱਧ, ਜੋ ਕਿ ਵੱਡੇ ਰਿਟੇਲਰਾਂ ਵਿੱਚ ਮਿਆਰੀ ਹੈ, ਅਜੇ ਵੀ ਸੁਰੱਖਿਅਤ ਹੈ। ਸੀਡੀਸੀ ਦੇ ਅਨੁਸਾਰ, ਪੂਰੇ ਅਮਰੀਕਾ ਵਿੱਚ ਗਾਵਾਂ ਅਤੇ ਮੁਰਗੀਆਂ ਵਿੱਚ ਬਰਡ ਫਲੂ ਵੱਧ ਗਿਆ ਹੈ, ਅੱਠ ਰਾਜਾਂ ਵਿੱਚ 29 ਫਾਰਮਾਂ ਵਿੱਚ ਜਾਨਵਰ ਪ੍ਰਭਾਵਿਤ ਹੋਏ ਹਨ। ਪਿਛਲੇ ਹਫ਼ਤੇ, ਡਾ: ਡੇਰਿਨ ਡੇਟਵਿਲਰ, ਸਾਬਕਾ ਐਫਡੀਏ ਅਤੇ ਯੂਐਸਡੀਏ ਫੂਡ ਸੇਫਟੀ ਸਲਾਹਕਾਰ, ਨੇ ਡੇਲੀਮੇਲ ਡਾਟ ਕਾਮ ਨੂੰ ਦੱਸਿਆ ਕਿ ਅਮਰੀਕੀਆਂ ਨੂੰ ਦੁਰਲੱਭ ਮਾਸ ਅਤੇ ਅੰਡੇ ਤੋਂ

# ਵੈਂਕਈਆ ਨਾਇਡੂ, ਮਿਥੁਨ ਚੱਕਰਵਰਤੀ, ਨਿਰਮਲ ਰਿਸ਼ੀ ਸਮੇਤ ਕਈ ਸ਼ਖ਼ਸੀਅਤਾਂ ਪਦਮ ਪੁਰਸਕਾਰਾਂ ਨਾਲ ਸਨਮਾਨਿਤ

ਨਵੀਂ ਦਿੱਲੀ/ਏ.ਟੀ.ਨਿਊਜ਼ : ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੋਮਵਾਰ (22 ਅਪ੍ਰੈਲ) ਨੂੰ ਦਿੱਲੀ ਦੇ ਰਾਸ਼ਟਰਪਤੀ ਭਵਨ ਵਿੱਚ ਇੱਕ ਵੱਕਾਰੀ ਸਮਾਰੋਹ ਦੀ ਪ੍ਰਧਾਨਗੀ ਕੀਤੀ, ਜਿੱਥੇ ਉਨ੍ਹਾਂ ਨੇ ਸਾਬਕਾ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਨੂੰ ਪਦਮ ਵਿਭੂਸ਼ਣ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਸ ਤੋਂ ਇਲਾਵਾ, ਸਮਾਗਮ ਦੌਰਾਨ ਪੰਜਾਬੀ ਅਦਾਕਾਰਾ ਨਿਰਮਲ ਰਿਸ਼ੀ, ਗਾਇਕਾ ਊਸ਼ਾ ਉਥੁਪ ਅਤੇ ਭਰਤਨਾਟਿਅਮ ਡਾਂਸਰ ਡਾ. ਪਦਮ ਸੁਬਰਾਮਣੀਅਮ ਵਰਗੀਆਂ ਨਾਮਵਰ ਹਸਤੀਆਂ ਨੂੰ ਪਦਮ ਭੂਸ਼ਣ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸੁਲਭ ਇੰਟਰਨੈਸ਼ਨਲ ਦੇ ਸੰਸਥਾਪਕ ਬਿੰਦੇਸ਼ਵਰ ਪਾਠਕ ਨੂੰ ਮਰਨ ਉਪਰੰਤ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

ਅਭਿਨੇਤਾ ਮਿਥੁਨ ਚੱਕਰਵਰਤੀ, ਸਾਬਕਾ ਗਵਰਨਰ ਰਾਮ ਨਾਇਕ, ਗਾਇਕਾ ਊਸ਼ਾ ਉਥੁਪ ਅਤੇ ਉਦਯੋਗਪਤੀ ਸੀਤਾਰਾਮ ਜਿੰਦਲ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਸੋਮਵਾਰ ਨੂੰ ਲਗਭਗ ਅੱਧੇ ਜੇਤੂਆਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਬਾਕੀ ਪੁਰਸਕਾਰ ਅਗਲੇ ਹਫ਼ਤੇ ਦਿਤੇ ਜਾਣ ਦੀ ਸੰਭਾਵਨਾ ਹੈ। ਸਮਾਰੋਹ ਵਿੱਚ ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਆਦਿ ਹਾਜ਼ਰ ਸਨ। ਪਦਮ ਪੁਰਸਕਾਰ, ਦੇਸ਼ ਦੇ



ਸਰਵਉੱਚ ਨਾਗਰਿਕ ਸਨਮਾਨਾਂ ਵਿਚੋਂ ਇੱਕ, ਤਿੰਨ ਸ਼੍ਰੇਣੀਆਂ ਵਿੱਚ ਦਿਤੇ ਜਾਂਦੇ ਹਨ। ਇਨ੍ਹਾਂ ਵਿੱਚ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ ਸ਼ਾਮਲ ਹਨ। ਅਵਾਰਡ ਵੱਖ-ਵੱਖ ਵਿਸ਼ਿਆਂ ਜਾਂ ਖੇਤਰਾਂ ਵਿੱਚ ਦਿਤੇ ਜਾਂਦੇ ਹਨ। ਇਨ੍ਹਾਂ ਵਿੱਚ ਕਲਾ, ਸਮਾਜਿਕ ਕਾਰਜ, ਲੋਕ ਮਾਮਲੇ, ਵਿਗਿਆਨ ਅਤੇ ਇੰਜਨੀਅਰਿੰਗ, ਵਪਾਰ ਅਤੇ ਉਦਯੋਗ, ਦਵਾਈ, ਸਾਹਿਤ ਅਤੇ ਸਿੱਖਿਆ, ਖੇਡਾਂ, ਸਿਵਲ ਸੇਵਾਵਾਂ ਆਦਿ ਸ਼ਾਮਲ ਹਨ। ਪਦਮ ਵਿਭੂਸ਼ਣ ਬੇਮਿਸਾਲ ਅਤੇ ਵਿਲੱਖਣ ਸੇਵਾ ਲਈ, ਪਦਮ ਭੂਸ਼ਣ ਉੱਚ ਪੱਧਰੀ ਸੇਵਾ ਲਈ ਅਤੇ ਪਦਮ ਸ਼੍ਰੀ ਕਿਸੇ ਵੀ ਖੇਤਰ ਵਿੱਚ ਵਿਲੱਖਣ ਸੇਵਾ ਲਈ ਦਿੱਤਾ ਜਾਂਦਾ ਹੈ। ਪੁਰਸਕਾਰਾਂ ਦਾ ਐਲਾਨ ਹਰ ਸਾਲ ਗਣਤੰਤਰ ਦਿਵਸ ਦੀ ਪੂਰਵ ਸੰਧਿਆ ’ਤੇ ਕੀਤਾ ਜਾਂਦਾ ਹੈ। ਰਾਸ਼ਟਰਪਤੀ ਨੇ 2024 ਲਈ 132 ਪਦਮ ਪੁਰਸਕਾਰਾਂ ਦੀ ਘੋਸ਼ਣਾ ਕੀਤੀ ਸੀ, ਜਿਸ ਵਿੱਚ ਦੋ ਜੋੜੇ ਕੇਸ ਵੀ ਸ਼ਾਮਲ ਹਨ (ਅਵਾਰਡ ਨੂੰ ਇੱਕ ਮੰਨਿਆ ਜਾਂਦਾ ਹੈ)। 32 ਪਦਮ ਪੁਰਸਕਾਰਾਂ ਵਿੱਚ ਪੰਜ ਪਦਮ ਵਿਭੂਸ਼ਣ, 17 ਪਦਮ ਭੂਸ਼ਣ ਅਤੇ 110 ਪਦਮ ਸ਼੍ਰੀ ਪੁਰਸਕਾਰ ਸ਼ਾਮਲ ਹਨ। ਜੇਤੂਆਂ ਵਿਚੋਂ 30 ਔਰਤਾਂ ਹਨ। ਇਸ ਦੇ ਨਾਲ ਅੱਠ ਵਿਦੇਸ਼ੀ, ਐਨਆਰਆਈ, ਪੀਆਈਓ, ਓਸੀਆਈ ਸ਼੍ਰੇਣੀ ਅਤੇ ਨੌਂ ਮਰਨ ਉਪਰੰਤ ਪੁਰਸਕਾਰ ਜੇਤੂ ਵੀ ਸੂਚੀ ਵਿੱਚ ਸ਼ਾਮਲ ਹਨ।

**ਨਿਰਮਲ ਰਿਸ਼ੀ ਨੂੰ ਛੋਟੀ ਉਮਰ ਤੋਂ ਸੀ ਅਦਾਕਾਰੀ ਦਾ ਸ਼ੌਕ**

ਨਿਰਮਲ ਰਿਸ਼ੀ ਦਾ ਜਨਮ 27 ਅਗਸਤ 1943 ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਖੀਵੇ ਕਲਾ ਦੇ ਰਹਿਣ ਵਾਲੇ ਬਲਦੇਵ ਕਿਸ਼ਨ ਰਿਸ਼ੀ ਦੇ ਘਰ ਹੋਇਆ ਸੀ।

(ਬਾਕੀ ਸਫ਼ਾ 30 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh  Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਭਾਰਤ 'ਚ ਕਈਆਂ ਨੂੰ ਹੋਈ ਹੈ ਫ਼ਾਂਸੀ ਦੀ ਸਜ਼ਾ

## ਅਨੇਕਾਂ ਮਹਿਲਾ ਅਪਰਾਧੀਆਂ ਦੀ ਫ਼ਾਂਸੀ ਦੀ ਸਜ਼ਾ ਬਦਲ ਦਿੱਤੀ ਜਾਂਦੀ ਹੈ ਉਮਰ ਕੈਦ ਵਿੱਚ

ਲੁਧਿਆਣਾ ਦੇ ਸ਼ਿਮਲਾਪੁਰੀ ਇਲਾਕੇ ਤੋਂ ਢਾਈ ਸਾਲ ਦੀ ਬੱਚੀ ਦਿਲਰੋਜ਼ ਨੂੰ ਅਗਵਾ ਕਰਕੇ ਉਸ ਨੂੰ ਜ਼ਿੰਦਾ ਦਫ਼ਨਾ ਕੇ ਕਤਲ ਕਰਨ ਦੇ ਮਾਮਲੇ ਵਿੱਚ ਜ਼ਿਲ੍ਹਾ ਸੈਸ਼ਨ ਜੱਜ ਨੇ ਤਿੰਨ ਸਾਲਾਂ ਬਾਅਦ ਇਤਿਹਾਸਕ ਫ਼ੈਸਲਾ ਸੁਣਾਇਆ ਹੈ। ਸੈਸ਼ਨ ਜੱਜ ਮੁਨੀਸ਼ ਸਿੰਘਲ ਦੀ ਅਦਾਲਤ ਨੇ ਦੋਸ਼ੀ ਔਰਤ ਨੀਲਮ ਨੂੰ ਦੋਸ਼ੀ ਕਰਾਰ ਦੇਣ ਤੋਂ ਬਾਅਦ ਹੱਤਿਆ ਦੇ ਮਾਮਲੇ 'ਚ ਮੌਤ ਦੀ ਸਜ਼ਾ ਸੁਣਾਈ ਹੈ। ਇਸ ਤੋਂ ਬਾਅਦ ਆਜ਼ਾਦ ਭਾਰਤ ਵਿੱਚ ਮਹਿਲਾ ਅਪਰਾਧੀਆਂ ਨੂੰ ਫ਼ਾਂਸੀ ਦੀ ਸਜ਼ਾ ਦੇਣ ਦਾ ਮਾਮਲਾ ਮੁੜ ਸੁਰਖ਼ੀਆਂ ਵਿੱਚ ਆ ਗਿਆ ਹੈ। ਭਾਰਤ ਵਿੱਚ ਫ਼ਾਂਸੀ ਦੇਣ ਲਈ ਪੁਰਸ਼ ਅਤੇ ਮਹਿਲਾ ਅਪਰਾਧੀਆਂ ਲਈ ਕਾਨੂੰਨ ਇੱਕੋ ਹੀ ਹੈ ਭਾਵ ਦੋਵਾਂ ਨੂੰ ਇੱਕੋ ਕਾਨੂੰਨ ਤਹਿਤ ਫ਼ਾਂਸੀ ਦੀ ਸਜ਼ਾ ਦਿੱਤੀ ਜਾਂਦੀ ਹੈ। ਮਹਿਲਾ ਅਪਰਾਧੀਆਂ ਨੂੰ ਫ਼ਾਂਸੀ ਦੀ ਸਜ਼ਾ ਦੇਣ ਮੌਕੇ ਉਸ ਦੇ ਮਹਿਲਾ ਹੋਣ ਕਾਰਨ ਕੋਈ ਰਿਆਇਤ ਨਹੀਂ ਦਿੱਤੀ ਜਾਂਦੀ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਹੁਣ ਤੱਕ ਕਿੰਨੀਆਂ ਮਹਿਲਾਵਾਂ ਨੂੰ ਫ਼ਾਂਸੀ ਦਿੱਤੀ ਗਈ ਹੈ, ਇਹ ਵਿਵਾਦ ਦਾ ਵਿਸ਼ਾ ਹੈ। ਇਸ ਸਬੰਧੀ ਕੋਈ ਸਪਸ਼ਟ ਅੰਕੜੇ ਮੌਜੂਦ ਨਹੀਂ। ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਪਹਿਲੀ ਵਾਰ 1955 ਵਿੱਚ ਰਤਨਬਾਈ ਜੈਨ ਨਾਮ ਦੀ ਇੱਕ ਮਹਿਲਾ ਅਪਰਾਧੀ ਨੂੰ ਫ਼ਾਂਸੀ ਦਿੱਤੀ ਗਈ ਸੀ। 'ਦਿ ਸਟਰੇਟਸ ਟਾਈਮਜ਼' 'ਚ ਛਪੀ ਖ਼ਬਰ ਮੁਤਾਬਕ ਰਤਨਬਾਈ ਨੇ ਆਪਣੇ ਪਤੀ ਨਾਲ ਨਾਜਾਇਜ਼ ਸੰਬੰਧਾਂ ਦੇ ਸ਼ੱਕ 'ਚ ਤਿੰਨ ਲੜਕੀਆਂ ਦੀ ਹੱਤਿਆ ਕਰ ਦਿੱਤੀ ਸੀ। ਜਨਵਰੀ 1955 ਵਿੱਚ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਸੇ ਤਰ੍ਹਾਂ ਏਸ਼ੀਅਨ ਸੈਂਟਰ ਫ਼ਾਰ ਹਿਊਮਨ ਰਾਈਟਸ ਨਾਂ ਦੀ ਵੈੱਬਸਾਈਟ ਦੇ 'ਇੰਡੀਆ: ਡੈਥ ਪੈਨਲਟੀ ਰਿਪੋਰਟਸ' ਸਿਰਲੇਖ ਵਾਲੇ ਲੇਖ ਵਿੱਚ ਰਤਨਬਾਈ ਜੈਨ ਨੂੰ ਫ਼ਾਂਸੀ ਦੇਣ ਦਾ ਜ਼ਿਕਰ ਹੈ। ਮਥੁਰਾ ਜੇਲ੍ਹ ਵਿੱਚ ਔਰਤਾਂ ਨੂੰ ਫ਼ਾਂਸੀ







ਦੇਣ ਲਈ ਇੱਕ ਵਿਸ਼ੇਸ਼ ਫ਼ਾਂਸੀ ਘਰ ਹੈ, ਜਿਸ ਨੂੰ ਅੰਗਰੇਜ਼ਾਂ ਨੇ 1870 ਵਿੱਚ ਬਣਾਇਆ ਸੀ।

14-15 ਅਪ੍ਰੈਲ 2008 ਦੀ ਰਾਤ ਨੂੰ ਦੋ ਵਜੇ ਅਮਰੋਹਾ ਦੇ ਪਿੰਡ ਬਾਵਨਖੇੜੀ ਦੀ ਸ਼ਬਨਮ ਨੇ ਆਪਣੇ ਪ੍ਰੇਮੀ ਸਲੀਮ ਨਾਲ ਮਿਲ ਕੇ ਆਪਣੇ ਮਾਤਾ-ਪਿਤਾ, ਜੀਜਾ-ਭੈਣ ਅਤੇ ਬੱਚੇ ਸਮੇਤ 7 ਲੋਕਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਸ਼ਬਨਮ ਦੇ ਪਰਿਵਾਰ ਵਿੱਚ ਅਧਿਆਪਕ ਪਿਤਾ ਸ਼ੌਕਤ ਅਲੀ, ਮਾਂ ਹਾਸ਼ਮੀ, ਭਰਾ ਅਨੀਸ, ਰਸ਼ੀਦ, ਭਾਬੀ ਅੰਜੁਮ ਅਤੇ ਦਸ ਮਹੀਨਿਆਂ ਦਾ ਭਤੀਜਾ ਅਰਸ਼ ਸ਼ਾਮਲ ਸੀ। ਇਸੇ ਪਿੰਡ ਦੇ 8ਵੀਂ ਪਾਸ ਨੌਜਵਾਨ ਸ਼ਬਨਮ ਅਤੇ ਸਲੀਮ ਵਿਚਕਾਰ ਪ੍ਰੇਮ ਸਬੰਧ ਸਨ, ਜੋ ਉਸ ਦੇ ਪਿਤਾ ਨੂੰ ਪਸੰਦ ਨਹੀਂ ਸਨ। ਦੋਵੇਂ ਵਿਆਹ ਕਰਨਾ ਚਾਹੁੰਦੇ ਸਨ ਪਰ ਸ਼ਬਨਮ ਸੈਫ਼ੀ ਅਤੇ ਸਲੀਮ ਪਠਾਣ ਭਾਈਚਾਰੇ ਨਾਲ ਸਬੰਧਿਤ ਸਨ ਅਤੇ ਸਲੀਮ ਇੱਕ ਘੱਟ ਪੜ੍ਹਿਆ-ਲਿਖਿਆ ਨੌਜਵਾਨ ਸੀ, ਸ਼ਬਨਮ ਦੇ ਪਰਿਵਾਰ ਨੇ ਉਸ ਨਾਲ ਵਿਆਹ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।ਇਸ ਤੋਂ ਬਾਅਦ ਸ਼ਬਨਮ ਨੇ ਸਲੀਮ ਨੂੰ ਮਿਲਣ ਲਈ ਪੂਰੇ ਪਰਿਵਾਰ ਨੂੰ ਨੀਂਦ ਦੀਆਂ ਗੋਲੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਪਰਿਵਾਰ ਸੌਂ ਜਾਂਦਾ ਸੀ ਤਾਂ ਸਲੀਮ ਹਰ ਰੋਜ਼ ਘਰ ਦੀ ਛੱਤ ਰਾਹੀਂ ਉਸ ਨੂੰ ਮਿਲਣ ਆਉਂਦਾ ਸੀ। ਹਾਲਾਂ ਕਿ, ਫ਼ਿਰ ਦੋਵਾਂ ਨੇ ਇੱਕ ਅਜਿਹਾ ਫ਼ੈਸਲਾ ਲਿਆ ਜੋ ਦਿਲ ਨੂੰ ਦਹਿਲਾ ਦੇਣ ਵਾਲਾ ਸੀ। 14-15 ਅਪ੍ਰੈਲ 2008 ਦੀ ਰਾਤ ਨੂੰ ਦੋ ਵਜੇ ਸ਼ਬਨਮ ਨੇ ਆਪਣੇ ਪ੍ਰੇਮੀ ਸਲੀਮ ਨੂੰ ਘਰ ਬੁਲਾਇਆ ਅਤੇ ਪਰਿਵਾਰ ਵਾਲਿਆਂ ਨੂੰ ਨੀਂਦ ਦੀਆਂ ਗੋਲੀਆਂ ਪਿਲਾ ਕੇ ਸੁਲਾ ਦਿੱਤਾ। ਰਾਤ ਨੂੰ ਸ਼ਬਨਮ ਅਤੇ ਸਲੀਮ ਨੇ ਮਿਲ ਕੇ ਆਪਣੇ ਪਿਤਾ ਸ਼ੌਕਤ, ਮਾਂ ਹਾਸ਼ਮੀ, ਭਰਾ ਅਨੀਸ, ਰਸ਼ੀਦ, ਭਰਜਾਈ ਅੰਜੁਮ, ਚਚੇਰੀ ਭੈਣ ਰਾਬੀਆ ਅਤੇ ਦਸ ਮਹੀਨਿਆਂ ਦੇ ਭਤੀਜੇ ਅਰਸ਼ ਦਾ ਗਲਾ ਵੱਢ ਕੇ ਕਤਲ ਕਰ ਦਿੱਤਾ।ਅਦਾਲਤ ਵੱਲੋਂ ਸ਼ਬਨਮ ਅਤੇ ਸਲੀਮ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ।

ਵਰਣਨਯੋਗ ਹੈ ਕਿ ਸ਼ਬਨਮ ਤੋਂ ਪਹਿਲਾਂ ਮਹਾਰਾਸ਼ਟਰ ਦੀਆਂ ਦੋ ਅਪਰਾਧੀ ਮਹਿਲਾਵਾਂ ਸੀਮਾ ਮੋਹਨ ਗਾਵਿਤ ਅਤੇ ਰੇਣੂਕਾ ਕਿਰਨ ਸ਼ਿੰਦੇ ਨੂੰ ਵੀ ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਹ ਦੋਵੇਂ ਭੈਣਾਂ ਆਪਣੀ ਮਾਂ ਨਾਲ ਮਿਲ ਕੇ ਬੱਚੇ ਚੋਰੀ ਕਰਦੀਆਂ ਸਨ। (**ਬਾਕੀ ਸਫ਼ਾ 30 'ਤੇ**)

### ਸੰਯੁਕਤ ਰਾਸ਼ਟਰ ਵੱਲੋਂ ਜਾਰੀ ਤਾਜ਼ਾ ਰਿਪੋਰਟ ਵਿੱਚ ਸਾਹਮਣੇ ਆਏ ਅੰਕੜੇ

# ਹਮਾਸ ਅਤੇ ਇਜ਼ਰਾਈਲ ਵਿਚਾਲੇ ਔਰਤਾਂ ਦਾ ਵਧ ਹੋਇਆ ਨੁਕਸਾਨ

## ਪਿਛਲੇ ਛੇ ਮਹੀਨਿਆਂ ਦੌਰਾਨ ਜੰਗ ਵਿੱਚ ਹੁਣ ਤੱਕ 10,000 ਫਲਸਤੀਨੀ ਔਰਤਾਂ ਦੀ ਹੋਈ ਮੌਤ

ਹਮਾਸ ਅਤੇ ਇਜ਼ਰਾਈਲ ਵਿਚਾਲੇ ਪਿਛਲੇ ਛੇ ਮਹੀਨਿਆਂ ਤੋਂ ਚੱਲ ਰਹੀ ਜੰਗ ਵਿੱਚ ਹੁਣ ਤੱਕ 10,000 ਫਲਸਤੀਨੀ ਔਰਤਾਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਔਰਤਾਂ ਵਿੱਚ 6,000 ਮਾਵਾਂ ਵੀ ਸ਼ਾਮਲ ਸਨ। ਇਹ ਅੰਕੜੇ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਤਾਜ਼ਾ ਰਿਪੋਰਟ ਵਿੱਚ ਸਾਹਮਣੇ ਆਏ ਹਨ। ਇਹ ਰਿਪੋਰਟ ਦੱਸਦੀ ਹੈ ਕਿ ਕਿਵੇਂ ਇਨ੍ਹਾਂ ਛੇ ਮਹੀਨਿਆਂ ਨੇ ਔਰਤਾਂ ਅਤੇ ਕੁੜੀਆਂ ਨੂੰ ਬਹੁਤ ਗੰਭੀਰ ਰੂਪ ਵਿੱਚ ਪ੍ਰਭਾਵਿਤ ਕੀਤਾ ਹੈ। ਰਿਪੋਰਟ ਮੁਤਾਬਕ 10 ਲੱਖ ਤੋਂ ਵੱਧ ਫਲਸਤੀਨੀ ਔਰਤਾਂ ਅਤੇ ਲੜਕੀਆਂ ਭੁੱਖਮਰੀ ਦਾ ਸਾਹਮਣਾ ਕਰ ਰਹੀਆਂ ਹਨ। ਉਹ ਪੀਣ ਵਾਲੇ ਸਾਫ਼ ਪਾਣੀ ਅਤੇ ਪਖਾਨੇ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਿਰਵੀਆਂ ਹਨ। ਪੀਰੀਅਡਜ਼ ਦੌਰਾਨ ਇਨ੍ਹਾਂ ਔਰਤਾਂ ਅਤੇ ਲੜਕੀਆਂ ਦੀਆਂ ਚੁਣੌਤੀਆਂ ਹੋਰ ਵੱਧ ਜਾਂਦੀਆਂ ਹਨ।

2022 ਤੱਕ ਦੇ ਅੰਕੜਿਆਂ ਅਨੁਸਾਰ ਦੁਨੀਆ ਭਰ ਵਿੱਚ 60 ਕਰੋੜ ਔਰਤਾਂ ਅਤੇ ਲੜਕੀਆਂ ਅਜਿਹੇ ਖੇਤਰਾਂ ਵਿੱਚ ਰਹਿੰਦੀਆਂ ਹਨ ਜਿੱਥੇ ਸੰਘਰਸ਼ ਜਾਰੀ ਹੈ। ਜੰਗ ਅਤੇ ਸੰਘਰਸ਼ ਹਰ ਕਿਸੇ ਨੂੰ ਵੱਖੋ-ਵੱਖਰੇ ਤਰੀਕਿਆਂ ਨਾਲ ਪ੍ਰਭਾਵਿਤ ਕਰਦੇ ਹਨ, ਖਾਸ ਕਰਕੇ ਔਰਤਾਂ ਅਤੇ ਲੜਕੀਆਂ ਨੂੰ। ਯੁੱਧ ਅਤੇ ਸੰਘਰਸ਼ ਔਰਤਾਂ ਲਈ ਸਰੀਰਕ, ਮਾਨਸਿਕ, ਆਰਥਿਕ ਅਤੇ ਸਮਾਜਿਕ ਤੌਰ 'ਤੇ ਮਰਦਾਂ ਨਾਲੋਂ ਵਧੇਰੇ ਚੁਣੌਤੀਆਂ ਲਿਆਉਂਦੇ ਹਨ। ਜੰਗ ਹਿੰਸਾ ਦਾ ਇੱਕ ਰੂਪ ਹੈ ਪਰ ਇਸ ਦੌਰਾਨ ਔਰਤਾਂ ਅਤੇ ਲੜਕੀਆਂ ਨੂੰ ਦੋਹਰੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਯੁੱਧ ਦੌਰਾਨ ਜਿਨਸੀ ਅਤੇ ਲਿੰਗਕ ਹਿੰਸਾ ਦੇ ਮਾਮਲੇ ਵਧਦੇ ਹਨ। ਜੰਗ ਦੌਰਾਨ ਬਲਾਤਕਾਰ ਨੂੰ ਹਮੇਸ਼ਾ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਹੈ।

ਰਵਾਂਡਾ ਵਿੱਚ 1994 ਦੇ ਨਸਲਕੁਸ਼ੀ ਦੌਰਾਨ, 250,000 ਤੋਂ 500,000 ਔਰਤਾਂ ਅਤੇ ਲੜਕੀਆਂ ਨਾਲ ਬਲਾਤਕਾਰ ਕੀਤਾ ਗਿਆ ਸੀ। ਯੂਕਰੇਨ ਅਤੇ ਰੂਸ ਵਿਚਾਲੇ ਚੱਲ ਰਹੀ ਜੰਗ ਦੌਰਾਨ ਵੀ ਯੂਕਰੇਨ ਦੀਆਂ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੀਆਂ ਖਬਰਾਂ ਆਈਆਂ ਸਨ। ਇੱਕ ਸੁਤੰਤਰ ਜਾਂਚ ਕਮਿਸ਼ਨ ਨੇ ਸੰਯੁਕਤ ਰਾਸ਼ਟਰ ਨੂੰ ਸੂਚਿਤ ਕੀਤਾ ਸੀ ਕਿ ਯੂਕਰੇਨ ਵਿੱਚ 16 ਤੋਂ 83 ਸਾਲ ਦੀ ਉਮਰ ਦੀਆਂ ਔਰਤਾਂ ਵਿਰੁੱਧ ਜਿਨਸੀ ਹਿੰਸਾ ਹੋਈ ਹੈ।



ਐਮਨੈਸਟੀ ਇੰਟਰਨੈਸ਼ਨਲ ਨੇ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ ਇਰਾਨ ਵਿੱਚ ਚੱਲ ਰਹੇ ਪ੍ਰਦਰਸ਼ਨਾਂ ਦੌਰਾਨ ਉੱਥੋਂ ਦੀ ਫ਼ੌਜ ਨੇ ਔਰਤਾਂ, ਬੱਚਿਆਂ ਅਤੇ ਮਰਦਾਂ ਖ਼ਿਲਾਫ਼ ਬਲਾਤਕਾਰ ਅਤੇ ਯੌਨ ਹਿੰਸਾ ਨੂੰ ਹਥਿਆਰ ਵਜੋਂ ਵਰਤਿਆ ਸੀ। ਮਿਆਂਮਾਰ ਵਿੱਚ ਰੋਹਿੰਗਿਆ ਭਾਈਚਾਰੇ ਦੀਆਂ ਔਰਤਾਂ ਵਿਰੁੱਧ ਵੱਡੇ ਪੱਧਰ 'ਤੇ ਜਿਨਸੀ ਹਿੰਸਾ ਦੇ ਮਾਮਲੇ ਵੀ ਸਾਹਮਣੇ ਆਏ ਹਨ।

ਕਿਹਾ ਜਾਂਦਾ ਹੈ ਕਿ ਜੰਗ ਦੌਰਾਨ ਔਰਤ ਹੋਣਾ ਇੱਕ ਸਿਪਾਹੀ ਹੋਣ ਨਾਲੋਂ ਵੀ ਵੱਧ ਖ਼ਤਰਨਾਕ ਸਥਿਤੀ ਹੈ। ਯੁੱਧ ਦੌਰਾਨ ਜਿਨਸੀ ਹਿੰਸਾ ਸਭ ਤੋਂ ਵੱਧ ਦਰਜ ਕੀਤੇ ਗਏ ਅਪਰਾਧਾਂ ਵਿੱਚੋਂ ਇੱਕ ਹੈ। 2008 ਵਿੱਚ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਇੱਕ ਮਤਾ ਅਪਣਾਇਆ ਜਿਸ ਵਿੱਚ ਘੋਸ਼ਣਾ ਕੀਤੀ ਗਈ ਕਿ ਯੁੱਧ ਵਿੱਚ ਜਿਨਸੀ ਹਿੰਸਾ ਸ਼ਾਂਤੀ ਅਤੇ ਸੁਰੱਖਿਆ ਲਈ ਖ਼ਤਰਾ ਹੈ।

ਯੁੱਧ ਦੌਰਾਨ ਕੀਤੀ ਗਈ ਜਿਨਸੀ ਹਿੰਸਾ ਅਤੇ ਬਲਾਤਕਾਰ ਨੂੰ ਹੁਣ ਮਨੁੱਖਤਾ ਵਿਰੁੱਧ ਅਪਰਾਧ ਵਜੋਂ ਦੇਖਿਆ ਜਾਂਦਾ ਹੈ। ਇਸ ਤੋਂ ਇਲਾਵਾ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਕੋਈ ਸਜ਼ਾ ਨਹੀਂ ਮਿਲਦੀ। ਇੱਥੋਂ ਤੱਕ ਕਿ ਵੱਡੀ ਗਿਣਤੀ ਵਿੱਚ ਪੀੜਤ ਲੋਕ ਇਸ ਬਾਰੇ ਰਿਪੋਰਟ ਦਰਜ ਕਰਾਉਣ ਦੇ ਸਮਰੱਥ ਨਹੀਂ ਹੁੰਦੇ। ਅਜਿਹੇ ਵਿੱਚ ਜੋ ਅੰਕੜੇ ਸਾਹਮਣੇ ਆਏ ਉਸ ਤੋਂ ਅਸਲ ਗਿਣਤੀ ਬਹੁਤ ਜ਼ਿਆਦਾ ਹੋਣ ਦੀ ਸੰਭਾਵਨਾ ਹੈ।

ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਪ੍ਰਤੀਨਿਧੀ ਪ੍ਰਮਿਲਾ ਪੈਟਨ ਨੇ 2023 ਵਿੱਚ ਕਿਹਾ ਕਿ ਯੁੱਧ ਦੌਰਾਨ ਜਿਨਸੀ ਹਿੰਸਾ ਦੀ ਸਥਿਤੀ ਵਿਗੜਦੀ ਜਾ ਰਹੀ ਹੈ। ਇਥੋਪੀਆ ਵਿੱਚ ਦੋ ਸਾਲਾਂ ਦੀ ਘਰੇਲੂ ਜੰਗ (2020-2022) ਦੌਰਾਨ 100,000 ਤੋਂ ਵੱਧ ਔਰਤਾਂ ਨਾਲ ਬਲਾਤਕਾਰ ਕੀਤਾ ਗਿਆ। ਇਸ ਸਮੇਂ ਦੌਰਾਨ, ਤਿਗਾਰੇ ਭਾਈਚਾਰੇ ਦੀਆਂ ਲਗਭਗ 40 ਪ੍ਰਤੀਸ਼ਤ ਔਰਤਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਸੀ। ਜਿਨਸੀ ਹਿੰਸਾ ਦੀ ਵਰਤੋਂ ਸ਼ਕਤੀਸ਼ਾਲੀ ਤਾਕਤਾਂ ਦੁਆਰਾ ਹਾਰੇ ਸਮਾਜ ਦੀਆਂ ਔਰਤਾਂ ਅਤੇ ਲੜਕੀਆਂ ਵਿੱਚ ਡਰ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਕਈ ਯੁੱਧਾਂ ਦੌਰਾਨ, ਅਜਿਹੇ ਮਾਮਲੇ ਸਾਹਮਣੇ ਆਏ ਹਨ ਜਦੋਂ ਫੌਜ ਨੇ ਔਰਤਾਂ ਨੂੰ ਜ਼ਬਰਦਸਤੀ ਗਰਭਪਾਤ ਕਰਨ ਦੇ ਇਰਾਦੇ ਨਾਲ ਬਲਾਤਕਾਰ ਕੀਤਾ।

ਉਜਾੜਾ ਯੁੱਧ ਅਤੇ ਸੰਘਰਸ਼ ਦਾ ਇੱਕ ਖਤਰਨਾਕ ਨਤੀਜਾ ਹੈ। ਅਜਿਹੇ ਹਾਲਾਤਾਂ ਦੌਰਾਨ ਉਜਾੜੇ ਜਾਣ ਵਾਲਿਆਂ ਵਿੱਚ ਸਭ ਤੋਂ ਵੱਧ ਗਿਣਤੀ ਔਰਤਾਂ ਦੀ ਹੈ। ਸੂਡਾਨ ਵਿੱਚ ਚੱਲ ਰਹੇ ਸੰਘਰਸ਼ ਕਾਰਨ ਬੇਘਰ ਹੋਏ ਲੋਕਾਂ ਵਿੱਚ ਸਭ ਤੋਂ ਵੱਧ ਗਿਣਤੀ ਔਰਤਾਂ ਦੀ ਹੈ। ਟਕਰਾਅ ਕਾਰਨ ਇੱਥੋਂ ਦੀਆਂ 53 ਫੀਸਦੀ ਔਰਤਾਂ ਅਤੇ ਲੜਕੀਆਂ ਅੰਦਰੂਨੀ ਤੌਰ 'ਤੇ ਬੇਘਰ ਹੋ ਗਈਆਂ ਹਨ।

(**ਬਾਕੀ ਸਫ਼ਾ 31 'ਤੇ**)

# ਅਮਰੀਕਾ ਉੱਪਰ ਕਰਜ਼ਾ ਵਧਿਆ, ਡੂੰਘੀ ਮੰਦੀ ਦੀ ਸੰਭਾਵਨਾ

## ਵਧਦੇ ਕਰਜ਼ੇ ਕਾਰਨ ਦੇਸ਼ ਵਿੱਚ ਮਹਿੰਗਾਈ ਛੂਹ ਸਕਦੀ ਹੈ ਅਸਮਾਨ

## ਦੁਨੀਆਂ ਭਰ ਦੀਆਂ ਸਰਕਾਰਾਂ ਆਰਥਿਕ ਸੰਕਟ ਦੇ ਬੋਝ ਨੂੰ ਲੋਕਾਂ ਸਿਰ ਸੁੱਟਣ ਦੀਆਂ ਕੋਸ਼ਿਸ਼ਾਂ ਵਿੱਚ ਰੁੱਝੀਆਂ

ਆਈ.ਐਮ.ਐਫ. ਦੇ ਮੁਲਾਂਕਣ ਨੂੰ ਬਾਈਡੇਨ ਪ੍ਰਸ਼ਾਸਨ ਦੀ ਵਿੱਤੀ ਨੀਤੀ ਦੀ ਸਖ਼ਤ ਆਲੋਚਨਾ ਵਜੋਂ ਦੇਖਿਆ ਗਿਆ ਹੈ। ਵਾਸ਼ਿੰਗਟਨ ਸਥਿਤ ਇਸ ਸੰਸਥਾ ਆਈ.ਐਮ.ਐਫ. ਨੇ ਚਿਤਾਵਨੀ ਦਿੱਤੀ ਹੈ ਕਿ ਅਮਰੀਕੀ ਸਰਕਾਰ 'ਤੇ ਵਧਦੇ ਕਰਜ਼ੇ ਕਾਰਨ ਦੇਸ਼ 'ਚ ਮਹਿੰਗਾਈ ਅਸਮਾਨ ਨੂੰ ਛੂਹ ਸਕਦੀ ਹੈ, ਜਿਸ ਦਾ ਵਿਸ਼ਵ ਅਰਥਚਾਰੇ 'ਤੇ ਲੰਬੇ ਸਮੇਂ ਤੱਕ ਅਸਰ ਪਵੇਗਾ

ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਚਿਤਾਵਨੀ ਦਿੱਤੀ ਹੈ ਕਿ ਅਮਰੀਕਾ ਵਿੱਚ ਵੱਧ ਰਹੇ ਸਰਕਾਰੀ ਕਰਜ਼ੇ ਦਾ ਵਿਸ਼ਵ ਅਰਥਚਾਰੇ 'ਤੇ ਡੂੰਘਾ ਮਾੜਾ ਅਸਰ ਪੈ ਸਕਦਾ ਹੈ। ਆਈ.ਐਮ.ਐਫ. ਦੇ ਇਸ ਮੁਲਾਂਕਣ ਨੂੰ ਰਾਸ਼ਟਰਪਤੀ ਜੋ ਬਾਈਡੇਨ ਪ੍ਰਸ਼ਾਸਨ ਦੀ ਵਿੱਤੀ ਨੀਤੀ ਦੀ ਸਖ਼ਤ ਆਲੋਚਨਾ ਵਜੋਂ ਦੇਖਿਆ ਗਿਆ ਹੈ।

ਸੰਗਠਨ ਨੇ ਦੱਸਿਆ ਹੈ ਕਿ ਅਮਰੀਕਾ ਦਾ ਵਿੱਤੀ ਘਾਟਾ 2022 ਵਿੱਚ 1.4 ਟ੍ਰਿਲੀਅਨ ਡਾਲਰ ਸੀ, ਜੋ ਪਿਛਲੇ ਸਾਲ ਵਧ ਕੇ 1.7 ਟ੍ਰਿਲੀਅਨ ਡਾਲਰ ਹੋ ਗਿਆ ਹੈ। ਸਰਕਾਰ ਇਸ ਘਾਟੇ ਦੀ ਭਰਪਾਈ ਕਰਜ਼ੇ ਲੈ ਕੇ ਕਰ ਰਹੀ ਹੈ, ਜੋ ਇਸ ਵੇਲੇ 34 ਟ੍ਰਿਲੀਅਨ ਡਾਲਰ ਤੱਕ ਪਹੁੰਚ ਚੁੱਕਾ ਹੈ।ਆਈ.ਐਮ.ਐਫ. ਦਾ ਅਨੁਮਾਨ ਹੈ ਕਿ ਅਗਲੇ ਦਸ ਸਾਲਾਂ ਵਿੱਚ ਅਮਰੀਕੀ ਸਰਕਾਰ ਉੱਪਰ




ਕਰਜ਼ੇ ਦੀ ਰਕਮ 45.7 ਟ੍ਰਿਲੀਅਨ ਡਾਲਰ ਹੋ ਜਾਵੇਗੀ। ਵਰਤਮਾਨ ਵਿੱਚ, ਅਮਰੀਕਾ ਹਰ ਸਾਲ ਲਗਭਗ ਇੱਕ ਟ੍ਰਿਲੀਅਨ ਡਾਲਰ ਵਿਆਜ ਵਿੱਚ ਅਦਾ ਕਰ ਰਿਹਾ ਹੈ।

ਹਾਲਾਂਕਿ ਆਈ.ਐਮ.ਐਫ. ਨੇ ਵੀ ਚੀਨ 'ਤੇ ਵਧੇ ਕਰਜ਼ੇ ਨੂੰ ਲੈ ਕੇ ਚਿਤਾਵਨੀ ਦਿੱਤੀ ਹੈ ਪਰ ਅਮਰੀਕਾ ਲਈ ਉਸ ਦੀ ਚਿਤਾਵਨੀ ਨੇ ਪੂਰੀ ਦੁਨੀਆ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। ਇਸ ਦਾ ਕਾਰਨ ਵਿਸ਼ਵ ਅਰਥਵਿਵਸਥਾ 'ਤੇ ਅਮਰੀਕਾ ਦਾ ਵਿਸ਼ੇਸ਼ ਪ੍ਰਭਾਵ ਹੈ। ਅਮਰੀਕੀ ਡਾਲਰ ਵਰਤਮਾਨ ਵਿੱਚ ਅੰਤਰਰਾਸ਼ਟਰੀ ਵਪਾਰ ਦੀ ਮੁੱਖ ਮੁਦਰਾ ਹੈ, ਜਿਸਦਾ ਮੁੱਲ ਵੱਖ-ਵੱਖ ਦੇਸ਼ਾਂ ਦੀਆਂ ਅੰਦਰੂਨੀ ਆਰਥਿਕਤਾਵਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਹੁਣ ਤਾਜ਼ਾ ਰੁਝਾਨ ਕਾਰਨ ਡਾਲਰ ਦੀ ਸਥਿਤੀ ਨੂੰ ਲੈ ਕੇ ਖਦਸ਼ਾ ਵਧਦਾ ਜਾ ਰਿਹਾ ਹੈ। ਇਸ ਖ਼ਬਰ ਨੇ ਇਸ ਖਦਸ਼ੇ ਨੂੰ ਹੋਰ ਵਧਾ ਦਿੱਤਾ ਹੈ ਕਿ ਡੋਨਾਲਡ ਟਰੰਪ ਦੀ ਟੀਮ ਨੇ ਚੀਨ ਦੇ ਨਾਲ ਚੱਲ ਰਹੇ ਵਪਾਰਕ ਯੁੱਧ ਵਿੱਚ ਅਮਰੀਕਾ ਦੀ ਬੜਤ ਵਧਾਉਣ ਲਈ ਡਾਲਰ ਦੇ ਭਾਰੀ ਮੁੱਲ ਨੂੰ ਘਟਾਉਣ ਦੀ ਯੋਜਨਾ ਬਣਾਈ ਹੈ।

ਟਰੰਪ ਆਪਣੇ ਸੰਭਾਵੀ ਅਗਲੇ ਕਾਰਜਕਾਲ ਵਿੱਚ ਇਸ ਨੂੰ ਲਾਗੂ ਕਰ ਸਕਦੇ ਹਨ। ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਦੇ ਮੁਕਾਬਲੇ ਓਪੀਨੀਅਨ ਪੋਲ ਵਿੱਚ ਟਰੰਪ ਅੱਗੇ ਚੱਲ ਰਹੇ ਹਨ। ਜੇ ਟਰੰਪ ਸੱਤਾ ਵਿੱਚ ਆਉਣ ਤੋਂ ਬਾਅਦ ਸਰਕਾਰੀ ਦਖਲ ਦੁਆਰਾ ਸੱਚਮੁੱਚ ਡਾਲਰ ਦਾ ਮੁੱਲ ਘਟਾਉਂਦੇ ਹਨ, ਤਾਂ ਇਹ ਇੱਕ ਬੇਮਿਸਾਲ ਕਦਮ ਹੋਵੇਗਾ। ਇਸ ਨਾਲ ਡਾਲਰ ਦੀ ਭਰੋਸੇਯੋਗਤਾ ਹੋਰ ਕਮਜ਼ੋਰ ਹੋਵੇਗੀ। ਪਰ ਇਸ ਤੋਂ ਪਹਿਲਾਂ ਵੀ, ਅਮਰੀਕਾ ਦੀ ਮਾੜੀ ਵਿੱਤੀ ਸਥਿਤੀ ਨੇ ਆਈ.ਐਮ.ਐਫ. ਵਰਗੀਆਂ ਸੰਸਥਾਵਾਂ ਨੂੰ ਵੀ ਚੌਕਸ ਕਰ ਦਿੱਤਾ ਹੈ। ਇਸ ਨੂੰ ਲੈ ਕੇ ਦੁਨੀਆਂ ਦਾ ਚਿੰਤਤ ਹੋਣਾ ਸੁਭਾਵਿਕ ਹੈ।

ਅਮਰੀਕਾ ਉੱਪਰ ਕਰਜ਼ਾ ਵਧਣ ਦਾ ਕਾਰਨ

ਦੁਨੀਆ ਭਰ ਵਿੱਚ ਆਰਥਿਕ ਮਾਹਿਰਾਂ ਦੇ ਇੱਕ ਹਿੱਸੇ ਵੱਲੋਂ ਅਮਰੀਕਾ ਦੇ ਕਰਜ਼ੇ ਦੇ ਇੰਨਾ ਵਧਣ ਪਿੱਛੇ ਤਿੰਨ ਮਦਾਂ ਉੱਪਰ ਵਧੇ ਖਰਚੇ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਇਹ ਮਦਾਂ ਹਨ: ਅਮਰੀਕਾ ਵਿੱਚ ਕਾਰਪੋਰੇਟਾਂ ਨੂੰ ਖਰਬਾਂ ਡਾਲਰਾਂ ਦੀਆਂ ਸਬਸਿਡੀਆਂ ਤੇ ਟੈਕਸ ਛੋਟਾਂ, ਦਿਵਾਲੀਆ ਹੋਏ ਬੈਂਕ ਬਚਾਉਣ ਲਈ ਜਾਰੀ ਕੀਤੀਆਂ ਰਕਮਾਂ ਤੇ ਫੌਜੀ ਖਰਚਿਆਂ ਵਿੱਚ ਰਿਕਾਰਡ ਤੋੜ ਵਾਧਾ। ਓਬਾਮਾ ਹਕੂਮਤ ਦੌਰਾਨ 2011 ਵਿੱਚ ਜਦ ਕਰਜ਼ਾ ਸੀਮਾ ਵਧਾਈ ਸੀ, ਉਦੋਂ ਤੋਂ 2023 ਤੱਕ ਕਾਰਪੋਰੇਟ ਕਰਾਂ ਜਾਂ ਟੈਕਸਾਂ ਵਿੱਚ 60% ਗਿਰਾਵਟ ਆਈ ਹੈ। ਸਿਰਫ 2022 ਵਿੱਚ ਹੀ ਅਮਰੀਕੀ ਸਰਕਾਰ ਨੇ ਫੌਜੀ ਖਰਚਿਆਂ ਉੱਤੇ ਇੱਕ ਖਰਬ ਅਮਰੀਕੀ ਡਾਲਰ ਤੋਂ ਵੱਧ ਖਰਚਾ ਕੀਤਾ ਤੇ ਸਿਰਫ ਬੀਤੇ ਸਾਲ ਵਿੱਚ ਹੀ ਯੂਕਰੇਨ ਨੂੰ ਰੂਸ ਖਿਲਾਫ ਜੰਗ ਵਿੱਚ (ਜੋ ਅਸਲ ਵਿੱਚ ਅਮਰੀਕਾ-ਰੂਸ ਸਾਮਰਾਜੀ ਜੰਗ ਹੀ ਹੈ) 113 ਅਰਬ ਅਮਰੀਕੀ ਡਾਲਰ ਦੀ ਰਕਮ ਜਾਰੀ ਕੀਤੀ।

ਅਸਲ ਵਿੱਚ ਇਹਨਾਂ ਤਿੰਨਾਂ ਮਦਾਂ ਉੱਤੇ ਖਰਚੇ ਵਧਣ ਪਿੱਛੇ ਮੂਲ ਕਾਰਨ ਸਰਮਾਏ ਉੱਤੇ ਮੁਨਾਫ਼ੇ ਦੀ ਦਰ ਦਾ ਕਾਫ਼ੀ ਹੇਠਾਂ ਆਉਣਾ ਹੈ।

### ਅਮਰੀਕਨ ਮੀਡੀਆ ਕਾਰਪੋਰੇਟ ਪੱਖੀ

ਇਹ ਕਿਆਸ-ਆਰਾਈਆਂ ਹਨ ਕਿ ਅਮਰੀਕੀ ਅਰਥਚਾਰਾ ਜਲਦ ਹੀ ਮੰਦਵਾੜੇ ਦੀ ਜਕੜ ਵਿੱਚ ਆ ਸਕਦਾ ਹੈ। ਮੁਨਾਫ਼ੇ ਦੀ ਦਰ ਦੇ ਕਾਫੀ ਹੇਠਾਂ ਆਉਣ ਤੇ ਆਰਥਿਕ ਸੰਕਟ ਦੇ ਸਿਰ ਉੱਤੇ ਮੰਡਰਾਉਣ ਦਾ ਹੀ ਪ੍ਰਗਟਾਵਾ ਦੁਨੀਆਂ ਭਰ ਵਿੱਚ ਸਾਮਰਾਜੀ ਖਹਿ-ਭੇੜ ਦੇ ਵਧੇਰੇ ਤਿੱਖੇ ਹੋਣ ਵਿੱਚ ਨਿੱਕਲਿਆ ਹੈ ਜਿਸ ਨੇ ਅਮਰੀਕਾ ਨੂੰ ਆਪਣੇ ਮੁਨਾਫ਼ੇ ਦੇ ਇੱਕ ਅਹਿਮ ਸਰੋਤ, ਇਹਦੇ ਆਧਾਰ ਖੇਤਰਾਂ ਵਿੱਚ ਚੀਨ-ਰੂਸ ਧੁਰੀ ਦਾ ਦਖਲ ਰੋਕਣ ਲਈ ਫੌਜੀ ਖਰਚੇ ਵਧਾਉਣ ਵੱਲ ਧੱਕਿਆ ਹੈ।

ਅਮਰੀਕਾ ਦੀ ਹਾਕਮ ਜਮਾਤ ਦੇ ਚਾਕਰ ਮੀਡੀਆ ਨੇ ਪਿਛਲਾ ਸਾਰਾ ਮਹੀਨਾ ਅਸਲ ਤੱਥਾਂ ਨੂੰ ਅੱਖੋਂ ਓਹਲੇ ਕਰਦਿਆਂ ਇਹ ਪ੍ਰਚਾਰ ਕੀਤਾ ਹੈ ਕਿ ਸਰਕਾਰ ਸਿਰ ਕਰਜ਼ਾ ਵਧਣ ਦਾ ਅਸਲੀ ਕਾਰਨ ਲੋਕ ਭਲਾਈ ਸਕੀਮਾਂ ਉੱਤੇ ਵਧਦਾ ਖਰਚਾ ਹੈ। ਚਾਹੇ ਡੈਮੋਕ੍ਰੇਟ ਪੱਖੀ ਮੀਡੀਆ ਹੋਵੇ ਭਾਵੇਂ ਰਿਪਬਲਿਕਨ ਪਾਰਟੀ ਪੱਖੀ ਜਾਂ ਅਖੌਤੀ ਨਿਰਪੱਖ ਮੀਡੀਆ, ਇਹਨਾਂ ਸਾਰਿਆਂ ਨੇ ਹੀ ਅਮਰੀਕਾ ਦੀ ਲੋਕਾਈ ਨੂੰ ਮੁਫ਼ਤਖੋਰ ਕਹਿ ਕੇ ਭੰਡਦਿਆਂ ਉਹਨਾਂ ਨੂੰ ਸਰਕਾਰੀ ਖਜ਼ਾਨੇ ਸਿਰ ਬੋਝ ਦੱਸਿਆ ਹੈ।

ਦੁਨੀਆਂ ਭਰ ਦੀਆਂ ਸਰਕਾਰਾਂ ਆਰਥਿਕ ਮੰਦਵਾੜੇ ਅਤੇ ਸੰਕਟ ਦੇ ਬੋਝ ਨੂੰ ਲੋਕਾਂ ਸਿਰ ਸੁੱਟਣ ਦੀਆਂ ਕੋਸ਼ਿਸ਼ਾਂ ਵਿੱਚ ਰੁੱਝੀਆਂ ਹੋਈਆਂ ਹਨ ।ਅਮਰੀਕੀ ਸਰਕਾਰ ਨੇ ਨਾ ਤਾਂ ਕਾਰਪੋਰੇਟਾਂ ਉੱਤੇ ਟੈਕਸ ਵਧਾਉਣ ਦੀ ਗੱਲ ਕੀਤੀ ਹੈ ਤੇ ਨਾ ਹੀ ਫੌਜੀ ਖਰਚੇ ਘਟਾਉਣ ਬਾਰੇ ਕੋਈ ਚਰਚਾ ਛੇੜੀ ਹੈ। ਸਰਕਾਰਾਂ ਅਜਾਰੇਦਾਰ ਸਰਮਾਏਦਾਰਾਂ ਦਾ ਮੁਨਾਫ਼ਾ ਸੁਰੱਖਿਅਤ ਰੱਖਣ ਲਈ ਲੋਕਾਈ ਦੇ ਲਹੂ ਦਾ ਆਖਰੀ ਤੁਪਕਾ ਤੱਕ ਨਿਚੋੜਨ ਤੋਂ ਪਿੱਛੇ ਨਹੀਂ ਹਟਣਗੀਆਂ।

# ਅਮਰੀਕਾ ਵਿੱਚ ਲੰਬੇ ਸਮੇ ਤੋਂ ਲੱਖਾਂ ਭਾਰਤੀ ਗਰੀਨ ਕਾਰਡ ਦੀ ਉਡੀਕ ਵਿੱਚ

### ਪ੍ਰਤੀ ਦੇਸ਼ ਨਿਰਧਾਰਤ ਸੀਮਾ ਕਾਰਨ ਪੈਦਾ ਹੋਈ ਸਮੱਸਿਆ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਵਿੱਚ ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਪਿਛਲੇ ਲੰਬੇ ਸਮੇਂ ਤੋਂ ਉਨ੍ਹਾਂ ਲੱਖਾਂ ਭਾਰਤੀਆਂ ਦੀਆਂ ਆਸਾਂ ਉੱਤੇ ਖਰੀ ਨਹੀਂ ਉੱਤਰੀ ਜੋ ਗਰੀਨ ਕਾਰਡ ਦੀ ਉਡੀਕ ਵਿੱਚ ਹਨ।10 ਲੱਖ ਤੋਂ ਵਧ ਭਾਰਤੀ ਜਿਨ੍ਹਾਂ ਵਿੱਚ ਉੱਚ ਪੱਧਰ ਦੇ ਹੁਨਰਮੰਦ ਪੇਸ਼ਾਵਰ ਲੋਕ ਸ਼ਾਮਿਲ ਹਨ, ਦਹਾਕਿਆਂ ਤੋਂ ਗਰੀਨ ਕਾਰਡ ਦੀ ਉਡੀਕ ਵਿੱਚ ਹਨ।



ਇਹ ਸਮੱਸਿਆ ਹਰ ਦੇਸ਼ ਲਈ ਨਿਰਧਾਰਤ ਹੱਦ ਤੇ ਗਰੀਨ ਕਾਰਡਾਂ ਦਾ ਸਲਾਨਾ ਕੋਟਾ ਘੱਟ ਹੋਣ ਕਾਰਨ ਪੈਦਾ ਹੋਈ ਹੈ। ਫਾਰਬਸ ਮੈਗਜ਼ੀਨ ਦੀ ਰਿਪੋਰਟ ਅਨੁਸਾਰ 12 ਲੱਖ ਭਾਰਤੀ ਜਿਨ੍ਹਾਂ ਵਿੱਚ ਉਨ੍ਹਾਂ ਦੇ ਆਸ਼ਰਤ ਵੀ ਸ਼ਾਮਿਲ ਹਨ, ਰੁਜ਼ਗਾਰ ਅਧਾਰਤ ਪਹਿਲੀ, ਦੂਜੀ ਤੇ ਤੀਸਰੀ ਗਰੀਨ ਕਾਰਡ ਸ਼੍ਰੇਣੀ ਵਿੱਚ ਗਰੀਨ ਕਾਰਡਾਂ ਦੀ ਉਡੀਕ ਵਿੱਚ ਹਨ।ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਨਾਲ ਸਬੰਧਤ ਨੈਸ਼ਨਲ ਫਾਊਂਡੇਸ਼ਨ ਫਾਰ ਅਮੈਰੀਕਨ ਪਾਲਸੀ ਅਨੁਸਾਰ ਪਹਿਲੀ ਤਰਜੀਹੀ ਸ਼੍ਰੇਣੀ ਜਿਸ ਨੂੰ ਈ ਬੀ-1 ਵੀ ਕਿਹਾ ਜਾਂਦਾ ਹੈ, ਵਿੱਚ ਕੁਲ 143497 ਭਾਰਤੀਆਂ ਨੂੰ ਗਰੀਨ ਕਾਰਡ ਨਹੀਂ ਮਿਲਿਆ। ਇਸ ਸ਼੍ਰੇਣੀ ਵਿੱਚ ਅਸਧਾਰਨ ਸਮਰਥਾ ਵਾਲੇ ਪ੍ਰੋਫੈਸਰ, ਖੋਜੀ ਤੇ ਬਹੁ ਰਾਸ਼ਟਰੀ ਅਧਿਕਾਰੀ ਜਾਂ ਮੈਨੇਜਰ ਸ਼ਾਮਿਲ ਹਨ। ਰੁਜ਼ਗਾਰ ਅਧਾਰਤ ਦੂਸਰੀ ਤਰਜੀਹੀ ਸ਼੍ਰੇਣੀ ਜਿਸ ਨੂੰ ਈ ਬੀ-2 ਵੀ ਕਿਹਾ ਜਾਂਦਾ ਹੈ, ਵਿੱਚ 419392 ਭਾਰਤੀ ਤੇ ਏਨੇ ਹੀ ਉਨ੍ਹਾਂ 'ਤੇ ਨਿਰਭਰ ਭਾਰਤੀ ਸ਼ਾਮਿਲ ਹਨ । ਕੁਲ ਮਿਲਾ ਕੇ ਇਸ ਸ਼੍ਰੇਣੀ ਵਿੱਚ 838784 ਭਾਰਤੀਆਂ ਨੂੰ ਗਰੀਨ ਕਾਰਡ ਦੀ ਉਡੀਕ ਹੈ। ਇਸ ਸ਼੍ਰੇਣੀ ਵਿੱਚ ਐਡਵਾਂਸ ਡਿਗਰੀ ਵਾਲੇ ਤੇ ਸਾਇੰਸ,ਆਰਟਸ ਤੇ ਬਿਜਨਸ ਵਿੱਚ ਵਿਸ਼ੇਸ਼ ਮੁਹਾਰਤ ਰਖਣ ਵਾਲੇ ਲੋਕ ਸ਼ਾਮਿਲ ਹਨ। ਰੁਜ਼ਗਾਰ ਅਧਾਰਤ ਤੀਸਰੀ ਤਰਜੀਹੀ ਸ਼੍ਰੇਣੀ ਵਿੱਚ 138581 ਭਾਰਤੀ ਸ਼ਾਮਿਲ ਹਨ, ਜੋ ਗਰੀਨ ਕਾਰਡ ਦੀ ਉਡੀਕ ਵਿੱਚ ਹਨ। ਯੂ ਐਸ ਸਿਟੀਜ਼ਨ ਐਂਡ ਇਮੀਗ੍ਰੇਸ਼ਨ ਸਰਵਿਸਜ ਦੇ 2020 ਦੇ ਅੰਕੜਿਆਂ ਅਨੁਸਾਰ ਈ ਬੀ-2 ਸ਼੍ਰੇਣੀ ਵਿੱਚ ਭਾਰਤੀਆਂ, ਜਿਨ੍ਹਾਂ ਨੂੰ ਗਰੀਨ ਕਾਰਡ ਨਹੀਂ ਮਿਲਿਆ, ਦੀ ਗਿਣਤੀ ਵਿੱਚ ਪਿਛਲੇ 3 ਸਾਲਾਂ ਦੌਰਾਨ 40% ਵਾਧਾ ਹੋਇਆ ਸੀ।

# ਭਾਰਤੀ-ਅਮਰੀਕੀ ਰਾਜਪਾਲ ਬਾਠ ਨਿਊਜਰਸੀ ਇੰਡੀਆ ਕਮਿਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਨਿਯੁਕਤ

ਨਿਊਜਰਸੀ/ਏ.ਟੀ.ਨਿਊਜ਼ : ਨਿਊਜਰਸੀ ਸੂਬੇ ਦੇ ਗਵਰਨਰ ਫਿਲ ਮਰਫੀ ਅਤੇ ਲੈਫਟੀਨੈਂਟ ਗਵਰਨਰ ਤਾਹੇਸ਼ਾ ਵੇਅ ਨੇ ਭਾਰਤੀ ਮੂਲ ਦੇ ਰਾਜਪਾਲ ਬਾਠ ਨੂੰ ਨਿਊਜਰਸੀ ਇੰਡੀਆ ਕਮਿਸ਼ਨ ਦਾ ਕਾਰਜਕਾਰੀ ਨਿਰਦੇਸ਼ਕ ਨਿਯੁਕਤ ਕੀਤਾ ਹੈ। ਇਸ ਨਵੇਂ ਬਣੇ ਕਮਿਸ਼ਨ ਦਾ ਉਦੇਸ਼ ਦੁਵੱਲੇ ਵਪਾਰ ਅਤੇ ਨਿਵੇਸ਼ ਨੂੰ ਵਧਾ ਕੇ ਨਿਊਜਰਸੀ ਅਤੇ ਭਾਰਤ ਵਿਚਕਾਰ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਗਵਰਨਰ ਮਰਫੀ ਨੇ ਕਿਹਾ ਕਿ ਭਾਈਚਾਰਕ ਰੁਝੇਵਿਆਂ ਅਤੇ ਵਕਾਲਤ ਵਿੱਚ ਇੱਕ ਮਜ਼ਬੂਤ ਪਿਛੋਕੜ ਦੇ ਨਾਲ, ਰਾਜਪਾਲ ਬਾਠ ਇਸ ਅਹੁਦੇ ਲਈ ਮਹੱਤਵਪੂਰਨ ਭੂਮਿਕਾ ਨਿਭਾਉਣਗੇ ਅਤੇ ਮੈਂ ਬਾਠ ਨੂੰ ਨਿਊਜਰਸੀ ਇੰਡੀਆ ਕਮਿਸ਼ਨ ਦਾ ਕਾਰਜਕਾਰੀ ਨਿਰਦੇਸ਼ਕ ਨਿਯੁਕਤ ਕਰਕੇ ਬਹੁਤ ਖੁਸ਼ ਹਾਂ। ਉਨ੍ਹਾਂ ਦਾ ਸਮਰਪਣ ਬਿਨਾਂ ਸ਼ੱਕ ਸਾਡੇ ਰਾਜ ਨੂੰ ਲਾਭ ਪਹੁੰਚਾਏਗਾ। ਮਰਫੀ ਨੇ ਅੱਗੇ ਕਿਹਾ ਕਿ ਨਿਊਜਰਸੀ ਸੂਬੇ 'ਚ ਭਾਰਤੀ-ਅਮਰੀਕੀਆਂ ਦੀ ਲਗਾਤਾਰ ਵਧ ਰਹੀ ਹੈ। ਕਮਿਸ਼ਨ ਦਾ ਉਦੇਸ਼ ਨਿਊ ਜਰਸੀ ਅਤੇ ਭਾਰਤ ਵਿਚਕਾਰ ਸੱਭਿਆਚਾਰਕ ਅਤੇ ਵਿਦਿਅਕ ਅਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨਾ ਅਤੇ ਸਥਾਈ ਲੰਬੇ ਸਮੇਂ ਦੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ।ਨਿਊਜਰਸੀ ਦੀ ਲੈਫਟੀਨੈਂਟ ਗਵਰਨਰ ਤਾਹੇਸ਼ਾ ਵੇਅ



ਨੇ ਕਿਹਾ ਕਿ ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਸਕਾਰਾਤਮਕ ਤਬਦੀਲੀ ਲਿਆਉਣ ਲਈ ਰਾਜ ਦੀ ਵਚਨਬੱਧਤਾ ਰਾਜਪਾਲ ਬਾਠ ਨੂੰ ਇਸ ਅਹੁਦੇ ਲਈ ਆਦਰਸ਼ ਨੇਤਾ ਬਣਾਉਂਦੀ ਹੈ। ਮੈਂ ਕਮਿਸ਼ਨ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰਦਾ ਹਾਂ। ਨਿਊਜਰਸੀ-ਇੰਡੀਆ ਕਮਿਸ਼ਨ ਦੀ ਚੇਅਰ ਵੇਸ ਮੈਥਿਊਜ਼ ਨੇ ਕਿਹਾ ਕਿ ਨਿਊ ਜਰਸੀ ਇੰਡੀਆ ਕਮਿਸ਼ਨ ਨੂੰ ਰਾਜਪਾਲ ਬਾਠ ਦੀ ਅਗਵਾਈ ਵਿੱਚ ਬਹੁਤ ਮਾਣ ਮਹਿਸੂਸ ਹੋਇਆ ਹੈ। ਉਨ੍ਹਾਂ ਦੀ ਅਗਵਾਈ ਭਾਰਤੀ ਭਾਈਚਾਰੇ ਨਾਲ ਸਾਡੇ ਸਬੰਧਾਂ ਨੂੰ ਅਤੇ ਸੱਭਿਆਚਾਰਕ ਵਟਾਂਦਰੇ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਨਿਊਜਰਸੀ-ਇੰਡੀਆ ਕਮਿਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਬਣੇ ਰਾਜ ਬਾਠ ਨੇ ਕਿਹਾ ਕਿ ਮੈਂ ਗਵਰਨਰ ਮਰਫੀ, ਲੈਫਟੀਨੈਂਟ ਗਵਰਨਰ ਵੇਅ ਅਤੇ ਚੇਅਰ ਮੈਥਿਊਜ਼ ਦਾ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪਣ ਲਈ ਤਹਿ ਦਿਲੋਂ ਧੰਨਵਾਦੀ ਹਾਂ। ਮੈਂ ਸਾਡੇ ਵਿਭਿੰਨ ਭਾਈਚਾਰਿਆਂ ਦੀ ਸੇਵਾ ਕਰਨ ਲਈ ਉਤਸੁਕ ਹਾਂ।

# ਕੈਨੇਡਾ 'ਚ 22 ਮਿਲੀਅਨ ਡਾਲਰ ਦੀ ਸੋਨੇ ਦੀ ਸਭ ਤੋਂ ਵੱਡੀ ਲੁੱਟ ਦੀ ਨਕਦੀ ਲੁੱਟਣ ਵਾਲੇ 6 ਗ੍ਰਿਫ਼ਤਾਰ

ਟੋਰਾਂਟੋ/ਏ.ਟੀ.ਨਿਊਜ਼ : ਬੀਤੇ ਦਿਨ ਕੈਨੇਡੀਅਨ ਦੇ ਇਤਿਹਾਸ ਦੀ ਸਭ ਤੋਂ ਵੱਡੀ ਚੋਰੀ ਵਿੱਚ ਦੋ ਭਾਰਤੀ ਮੂਲ ਦੇ ਵਿਅਕਤੀ ਵੀ ਸ਼ਾਮਲ ਸਨ। ਇਸ ਮਾਮਲੇ ਵਿੱਚ ਕੁੱਲ 6 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਅਪ੍ਰੈਲ 2023 ਵਿੱਚ, ਟੋਰਾਂਟੋ ਦੇ ਮੁੱਖ ਹਵਾਈ ਅੱਡੇ 'ਤੇ ਇੱਕ ਸਟੋਰੇਜ ਸਹੂਲਤ ਤੋਂ 22 ਮਿਲੀਅਨ ਕੈਨੇਡੀਅਨ ਡਾਲਰ ਮੁੱਲ ਦਾ ਸੋਨਾ ਲੁੱਟਿਆ ਗਿਆ ਸੀ। ਪੁਲਿਸ ਨੇ ਬੀਤੇਂ ਦਿਨ ਬੁੱਧਵਾਰ ਨੂੰ ਇਸ ਮਾਮਲੇ 'ਚ 6 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਕੈਨੇਡੀਅਨ ਇਤਿਹਾਸ ਦੀ ਸਭ ਤੋਂ ਵੱਡੀ ਡਕੈਤੀ ਵਿੱਚ ਦੋ ਭਾਰਤੀ ਮੂਲ ਦੇ ਲੋਕਾਂ ਸਮੇਤ ਕੁੱਲ ਛੇ ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਹਨ। ਜਾਣਕਾਰੀ ਦੇ ਅਨੁਸਾਰ ਅਪ੍ਰੈਲ 2023 'ਚ ਹੋਈ ਇਸ ਲੁੱਟ 'ਚ ਲੁਟੇਰੇ ਸੋਨੇ ਦੀਆਂ ਬਾਰਾਂ ਅਤੇ ਵਿਦੇਸ਼ੀ ਕਰੰਸੀ ਨਾਲ ਭਰਿਆ ਪੂਰਾ ਡੱਬਾ ਉਡਾ ਕੇ ਹੀ ਲੈ ਗਏ ਸਨ।ਕੈਨੇਡੀਅਨ ਪੁਲਿਸ ਨੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਨੂੰ ਫੜਨ ਲਈ ਦੂਜੇ ਦੇਸ਼ਾਂ ਦੀ ਪੁਲਿਸ ਦੀ ਵੀ ਮਦਦ ਕੀਤੀ।ਇੱਕ ਸਟੋਰੇਜ ਸਹੂਲਤ ਵਿੱਚ, ਲੁਟੇਰਿਆਂ ਨੇ 22 ਮਿਲੀਅਨ ਕੈਨੇਡੀਅਨ ਡਾਲਰ ਦੀ ਕੀਮਤ ਦੇ ਨਾਲ, ਸੋਨੇ ਦੀਆਂ ਬਾਰਾਂ ਅਤੇ (ਬਾਕੀ ਸਫ਼ਾ 30 'ਤੇ)



# ਗਰਮ ਹਵਾਵਾਂ ਨਾਲ ਕਰੋੜਾਂ ਬੱਚਿਆਂ ਦੀ ਜਾ ਸਕਦੀ ਹੈ ਜਾਨ

## ਸੰਯੁਕਤ ਰਾਸ਼ਟਰ ਚਿਲਡਰਨ ਫੰਡ ਨੇ ਇੱਕ ਤਾਜ਼ਾ ਰਿਪੋਰਟ ਵਿੱਚ ਕੀਤਾ ਖ਼ੁਲਾਸਾ

ਜਲੰਧਰ/ਏ.ਟੀ.ਨਿਊਜ਼: ਵਾਤਾਵਰਣ ਵਿੱਚ ਤਬਦੀਲੀਆਂ ਤੇ ਸਾਲ ਦਰ ਸਾਲ ਵਧ ਰਹੇ ਤਾਪਮਾਨ ਨੂੰ ਸਿਹਤ ਲਈ ਬਹੁਤ ਹਾਨੀਕਾਰਕ ਮੰਨਿਆ ਜਾ ਰਿਹਾ ਹੈ। ਸੰਯੁਕਤ ਰਾਸ਼ਟਰ ਚਿਲਡਰਨ ਫੰਡ (ਯੂਨੀਸੇਫ) ਨੇ ਇੱਕ ਤਾਜ਼ਾ ਰਿਪੋਰਟ ਵਿੱਚ ਵਧਦੀ ਗਰਮੀ ਦੀ ਲਹਿਰ ਬਾਰੇ ਚਿਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਗਰਮੀ ਦੀ ਲਹਿਰ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਘਾਤਕ ਮਾੜੇ ਪ੍ਰਭਾਵਾਂ ਦਾ ਕਾਰਨ ਬਣ ਸਕਦੀ ਹੈ। ਇਸ ਦਾ ਸਭ ਤੋਂ ਮਾੜਾ ਅਸਰ ਬੱਚਿਆਂ ਦੀ ਸਿਹਤ 'ਤੇ ਦੇਖਣ ਨੂੰ ਮਿਲ ਰਿਹਾ ਹੈ। ਏਨਾ ਹੀ ਨਹੀਂ ਪੂਰਬੀ ਏਸ਼ੀਆ ਤੇ ਪ੍ਰਸ਼ਾਂਤ ਦੇ ਦੇਸ਼ਾਂ ਵਿੱਚ ਵਧਦੀ ਗਰਮੀ ਕਾਰਨ ਕਰੋੜਾਂ ਬੱਚਿਆਂ ਦੀ ਜਾਨ ਖ਼ਤਰੇ ਵਿੱਚ ਹੈ। ਇਹ ਦੁਨੀਆਂ ਦੇ ਉਹ ਹਿੱਸੇ ਹਨ ਜਿੱਥੇ ਹੀਟਵੇਵ ਅਤੇ ਵਧਦੇ ਤਾਪਮਾਨ ਦਾ ਸਭ ਤੋਂ ਜ਼ਿਆਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਦੇਸ਼ਾਂ ਵਿੱਚ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਰਹਿੰਦਾ ਹੈ ਅਤੇ ਇਹ ਸਮੇਂ ਦੇ ਨਾਲ ਵਧਦਾ ਵੀ ਜਾਂਦਾ ਹੈ। ਇੰਨਾ ਹੀ ਨਹੀਂ, ਮਾਹਿਰਾਂ ਦਾ ਅਨੁਮਾਨ ਹੈ ਕਿ ਸਾਲ 2024 ਸਭ ਤੋਂ ਗਰਮ ਸਾਲ ਵੀ ਹੋ ਸਕਦਾ ਹੈ। ਸਿਹਤ ਮਾਹਿਰਾਂ ਨੇ ਏਸ਼ੀਆਈ ਦੇਸ਼ਾਂ ਖਾਸ ਕਰਕੇ ਭਾਰਤ ਵਿੱਚ ਵੱਧ ਰਹੀ ਗਰਮੀ ਨੂੰ ਲੈ ਕੇ ਸਾਰਿਆਂ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ।

ਭਾਰਤ ਵਿੱਚ ਪਿਛਲੇ ਇੱਕ ਮਹੀਨੇ ਵਿੱਚ ਤਾਪਮਾਨ ਵਿੱਚ ਤੇਜ਼ੀ ਨਾਲ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਕੇਂਦਰੀ ਸਿਹਤ ਮੰਤਰਾਲੇ ਨੇ ਮਾਹਿਰਾਂ ਨਾਲ ਮੀਟਿੰਗ ਕਰਕੇ ਇਸ ਬਾਰੇ ਰਣਨੀਤੀ ਤੈਅ ਕੀਤੀ ਹੈ ਕਿ ਗਰਮੀ ਕਾਰਨ ਸਿਹਤ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ।

### ਸਿਹਤ ਮਾਹਿਰਾਂ ਨੇ ਲੀਵਰ ਖ਼ਰਾਬ ਹੋਣ ਦੇ ਖ਼ਤਰੇ ਨੂੰ ਲੈ ਕੇ ਦਿੱਤੀ ਚਿਤਾਵਨੀ



ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਗਰਮੀ ਦੇ ਸੰਪਰਕ ਵਿੱਚ ਆਉਣ ਨਾਲ ਕਈ ਤਰ੍ਹਾਂ ਦੇ ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਲਈ ਸਿਹਤ ਖ਼ਤਰੇ ਹੋ ਸਕਦੇ ਹਨ। ਇਸ ਕਾਰਨ ਹਰ ਸਾਲ ਲੋਕਾਂ ਵਿੱਚ ਬੇਹੋਸ਼ੀ, ਹੀਟ ਸਟ੍ਰੋਕ, ਚਮੜੀ ਦੀਆਂ ਸਮੱਸਿਆਵਾਂ ਅਤੇ ਬਲੱਡ ਪ੍ਰੈੱਸ਼ਰ ਦਾ ਖਤਰਾ ਵੀ ਵਧ ਜਾਂਦਾ ਹੈ। ਹੀਟ ਸਟ੍ਰੋਕ ਦੀ ਸਥਿਤੀ ਵਿੱਚ, ਸਾਡਾ ਸਰੀਰ ਤਾਪਮਾਨ ਨੂੰ ਨਿਯੰਤਰਿਤ ਕਰਨ ਦੀ ਸਮਰੱਥਾ ਗੁਆ ਦਿੰਦਾ ਹੈ, ਜਿਸ ਨਾਲ ਕਈ ਗੰਭੀਰ ਸਿਹਤ ਖ਼ਤਰੇ ਵੀ ਹੋ ਸਕਦੇ ਹਨ।

**ਵਧ ਸਕਦੀਆਂ ਹਨ ਲੀਵਰ ਦੀਆਂ ਸਮੱਸਿਆਵਾਂ**

ਕੁਝ ਅਧਿਐਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਗਰਮੀ ਦੀਆਂ ਲਹਿਰਾਂ ਜਾਂ ਗਰਮੀ ਦੇ ਬਹੁਤ ਜ਼ਿਆਦਾ ਸੰਪਰਕ ਕਿਡਨੀ ਅਤੇ ਲੀਵਰ ਵਰਗੇ ਮਹੱਤਵਪੂਰਣ ਅੰਗਾਂ ਨੂੰ ਗੰਭੀਰ ਨੁਕਸਾਨ ਪਹੁੰਚਾਉਂਦੇ ਹਨ। ਗੰਭੀਰ ਸਥਿਤੀਆਂ ਵਿੱਚ, ਇਹ ਜਿਗਰ ਦੀ ਸੱਟ ਅਤੇ ਇੱਥੋਂ ਤੱਕ ਕਿ ਜਿਗਰ ਫੇਲ੍ਹ ਹੋਣ ਦੇ ਜੋਖਮ ਨੂੰ ਵਧਾਉਂਦਾ ਹੈ।

ਮਾਹਿਰਾਂ ਨੇ ਕਿਹਾ ਕਿ ਨੌਜਵਾਨ ਆਬਾਦੀ ਹੀਟਵੇਵ ਦਾ ਸਭ ਤੋਂ ਵੱਧ ਸ਼ਿਕਾਰ ਹੋ ਰਹੀ ਹੈ। ਕੁਝ ਲੋਕਾਂ ਵਿੱਚ, ਗਰਮੀ ਦੀਆਂ ਲਹਿਰਾਂ ਗੁਰਦੇ ਦੀ ਸੱਟ, ਲੈਕਟਿਕ ਐਸਿਡੋਸਿਸ (ਖ਼ੂਨ ਦੇ ਪ੍ਰਵਾਹ ਵਿੱਚ ਲੈਕਟਿਕ ਐਸਿਡ ਦਾ ਨਿਰਮਾਣ), ਥ੍ਰੋਮਬੋਸਾਈਟੋਪੀਨੀਆ (ਖ਼ੂਨ ਵਿੱਚ ਪਲੇਟਲੈਟ ਦੀ ਘੱਟ ਗਿਣਤੀ) ਅਤੇ ਰਬਡੋਮਾਈਲਿਸਿਸ (ਮਾਸਪੇਸ਼ੀ ਟਿਸ਼ੂ ਦੇ ਟੁੱਟਣ ਤੋਂ ਜਾਰੀ ਨੁਕਸਾਨਦੇਹ ਪ੍ਰੋਟੀਨ) ਦਾ ਕਾਰਨ ਵੀ ਬਣ ਸਕਦੀਆਂ ਹਨ।

ਡਾਕਟਰਾਂ ਦਾ ਕਹਿਣਾ ਹੈ ਕਿ ਸਮੇਂ ਦੇ ਨਾਲ ਵਧਦੀ ਗਰਮੀ ਅਤੇ ਸਰੀਰ 'ਤੇ ਇਸ ਦੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ ਸਰੀਰ ਨੂੰ ਹਾਈਡਰੇਟ ਰੱਖਣਾ ਸਭ ਤੋਂ ਜ਼ਰੂਰੀ ਹੈ। ਸਰੀਰ ਦਾ ਤਾਪਮਾਨ ਵਧਣ ਤੋਂ ਰੋਕਣ ਲਈ ਉਪਾਅ ਕੀਤੇ ਜਾਣੇ ਚਾਹੀਦੇ ਹਨ। ਦਿਨ ਵੇਲੇ ਘਰ ਤੋਂ ਬਾਹਰ ਨਿਕਲਣ ਤੋਂ ਪਰਹੇਜ਼ ਕਰੋ, ਜ਼ਿਆਦਾ ਤਰਲ ਪਦਾਰਥ ਪੀਂਦੇ ਰਹੋ। ਇਸ ਤੋਂ ਇਲਾਵਾ ਜਿਨ੍ਹਾਂ ਲੋਕਾਂ ਨੂੰ ਪਹਿਲਾਂ ਹੀ ਸ਼ੂਗਰ, ਕਿਡਨੀ-ਲਿਵਰ ਜਾਂ ਬਲੱਡ ਪ੍ਰੈੱਸ਼ਰ ਦੀ ਸਮੱਸਿਆ ਹੈ, ਉਨ੍ਹਾਂ ਨੂੰ ਜ਼ਿਆਦਾ ਸਾਵਧਾਨ ਰਹਿਣ ਦੀ ਲੋੜ ਹੈ। ਬਹੁਤ ਜ਼ਿਆਦਾ ਗਰਮੀ ਸਰੀਰ 'ਤੇ ਕਈ ਗੰਭੀਰ ਮਾੜੇ ਪ੍ਰਭਾਵ ਪੈਦਾ ਕਰ ਸਕਦੀ ਹੈ।

## ਭਾਰਤ ਦੀ ਅੰਦਾਜ਼ਨ ਆਬਾਦੀ 144 ਕਰੋੜ : ਯੂ.ਐੱਨ.ਐਫ.ਪੀ.ਏ.

ਨਵੀਂ ਦਿੱਲੀ/ਏ.ਟੀ.ਨਿਊਜ਼ : ਸੰਯੁਕਤ ਰਾਸ਼ਟਰ ਆਬਾਦੀ ਫੰਡ (ਯੂ.ਐੱਨ. ਐੱਫ. ਪੀ. ਏ.) ਦੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਦੀ ਅੰਦਾਜ਼ਨ ਆਬਾਦੀ 144 ਕਰੋੜ ਹੋ ਚੁੱਕੀ ਹੈ, ਜਿਸ ਵਿੱਚ 24 ਫੀਸਦੀ ਲੋਕ 0 ਤੋਂ 14 ਸਾਲ ਦੇ ਉਮਰ ਵਰਗ ਦੇ ਹਨ। ਯੂ. ਐੱਨ. ਐੱਫ. ਪੀ. ਏ. ਦੀ ਵਿਸ਼ਵ ਆਬਾਦੀ 2024 ਰਿਪੋਰਟ 'ਇੰਟਰਵੋਵਨ ਲਾਈਵਜ਼, ਥ੍ਰੈਡਸ ਆਫ ਹੋਪ : ਐਂਡਿੰਗ ਇਨਇਕਵੈਲਿਟੀਜ਼ ਇਨ ਸੈਕਸੁਅਲ ਐਂਡ



ਰਿਪ੍ਰੋਡਕਟਿਵ ਹੈਲਥ ਐਂਡ ਰਾਈਟ' 'ਚ ਅਨੁਮਾਨ ਲਾਇਆ ਗਿਆ ਹੈ ਕਿ ਭਾਰਤ ਦੀ ਆਬਾਦੀ 77 ਸਾਲਾਂ 'ਚ ਦੁੱਗਣੀ ਹੋ ਜਾਵੇਗੀ। ਰਿਪੋਰਟ ਮੁਤਾਬਕ ਭਾਰਤ 144.17 ਕਰੋੜ ਦੀ ਅੰਦਾਜ਼ਨ ਆਬਾਦੀ ਦੇ ਨਾਲ ਵਿਸ਼ਵ ਪੱਧਰ 'ਤੇ ਸਭ ਤੋਂ ਅੱਗੇ ਹੈ, ਜਦੋਂਕਿ ਚੀਨ ਦੂਜੇ ਨੰਬਰ 'ਤੇ ਹੈ। ਉੱਥੇ 142.5 ਕਰੋੜ ਦੀ ਆਬਾਦੀ ਹੈ। ਭਾਰਤ ਵਿੱਚ ਸਾਲ 2011 'ਚ ਕੀਤੀ ਗਈ ਮਰਦਮਸ਼ੁਮਾਰੀ ਦੌਰਾਨ ਇੱਥੇ 121 ਕਰੋੜ ਆਬਾਦੀ ਸੀ। ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਭਾਰਤ ਦੀ ਲਗਭਗ 24 ਫੀਸਦੀ ਆਬਾਦੀ 0-14 ਸਾਲ ਦੀ ਹੈ, ਜਦੋਂਕਿ 17 ਫੀਸਦੀ 10-19 ਸਾਲ ਦੇ ਵਿਚਕਾਰ ਦੀ ਹੈ।

(ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**










## ਮਾਮਲਾ ਮੋਦੀ ਵੱਲੋਂ ਮੁਸਲਮਾਨ ਭਾਈਚਾਰੇ ਖ਼ਿਲਾਫ਼ ਟਿੱਪਣੀਆਂ ਦਾ

# ਚੋਣ ਕਮਿਸ਼ਨ ਕੋਲ ਪਹੁੰਚ ਕੇ ਕਾਂਗਰਸ ਨੇ ਕਾਰਵਾਈ ਦੀ ਕੀਤੀ ਮੰਗ

## ਖੜਗੇ ਨੇ ਚੋਣ ਮਨੋਰਥ ਪੱਤਰ ਬਾਰੇ ਸਮਝਾਉਣ ਲਈ ਮੋਦੀ ਨੂੰ ਮਿਲਣ ਦੀ ਇੱਛਾ ਪ੍ਰਗਟਾਈ

ਬੀਤੇ ਦਿਨੀਂ ਪ੍ਰਧਾਨ ਮੰਤਰੀ ਮੋਦੀ ਨੇ ਰਾਜਸਥਾਨ ਵਿੱਚ ਇੱਕ ਚੋਣ ਰੈਲੀ ਦੌਰਾਨ ਆਪਣੇ ਭਾਸ਼ਣ ਵਿੱਚ ਕਾਂਗਰਸ ਦੇ ਮੈਨੀਫੈਸਟੋ ਨੂੰ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਕਾਂਗਰਸ ਪਾਰਟੀ ਦੇਸ਼ ਦੀਆਂ ਔਰਤਾਂ ਦੇ ਸੋਨੇ ਦਾ ਹਿਸਾਬ ਕਰਕੇ ਉਸ ਨੂੰ ਵੰਡਣਾ ਚਾਹੁੰਦੀ ਹੈ। ਉਨ੍ਹਾਂ ਅੱਗੇ ਕਿਹਾ ਸੀ ਕਿ ਇਹ ਕਾਂਗਰਸ ਦਾ ਮੈਨੀਫੈਸਟੋ ਕਹਿ ਰਿਹਾ ਹੈ ਕਿ ਉਹ ਮਾਵਾਂ ਭੈਣਾਂ ਦੇ ਸੋਨੇ ਦਾ ਹਿਸਾਬ ਕਰਨਗੇ, ਉਸ ਦੀ ਜਾਣਕਾਰੀ ਲੈਣਗੇ ਅਤੇ ਫਿਰ ਵੰਡ ਦੇਣਗੇ ਅਤੇ ਉਨ੍ਹਾਂ ਨੂੰ ਵੰਡਣਗੇ ਜਿਨ੍ਹਾਂ ਨੂੰ ਮਨਮੋਹਨ ਸਿੰਘ ਦੀ ਸਰਕਾਰ ਨੇ ਕਿਹਾ ਸੀ ਕਿ ਜਾਇਦਾਦ ਉੱਤੇ ਪਹਿਲਾ ਹੱਕ ਮੁਸਲਮਾਨਾਂ ਦਾ ਹੈ। ਭਰਾਵੋ ਅਤੇ ਭੈਣੋਂ ਇਹ ਅਰਬਨ ਨਕਸਲ ਦੀ ਸੋਚ, ਮੇਰੀ ਮਾਂ-ਭੈਣੋਂ ਇਹ ਤੁਹਾਡਾ ਮੰਗਲਸੂਤਰ ਵੀ ਬਚਣ ਨਹੀਂ ਦੇਣਗੇ, ਇਹ ਇੱਥੇ ਤੱਕ ਜਾਣਗੇ। ਕਾਂਗਰਸ ਨੇ ਇਸ ਨੂੰ ਮੁਸਲਮਾਨ ਭਾਈਚਾਰੇ ਨਾਲ ਜੋੜਕੇ ਦੇਖਿਆ ਹੈ ਤੇ ਮੋਦੀ ਦੇ ਭਾਸ਼ਣ ਨੂੰ ਮੁਸਲਮਾਨਾਂ ਵਿਰੁੱਧ ਦਸਿਆ ਹੈ। ਮੋਦੀ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ 2006 ਵਿੱਚ ਰਾਸ਼ਟਰੀ ਵਿਕਾਸ ਪਰਿਸ਼ਦ(ਐੱਨਡੀਸੀ) ਦੀ ਬੈਠਕ ਵਿੱਚ ਦਿਤੇ ਭਾਸ਼ਣ ਦਾ ਹਵਾਲਾ ਦੇ ਰਹੇ ਸਨ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਦੇਸ਼ ਦੇ ਸਰੋਤਾਂ 'ਤੇ ਘੱਟ ਗਿਣਤੀ ਭਾਈਚਾਰੇ ਦਾ ਪਹਿਲਾ ਅਧਿਕਾਰ ਹੈ। ਡਾਕਟਰ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਅਨੁਸੂਚਿਤ ਜਾਤਾਂ ਅਤੇ ਜਨਜਾਤੀਆਂ ਨੂੰ ਮਜ਼ਬੂਤ ਬਣਾਉਣ ਦੀ ਲੋੜ ਹੈ ਸਾਨੂੰ



ਕਈ ਨਵੀਆਂ ਯੋਜਨਾਵਾਂ ਲਿਆ ਕੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਘੱਟਗਿਣਤੀਆਂ ਦਾ ਅਤੇ ਖ਼ਾਸ ਕਰਕੇ ਮੁਸਲਮਾਨਾਂ ਨੂੰ ਵੀ ਉੱਪਰ ਚੁੱਕਿਆ ਜਾ ਸਕੇ। ਉਨ੍ਹਾਂ ਨੂੰ ਵੀ ਵਿਕਾਸ ਦਾ ਫਾਇਦਾ ਮਿਲ ਸਕੇ, ਇਨ੍ਹਾਂ ਸਾਰਿਆਂ ਦਾ ਸਰੋਤਾਂ ਉੱਤੇ ਪਹਿਲਾ ਦਾਅਵਾ ਹੋਣਾ ਚਾਹੀਦਾ ਹੈ, ਕੇਂਦਰ ਦੇ ਕੋਲ ਬਹੁਤ ਜ਼ਿੰਮੇਵਾਰੀਆਂ ਹਨ ਅਤੇ ਸਾਰੇ ਸਰੋਤਾਂ ਦੀ ਉਪਲਬਧਤਾ ਵਿੱਚ ਸਾਰਿਆਂ ਦੀਆਂ ਲੋੜਾਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ। ਉਨ੍ਹਾਂ ਦਾ ਇਹ ਭਾਸ਼ਣ ਅੰਗਰੇਜ਼ੀ ਵਿੱਚ ਪੀ.ਐੱਮ.ਓ. ਆਰਕਾਈਵ ਉੱਤੇ ਦੇਖਿਆ ਜਾ ਸਕਦਾ ਹੈ।

ਕਾਂਗਰਸ ਵੱਲੋਂ ਚੋਣ ਕਮਿਸ਼ਨ ਨੂੰ ਸ਼ਿਕਾਇਤਕਾਂਗਰਸ ਨੇ ਬੀਤੇ ਦਿਨੀਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁਧ 'ਵੰਡਪਾਊ ਅਤੇ ਬਦਨਾਮ' ਬਿਆਨ ਦੇ ਕੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਲਈ ਠੋਸ ਕਾਰਵਾਈ ਕਰੇ। ਪਾਰਟੀ ਦਾ ਇੱਕ ਵਫ਼ਦ ਚੋਣ ਕਮਿਸ਼ਨ ਪਹੁੰਚਿਆ ਅਤੇ ਪ੍ਰਧਾਨ ਮੰਤਰੀ ਮੋਦੀ ਦੀਆਂ ਟਿੱਪਣੀਆਂ ਅਤੇ ਕੁੱਝ ਹੋਰ ਵਿਸ਼ਿਆਂ ਬਾਰੇ ਸ਼ਿਕਾਇਤ ਕੀਤੀ। ਵਫ਼ਦ ਵਿੱਚ ਕਾਂਗਰਸ ਨੇਤਾ ਅਭਿਸ਼ੇਕ ਮਨੂ ਸਿੰਘਵੀ ਅਤੇ ਗੁਰਦੀਪ ਸੱਪਲ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਅਸੀਂ ਕੁੱਲ 17 ਸ਼ਿਕਾਇਤਾਂ ਕੀਤੀਆਂ ਹਨ। ਇਹ ਸਾਰੀਆਂ ਸ਼ਿਕਾਇਤਾਂ ਗੰਭੀਰ ਹਨ ਅਤੇ ਦੇਸ਼ ਦੇ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ 'ਤੇ ਹਮਲਾ ਕਰਦੀਆਂ ਹਨ। ਸਾਨੂੰ ਉਮੀਦ ਹੈ ਕਿ ਜਲਦੀ ਤੋਂ ਜਲਦੀ ਠੋਸ ਅਤੇ ਸਪੱਸ਼ਟ ਕਦਮ ਚੁੱਕੇ ਜਾਣਗੇ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਟਵਿੱਟਰ 'ਤੇ ਲਿਖਿਆ, 'ਵੋਟਿੰਗ ਦੇ ਪਹਿਲੇ ਪੜਾਅ ਵਿੱਚ ਨਿਰਾਸ਼ਾ ਤੋਂ ਬਾਅਦ ਮੋਦੀ ਦੇ ਝੂਠ ਦਾ ਪੱਧਰ ਇੰਨਾ ਡਿੱਗ ਗਿਆ ਹੈ ਕਿ ਡਰ ਦੇ ਮਾਰੇ ਉਹ ਹੁਣ ਜਨਤਾ ਨੂੰ ਮੁੱਦਿਆਂ ਤੋਂ ਮੋੜਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ 'ਇਨਕਲਾਬੀ ਮੈਨੀਫੈਸਟੋ' ਨੂੰ ਮਿਲ ਰਹੇ ਚੰਗੇ ਸਮਰਥਨ ਦੇ ਰੁਝਾਨ ਆਉਣੇ ਸ਼ੁਰੂ ਹੋ ਗਏ ਹਨ। ਦੇਸ਼ ਹੁਣ ਆਪਣੇ ਮੁੱਦਿਆਂ 'ਤੇ ਵੋਟ ਪਾਵੇਗਾ, ਆਪਣੇ ਰੁਜ਼ਗਾਰ, ਆਪਣੇ ਪਰਿਵਾਰ ਅਤੇ ਇਸ ਦੇ ਭਵਿੱਖ ਲਈ ਵੋਟ ਦੇਵੇਗਾ।'

### ਬਾਦਲ ਦਲ ਵੱਲੋਂ ਪ੍ਰਧਾਨ ਮੰਤਰੀ ਦੇ ਭਾਸ਼ਣ ਦਾ ਵਿਰੋਧ

ਪ੍ਰਧਾਨ ਮੰਤਰੀ ਮੋਦੀ ਦੇ ਬਿਆਨ ਦਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਸਖ਼ਤ ਵਿਰੋਧ ਕੀਤਾ ਹੈ। ਪਾਰਟੀ ਨੇ ਪ੍ਰਧਾਨ ਮੰਤਰੀ ਮੋਦੀ ਦੇ ਉਸ ਬਿਆਨ ਦੀ ਆਲੋਚਨਾ ਕੀਤੀ ਹੈ, ਜਿਸ ਵਿੱਚ ਉਨ੍ਹਾਂ ਨੇ ਕਾਂਗਰਸ ਪਾਰਟੀ ਦੇ ਲੋਕ ਸਭਾ ਚੋਣ ਮੈਨੀਫੈਸਟੋ 'ਤੇ ਵਿਵਾਦਿਤ ਬਿਆਨ ਦਿੱਤਾ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਬੁਲਾਰੇ ਪਰਮਬੰਸ ਸਿੰਘ ਰੋਮਾਣਾ ਨੇ ਪੀ ਐਮ ਮੋਦੀ ਦੇ ਬਿਆਨ ਦੀ ਵੀਡੀਓ ਕਲਿੱਪ ਸਾਂਝੀ ਕਰਦਿਆਂ ਕਿਹਾ ਹੈ ਕਿ ਜ਼ਹਿਰ ਅਤੇ ਨਫ਼ਰਤ ਇੱਕ ਵੱਖਰੀ ਉਚਾਈ 'ਤੇ ਪਹੁੰਚ ਗਈ ਹੈ। ਉਨ੍ਹਾਂ ਕਿਹਾ ਕਿ ਸਾਡੇ ਸਾਰਿਆਂ ਦੀ ਸਮੱਸਿਆ ਇਹ ਹੈ ਕਿ ਅਸੀਂ ਬੇਇਨਸਾਫ਼ੀ ਬਾਰੇ ਉਦੋਂ ਹੀ ਸੋਚਦੇ ਹਾਂ ਜਦੋਂ ਉਹ ਸਾਡੇ ਵਿਰੁੱਧ ਹੋਵੇ। ਪੀ ਐਮ ਮੋਦੀ ਦੇ ਇਸ ਬਿਆਨ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਇਹ ਪਹਿਲੀ ਅਜਿਹੀ ਸਖ਼ਤ ਪ੍ਰਤੀਕਿਰਿਆ ਹੈ। ਇਸ ਤੋਂ ਪਹਿਲਾਂ ਇਸ ਨੇ ਆਪਣੀ ਸਾਬਕਾ ਗੱਠਜੋੜ ਭਾਈਵਾਲ ਭਾਰਤੀ ਜਨਤਾ ਪਾਰਟੀ 'ਤੇ ਸਿੱਖ ਕੈਦੀਆਂ ਦੀ ਰਿਹਾਈ ਅਤੇ ਕਿਸਾਨਾਂ ਲਈ ਸਾਰੀਆਂ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਵਰਗੀਆਂ ਮੰਗਾਂ ਨੂੰ ਪੂਰਾ ਨਾ ਕਰਨ ਦਾ ਦੋਸ਼ ਲਗਾਇਆ ਸੀ।

### ਪਹਿਲੇ ਪੜਾਅ ਵਿੱਚ ਘੱਟ ਵੋਟਾਂ ਪੈਣ ਤੋਂ ਘਬਰਾਹਟ ਵਿੱਚ ਭਾਜਪਾ

ਕਾਂਗਰਸ ਦਾ ਦੋਸ਼ ਹੈ ਕਿ ਜਦੋਂ ਕਾਂਗਰਸ ਨੇ ਆਪਣਾ 'ਘੋਸ਼ਣਾ ਪੱਤਰ' ਜਾਰੀ ਕੀਤਾ ਤਾਂ ਮੋਦੀ ਨੇ ਕਾਂਗਰਸ ਨੂੰ 'ਮੁਸਲਿਮ ਲੀਗੀ' ਠਹਿਰਾਇਆ ਹੈ ਤੇ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾ ਰਹੇ ਹਨ। ਅਜੇ ਤੱਕ ਨਰਿੰਦਰ ਮੋਦੀ ਨੂੰ ਉਹ ਕੇਂਦਰੀ ਮੁੱਦਾ ਨਹੀਂ ਮਿਲ ਸਕਿਆ, ਜਿਸ ਦੇ ਜ਼ਰੀਏ ਉਹ ਵੋਟਰਾਂ ਵਿੱਚ ਉਨ੍ਹਾਂ ਨੂੰ ਤੀਜੀ ਵਾਰ ਚੁਣਨ ਲਈ ਜੋਸ਼ ਭਰ ਸਕਣ। ਬੀਤੇ ਦਿਨੀਂ ਲੋਕ ਸਭਾ ਦੀਆਂ 19 ਫ਼ੀਸਦੀ ਭਾਵ 102 ਸੀਟਾਂ 'ਤੇ ਵੋਟਾਂ ਪੈ ਚੁੱਕੀਆਂ ਹਨ।

ਪਹਿਲੇ ਦੌਰ ਦੇ ਵੋਟ ਪ੍ਰਤੀਸ਼ਤ ਵਿੱਚ ਦਿਖਾਈ ਦੇ ਰਹੀ 7 ਫ਼ੀਸਦੀ ਦੀ ਵੱਡੀ ਗਿਰਾਵਟ ਨੇ ਰਾਜਨੀਤੀ ਦੇ ਮਾਹਿਰਾਂ ਵਿੱਚ ਇਸ ਅਹਿਸਾਸ ਨੂੰ ਹੋਰ ਵੀ ਪੁਖ਼ਤਾ ਕਰ ਦਿੱਤਾ ਹੈ ਕਿ ਲੋਕ ਸਭਾ ਦੀਆਂ ਇਨ੍ਹਾਂ ਚੋਣਾਂ ਵਿੱਚ ਵੋਟਰਾਂ ਦੇ ਉਤਸ਼ਾਹ ਦੀ ਕਮੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸੱਤਾਧਾਰੀ ਪਾਰਟੀ ਖ਼ਿਲਾਫ਼ ਕੋਈ ਸਾਫ਼ ਨਾਰਾਜ਼ਗੀ ਵੀ ਦਿਖਾਈ ਨਹੀਂ ਦੇ ਰਹੀ, ਪਰ ਉਸ ਨੂੰ ਫਿਰ ਤੋਂ ਚੁਣਨ ਲਈ ਕਿਸੇ ਤਰ੍ਹਾਂ ਦਾ ਉਤਸ਼ਾਹ ਵੀ ਦਿਖਾਈ ਨਹੀਂ ਦੇ ਰਿਹਾ। ਇਸੇ ਠੰਢੇ ਮਾਹੌਲ ਦਾ ਸਬੂਤ ਦੋ ਅੰਕੜਿਆਂ ਤੋਂ ਮਿਲਦਾ ਹੈ। ਸੀ ਵੋਟਰ-ਏ.ਬੀ.ਪੀ. ਦੇ ਇੱਕ ਸਰਵੇਖਣ ਵਿੱਚ 57 ਹਜ਼ਾਰ ਤੋਂ ਜ਼ਿਆਦਾ ਲੋਕਾਂ ਕੋਲੋਂ ਪੁੱਛਿਆ ਗਿਆ ਕਿ ਤੁਹਾਡੀਆਂ ਸਮੱਸਿਆਵਾਂ (ਬੇਰੁਜ਼ਗਾਰੀ, ਮਹਿੰਗਾਈ, ਘਟਦੀ ਆਮਦਨੀ, ਭ੍ਰਿਸ਼ਟਾਚਾਰ ਵਗੈਰਾ) ਦੂਰ ਕਰਨ ਦੀ ਸਮਰੱਥਾ ਕਿਸ ਪਾਰਟੀ ਦੇ ਕੋਲ ਲੱਗ ਰਹੀ ਹੈ। ਇਸ ਦੇ ਜਵਾਬ ਵਿੱਚ 32 ਫ਼ੀਸਦੀ ਨੇ ਭਾਜਪਾ ਦਾ ਅਤੇ 18 ਫ਼ੀਸਦੀ ਵੋਟਰਾਂ ਨੇ ਕਾਂਗਰਸ ਦਾ ਨਾਂਅ ਲਿਆ ਪਰ 46 ਫ਼ੀਸਦੀ ਵੋਟਰਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਇਹ ਸਮਰੱਥਾ ਕਿਸੇ ਵੀ ਪਾਰਟੀ ਵਿੱਚ ਦਿਖਾਈ ਨਹੀਂ ਦਿੰਦੀ। ਜਿਨ੍ਹਾਂ ਚਾਰ ਫ਼ੀਸਦੀ ਲੋਕਾਂ ਨੇ 'ਪਤਾ ਨਹੀਂ' ਵਾਲਾ ਜਵਾਬ ਦਿੱਤਾ, ਉਨ੍ਹਾਂ ਨੂੰ ਵੀ ਤਾਰਕਿਕ ਨਜ਼ਰੀਏ ਨਾਲ ਇਸੇ ਤੀਜੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ। ਭਾਵ, 50 ਫ਼ੀਸਦੀ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਕਿਸੇ ਵੀ ਪਾਰਟੀ 'ਤੇ ਭਰੋਸਾ ਨਹੀਂ ਹੈ। ਦੂਜਾ ਅੰਕੜਾ 18 ਤੋਂ 25 ਸਾਲ ਵਿਚਕਾਰ ਦੇ ਵੋਟਰਾਂ ਨਾਲ ਸੰਬੰਧ ਰੱਖਦਾ ਹੈ। ਵੋਟ ਪਾਉਣ ਲਈ ਸਭ ਤੋਂ ਜ਼ਿਆਦਾ ਉਤਸ਼ਾਹ ਪਹਿਲੀ ਅਤੇ ਦੂਜੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਨੂੰ ਹੋਣਾ ਚਾਹੀਦਾ ਹੈ। ਨੌਜਵਾਨ ਬੇਚੈਨੀ ਨਾਲ 18 ਸਾਲ ਪੂਰੇ ਹੋਣ ਦੀ ਉਡੀਕ ਕਰਦੇ ਹਨ ਤਾਂ ਕਿ ਵੋਟਰ ਵਜੋਂ ਆਪਣਾ ਰਜਿਸਟ੍ਰੇਸ਼ਨ ਕਰਵਾਉਣ ਤੋਂ ਬਾਅਦ ਮਤਦਾਨ ਕੇਂਦਰ ਵੱਲ ਜਾਣ ਦਾ ਅਧਿਕਾਰ ਪ੍ਰਾਪਤ ਕਰ ਸਕਣ, ਪਰ ਚੋਣ ਕਮਿਸ਼ਨ ਦੇ ਅੰਕੜੇ ਦੱਸਦੇ ਹਨ ਕਿ ਇਸ ਵਾਰ ਪਹਿਲੀ ਵਾਰ ਵੋਟ ਪਾਉਣ ਲਈ ਸਾਰੇ ਦੇਸ਼ 'ਚ ਔਸਤਨ ਸਿਰਫ਼ 38 ਫ਼ੀਸਦੀ ਨਵੇਂ ਵੋਟਰਾਂ ਨੇ ਹੀ ਆਪਣਾ ਰਜਿਸਟ੍ਰੇਸ਼ਨ ਕਰਵਾਇਆ ਹੈ।

# ਸੁਪਰੀਮ ਕੋਰਟ ਦਾ ਸਖ਼ਤ ਫ਼ੈਸਲਾ, ਬਾਬਾ ਰਾਮਦੇਵ ਨੂੰ ਯੋਗ ਕੈਂਪਾਂ ਲਈ ਦੇਣਾ ਪਵੇਗਾ ਸਰਵਿਸ ਟੈਕਸ

## ਪਤੰਜਲੀ ਦੀ ਦਲੀਲ ਕਿ ਸਿਹਤ ਤੇ ਤੰਦਰੁਸਤੀ ਸੇਵਾਵਾਂ ਦੇ ਤਹਿਤ ਟੈਕਸਯੋਗ ਨਹੀਂ ਹਨ, ਅਦਾਲਤ ਵੱਲੋਂ ਰੱਦ

ਨਵੀਂ ਦਿੱਲੀ/ਏ.ਟੀ.ਨਿਊਜ਼: ਬਾਬਾ ਰਾਮਦੇਵ ਦੇ ਪਤੰਜਲੀ ਯੋਗਪੀਠ ਟਰੱਸਟ ਨੂੰ ਸੁਪਰੀਮ ਕੋਰਟ ਤੋਂ ਝਟਕਾ ਲੱਗਿਆ ਹੈ। ਅਦਾਲਤ ਨੇ ਅਪੀਲੀ ਟ੍ਰਿਬਿਊਨਲ ਦੇ ਉਸ ਫ਼ੈਸਲੇ ਨੂੰ ਬਰਕਰਾਰ ਰੱਖਿਆ ਜਿਸ ਵਿੱਚ ਟਰੱਸਟ ਨੂੰ ਯੋਗਾ ਕੈਂਪਾਂ ਦੇ ਆਯੋਜਨ ਲਈ ਵਸੂਲੀ ਜਾਣ ਵਾਲੀ ਐਂਟਰੀ ਫ਼ੀਸ 'ਤੇ ਸਰਵਿਸ ਟੈਕਸ ਅਦਾ ਕਰਨ ਲਈ ਕਿਹਾ ਗਿਆ ਸੀ। ਜਸਟਿਸ ਅਭੈ ਐਸ ਓਕਾ ਅਤੇ ਜਸਟਿਸ ਉੱਜਵਲ ਭੂਈਯਾਂ ਦੀ ਬੈਂਚ ਨੇ ਕਸਟਮ, ਆਬਕਾਰੀ ਅਤੇ ਸੇਵਾ ਟੈਕਸ ਅਪੀਲੀ ਟ੍ਰਿਬਿਊਨਲ (ਸੀਐਸਟੀਏਟੀ) ਦੀ ਇਲਾਹਾਬਾਦ ਬੈਂਚ ਦੇ 5 ਅਕਤੂਬਰ, 2023 ਦੇ ਫ਼ੈਸਲੇ ਵਿੱਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ।

ਟਰੱਸਟ ਦੀ ਅਪੀਲ ਨੂੰ ਖਾਰਜ ਕਰਦਿਆਂ ਹੋਏ ਬੈਂਚ ਨੇ ਕਿਹਾ, 'ਟ੍ਰਿਬਿਊਨਲ ਨੇ ਠੀਕ ਹੀ ਕਿਹਾ ਹੈ ਕਿ ਫ਼ੀਸ ਚਾਰਜ ਵਾਲੇ ਕੈਂਪਾਂ ਵਿੱਚ ਯੋਗਾ ਕਰਨਾ ਇੱਕ ਸੇਵਾ ਹੈ। ਸਾਨੂੰ ਇਸ ਆਦੇਸ਼ ਵਿੱਚ ਦਖਲ ਦੇਣ ਦਾ ਕੋਈ ਕਾਰਨ ਨਹੀਂ ਮਿਲਿਆ। ਅਪੀਲ ਖਾਰਜ ਕੀਤੀ ਜਾਂਦੀ ਹੈ।' ਸੀ.ਈ.ਐਸ.ਟੀ.ਏ.ਟੀ. ਨੇ ਆਪਣੇ ਆਦੇਸ਼ ਵਿੱਚ ਕਿਹਾ ਸੀ ਕਿ ਪਤੰਜਲੀ ਯੋਗਪੀਠ ਟਰੱਸਟ ਦੁਆਰਾ ਆਯੋਜਿਤ ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਯੋਗਾ ਕੈਂਪਾਂ ਵਿੱਚ ਸ਼ਾਮਲ ਹੋਣ ਲਈ ਫ਼ੀਸ ਵਸੂਲੀ ਜਾਂਦੀ ਹੈ, ਇਸ ਲਈ ਇਹ 'ਸਿਹਤ ਅਤੇ ਤੰਦਰੁਸਤੀ ਸੇਵਾ' ਦੀ ਸ਼੍ਰੇਣੀ ਵਿੱਚ ਆਉਂਦੀ ਹੈ ਅਤੇ ਇਸ 'ਤੇ ਸੇਵਾ ਟੈਕਸ ਲੱਗੇਗਾ।

ਯੋਗ ਗੁਰੂ ਰਾਮਦੇਵ ਅਤੇ ਉਨ੍ਹਾਂ ਦੇ ਸਹਿਯੋਗੀ ਆਚਾਰੀਆ ਬਾਲਕ੍ਰਿਸ਼ਨ ਦੀ ਅਗਵਾਈ ਹੇਠ ਕੰਮ ਕਰ ਰਿਹਾ ਇਹ ਟਰੱਸਟ ਵੱਖ-ਵੱਖ ਕੈਂਪਾਂ ਵਿੱਚ ਯੋਗਾ ਦੀ ਸਿਖਲਾਈ ਦੇਣ ਵਿੱਚ ਲੱਗਾ ਹੋਇਆ ਸੀ। ਟ੍ਰਿਬਿਊਨਲ ਨੇ ਆਪਣੇ ਹੁਕਮ ਵਿੱਚ ਕਿਹਾ ਸੀ ਕਿ ਯੋਗ ਕੈਂਪਾਂ ਦੀ ਫ਼ੀਸ ਭਾਗੀਦਾਰਾਂ ਤੋਂ ਦਾਨ ਵਜੋਂ ਵਸੂਲੀ ਗਈ ਸੀ। ਹਾਲਾਂਕਿ ਇਹ ਰਕਮ ਦਾਨ ਦੇ ਤੌਰ 'ਤੇ ਇਕੱਠੀ ਕੀਤੀ ਗਈ ਸੀ, ਪਰ ਇਹ ਸਿਰਫ਼ ਉਕਤ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਫ਼ੀਸ ਸੀ। ਇਸ ਲਈ ਇਹ ਫ਼ੀਸ ਦੀ ਪਰਿਭਾਸ਼ਾ ਦੇ ਅਧੀਨ ਆਉਂਦਾ ਹੈ।



### 4.5 ਕਰੋੜ ਦਾ ਭਰਨਾ ਹੋਵੇਗਾ ਟੈਕਸ

ਕਸਟਮ ਅਤੇ ਕੇਂਦਰੀ ਆਬਕਾਰੀ ਕਮਿਸ਼ਨਰ, ਮੇਰਠ ਰੇਂਜ ਨੇ ਅਕਤੂਬਰ, 2006 ਤੋਂ ਮਾਰਚ, 2011 ਦੀ ਮਿਆਦ ਲਈ ਜੁਰਮਾਨੇ ਅਤੇ ਵਿਆਜ ਸਮੇਤ ਲਗਭਗ 4.5 ਕਰੋੜ ਰੁਪਏ ਦੇ ਸੇਵਾ ਟੈਕਸ ਦੀ ਮੰਗ ਕੀਤੀ ਸੀ। ਇਸ ਦੇ ਜਵਾਬ ਵਿੱਚ ਟਰੱਸਟ ਨੇ ਦਲੀਲ ਦਿੱਤੀ ਸੀ ਕਿ ਉਹ ਅਜਿਹੀਆਂ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ ਜੋ ਬਿਮਾਰੀਆਂ ਦੇ ਇਲਾਜ ਲਈ ਹਨ। ਇਸ ਵਿੱਚ ਕਿਹਾ ਗਿਆ ਸੀ ਕਿ ਇਹ ਸੇਵਾਵਾਂ 'ਸਿਹਤ ਅਤੇ ਤੰਦਰੁਸਤੀ ਸੇਵਾਵਾਂ' ਦੇ ਤਹਿਤ ਟੈਕਸਯੋਗ ਨਹੀਂ ਹਨ। ਹੁਣ ਪਤੰਜਲੀ ਨੂੰ ਇਹ 4.5 ਕਰੋੜ ਰੁਪਏ ਅਦਾ ਕਰਨੇ ਪੈਣਗੇ।ਸੋ ਸੁਪਰੀਮ ਕੋਰਟ ਦੇ ਫ਼ੈਸਲੇ ਨੇ ਇਸ ਸਿਧਾਂਤ ਨੂੰ ਸਪੱਸ਼ਟ ਕੀਤਾ ਹੈ ਕਿ ਜਦੋਂ ਵਪਾਰਕ ਕੰਮਾਂ ਦੀ ਗੱਲ ਆਉਂਦੀ ਹੈ ਤਾਂ ਕਿਸੇ ਵੀ ਇਕਾਈ ਨੂੰ ਸਰਕਾਰੀ ਖ਼ਜ਼ਾਨੇ ਵਿੱਚ ਹਿੱਸਾ ਪਾਉਣ ਤੋਂ ਛੋਟ ਨਹੀਂ ਦਿੱਤੀ ਜਾ ਸਕਦੀ। ਕਸਟਮ, ਆਬਕਾਰੀ ਤੇ ਸੇਵਾ ਟੈਕਸ ਅਪੀਲੀ ਟ੍ਰਿਬਿਊਨਲ ਨੇ ਹੁਕਮ ਦਿੱਤਾ ਹੈ ਕਿ ਯੋਗ ਕੈਂਪ ਭਾਵੇਂ ਕਿਸੇ ਟਰੱਸਟ ਵੱਲੋਂ 'ਚੰਦੇ' ਦੇ ਨਾਂ ਉੱਤੇ ਮੁਫ਼ਤ ਵਿੱਚ ਵੀ ਕਰਵਾਏ ਜਾਣ ਤਾਂ ਵੀ ਇਹ 'ਸਿਹਤ ਤੇ ਫ਼ਿਟਨੈੱਸ ਸੇਵਾਵਾਂ' ਦੇ ਘੇਰੇ ਵਿੱਚ ਆਉਣਗੇ ਅਤੇ ਸਰਵਿਸ ਟੈਕਸ ਦੇਣਾ ਪਏਗਾ। ਕਾਨੂੰਨੀ ਤੌਰ 'ਤੇ ਇਹ ਤਰਕ ਸਹੀ ਹੈ ਕਿਉਂਕਿ ਟ੍ਰਿਬਿਊਨਲ ਨੇ ਦੇਖਿਆ ਹੈ ਕਿ ਦਿੱਤੀਆਂ ਜਾ ਰਹੀਆਂ ਸੇਵਾਵਾਂ ਹੈਲਥ ਕਲੱਬਾਂ ਤੇ ਫ਼ਿਟਨੈੱਸ ਸੈਂਟਰਾਂ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਵਰਗੀਆਂ ਹੀ ਹਨ ਤੇ ਪੂਰੀ ਤਰ੍ਹਾਂ ਟੈਕਸ ਦੇ ਘੇਰੇ ਵਿੱਚ ਹਨ। ਟਰੱਸਟ ਦੀ ਇਹ ਦਲੀਲ ਹਲਕੀ ਹੈ ਕਿ ਉਨ੍ਹਾਂ ਦੀਆਂ ਸੇਵਾਵਾਂ ਦਾ ਮੰਤਵ ਬਿਮਾਰੀਆਂ ਦੂਰ ਕਰਨਾ ਹੈ, ਇਸ ਲਈ ਇਨ੍ਹਾਂ ਉੱਤੇ ਟੈਕਸ ਨਹੀਂ ਲੱਗ ਸਕਦਾ।ਪਹਿਲਾਂ ਵੀ ਇਸ ਤਰ੍ਹਾਂ ਦੇ ਕਈ ਫ਼ੈਸਲੇ ਆ ਚੁੱਕੇ ਹਨ ਜਿਨ੍ਹਾਂ ਵਿੱਚ ਕੇਰਲਾ ਹਾਈਕੋਰਟ ਵੱਲੋਂ ਫ਼ਰਵਰੀ ਵਿੱਚ ਦਿੱਤਾ ਹੁਕਮ ਵੀ ਸ਼ਾਮਲ ਹੈ। ਹਾਈਕੋਰਟ ਨੇ ਕਿਹਾ ਸੀ ਕਿ ਯੋਗ ਤੇ ਮੈਡੀਟੇਸ਼ਨ ਲਈ ਵਸੂਲੀ ਜਾਂਦੀ ਰਾਸ਼ੀ 'ਕੇਰਲਾ ਟੈਕਸ ਆਨ ਲਗਜ਼ਰੀਜ਼ ਐਕਟ' ਤਹਿਤ ਕਰ ਅਦਾ ਕਰਨ ਦੇ ਘੇਰੇ ਵਿੱਚ ਹੈ। ਵੱਖੋ-ਵੱਖਰੇ ਅਧਿਕਾਰ ਖੇਤਰਾਂ ਵਿੱਚ ਕਾਨੂੰਨੀ ਵਿਆਖਿਆ ਦੀ ਇਕਸਾਰਤਾ ਕਾਨੂੰਨ ਅੱਗੇ ਹਰੇਕ ਦੇ ਬਰਾਬਰ ਹੋਣ ਦੇ ਸਿਧਾਂਤ ਨੂੰ ਪੁਖਤਾ ਕਰਦੀ ਹੈ ਤੇ ਟੈਕਸ ਪ੍ਰਸ਼ਾਸਨ 'ਚ ਵੀ ਇਕਸਾਰਤਾ ਨੂੰ ਯਕੀਨੀ ਬਣਾਉਂਦੀ ਹੈ। ਇਹ ਫ਼ੈਸਲਾ ਜ਼ਿੰਮੇਵਾਰ ਇਸ਼ਤਿਹਾਰਬਾਜ਼ੀ ਤੇ ਖਪਤਕਾਰ ਸੁਰੱਖਿਆ ਦੇ ਵਿਆਪਕ ਮੁੱਦਿਆਂ ਨੂੰ ਵੀ ਉਭਾਰਦਾ ਹੈ। 'ਡਰੱਗਜ਼ ਐਂਡ ਮੈਜਿਕ ਰੈਮੇਡੀਜ਼' (ਇਤਰਾਜ਼ਯੋਗ ਇਸ਼ਤਿਹਾਰਬਾਜ਼ੀ) ਐਕਟ-1954 ਤਹਿਤ ਪਤੰਜਲੀ ਆਯੁਰਵੈਦ ਖ਼ਿਲਾਫ਼ ਕੀਤੀ ਗਈ ਪੜਤਾਲ ਨੇ ਇਸ ਗੱਲ ਦੀ ਜ਼ਰੂਰਤ ਨੂੰ ਉਭਾਰਿਆ ਹੈ ਕਿ ਇਸ਼ਤਿਹਾਰਾਂ ਵਿੱਚ ਕੀਤੇ ਜਾਂਦੇ ਦਾਅਵੇ ਖਾਸ ਤੌਰ 'ਤੇ ਜੋ ਸਿਹਤ ਤੇ ਤੰਦਰੁਸਤੀ ਨਾਲ ਜੁੜੇ ਹੁੰਦੇ ਹਨ, ਸੱਚੇ ਤੇ ਸਾਬਤ ਹੋਣੇ ਚਾਹੀਦੇ ਹਨ।ਯੋਗ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਭਾਵੇਂ ਲਾਭਕਾਰੀ ਹੈ ਪਰ ਵਰਤਮਾਨ ਪ੍ਰਸੰਗਾਂ ਵਿੱਚ ਇਸ ਦਾ ਕਾਫ਼ੀ ਵਪਾਰੀਕਰਨ ਹੋ ਰਿਹਾ ਹੈ। ਉਂਝ ਵੀ ਪਤੰਜਲੀ ਯੋਗਪੀਠ ਟਰੱਸਟ ਦੇ ਕਰਤਾ-ਧਰਤਾ, ਯੋਗ ਗੁਰੂ ਰਾਮਦੇਵ ਦਾ ਕਾਰੋਬਾਰ ਹੁਣ ਹਜ਼ਾਰਾਂ ਕਰੋੜਾਂ ਤੱਕ ਫ਼ੈਲ ਚੁੱਕਾ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਸੁਖਬੀਰ ਤੋਂ ਨਾਰਾਜ਼ ਢੀਂਡਸਾ ਗਰੁੱਪ ਅਕਾਲੀ ਦਲ ਦਾ ਸਿਆਸੀ ਨੁਕਸਾਨ ਕਰਨ ਲਈ ਉਤਾਰੂ

## ਜਲੰਧਰ ਤੋਂ ਕਾਂਗਰਸ ਤੋਂ ਨਾਰਾਜ਼ ਕੇ.ਪੀ. ਅਕਾਲੀ ਦਲ ਦੇ ਉਮੀਦਵਾਰ

## ਮਜੀਠੀਆ ਵੀ ਅੰਦਰਖਾਤੇ ਢੀਂਡਸਾ ਗਰੁੱਪ ਦੇ ਹੱਕ ਵਿੱਚ, ਧੜੇਬੰਦੀ ਤਿੱਖੀ ਹੋਣ ਲੱਗੀ !

ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦਾ ਸਿਆਸੀ ਪਿੜ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਦਲ ਬਦਲੀ ਦੀਆਂ ਕਨਸੋਆਂ ਹਰ ਪਾਰਟੀ ਤੋਂ ਆ ਰਹੀਆਂ ਹਨ। ਉੱਧਰ ਬੀਜੇਪੀ ਦੇ ਟਕਸਾਲੀ ਆਗੂ ਵਿਜੇ ਸਾਂਪਲਾ ਟਿਕਟ ਨਾ ਮਿਲਣ ਕਰਕੇ ਰਸਤਾ ਬਦਲਣ ਦੀ ਤਿਆਰੀ ਕਰ ਰਹੇ ਸਨ। ਸੂਤਰਾਂ ਤੋਂ ਪਤਾ ਲਗਾ ਹੈ ਕਿ ਭਾਜਪਾ ਦੇ ਦਬਾਅ ਕਾਰਣ ਉਨ੍ਹਾਂ ਅਕਾਲੀ ਦਲ ਵਿੱਚ ਸ਼ਾਮਲ ਹੋਣ ਤੋਂ ਪਾਸਾ ਵਟ ਲਿਆ ਹੈ। ਭਾਜਪਾ ਪੰਜਾਬ ਆਗੂ ਸਾਂਪਲਾ ਨੂੰ ਮਨਾਉਣ ਵਿੱਚ ਸਫਲ ਹੋਏ ਹਨ। ਅਕਾਲੀ ਦਲ ਜੋ ਵਿਜੈ ਸਾਂਪਲਾ ਨੂੰ ਅਕਾਲੀ ਦਲ ਵਿੱਚ ਲਿਆਉਣ ਲਈ ਪਬਾਂ ਭਾਰ ਸੀ,ਪਰ ਉਸਨੂੰ ਨਿਰਾਸ਼ਤਾ ਹੋਈ ਹੈ।

ਜਲੰਧਰ ਤੋਂ ਸਾਬਕਾ ਵਿਧਾਇਕ ਤੇ ਦਲਿਤ ਆਗੂ ਪਵਨ ਟੀਨੂੰ ਵੱਲੋਂ ਆਪ ਪਾਰਟੀਆਂ ਵਿੱਚ ਛਾਲ ਮਾਰਨ ਤੇ ਜਲੰਧਰ ਲੋਕ ਸਭਾ ਹਲਕੇ ਤੋਂ ਆਪ ਵੱਲੋਂ ਉਮੀਦਵਾਰ ਬਣਨ ਤੋਂ ਬਾਅਦ ਅਕਾਲੀ ਦਲ ਨੂੰ ਜਲੰਧਰ ਤੋਂ ਬਾਕੀ ਸਿਆਸੀ ਪਾਰਟੀਆਂ ਵਾਂਗ ਧਾਕੜ ਉਮੀਦਵਾਰ ਨਹੀਂ ਮਿਲਿਆ। ਜ਼ਿਕਰਯੋਗ ਹੈ ਕਿ ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਚਰਨਜੀਤ ਸਿੰਘ ਚੰਨੀ, ਭਾਜਪਾ ਸੁਸ਼ੀਲ ਰਿੰਕੂ ਤੇ ਆਪ ਪਾਰਟੀ ਪਵਨ ਕੁਮਾਰ ਟੀਨੂੰ ਨੂੰ ਆਪਣਾ ਉਮੀਦਵਾਰ ਐਲਾਨ ਚੁੱਕੀ ਹੈ। ਆਖਿਰ ਬਾਦਲ ਦਲ ਨੂੰ ਜਲੰਧਰ ਤੋਂ ਕਾਂਗਰਸ ਵੱਲੋਂ ਟਿਕਟ ਨਾ ਦੇਣ ਕਾਰਣ ਨਰਾਜ਼ ਸਾਬਕਾ ਕੈਬਨਿਟ ਮੰਤਰੀ ਤੇ ਸਾਬਕਾ ਸੰਸਦ ਮੈਂਬਰ ਮਹਿੰਦਰ ਕੇਪੀ ਨੂੰ ਅਕਾਲੀ ਦਲ ਵਿੱਚ ਸ਼ਾਮਲ ਕਰਕੇ ਜਲੰਧਰ ਸੀਟ ਤੋਂ ਉਮੀਦਵਾਰ ਅਪਨਾਉਣਾ ਪਿਆ।

ਸ਼੍ਰੋਮਣੀ ਅਕਾਲੀ ਦਲ ਨੇ ਹੁਣੇ ਜਿਹੇ ਪੰਜਾਬ ਦੀਆਂ 5 ਤੇ ਚੰਡੀਗੜ੍ਹ ਦੀ ਲੋਕ ਸਭਾ ਸੀਟ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਦਲ ਦੇ ਪ੍ਰਧਾਨ ਸੁਖਬੀਰ ਸਿੰਘ




ਬਾਦਲ ਨੇ ਐਲਾਨ ਕੀਤਾ ਕਿ ਮਹਿੰਦਰ ਸਿੰਘ ਕੇਪੀ ਜਲੰਧਰ, ਹਰਸਿਮਰਤ ਕੌਰ ਬਾਦਲ ਬਠਿੰਡਾ, ਸੋਹਣ ਸਿੰਘ ਠੰਡਲ ਹੁਸ਼ਿਆਰਪੁਰ, ਰਣਜੀਤ ਸਿੰਘ ਢਿੱਲੋਂ ਲੁਧਿਆਣਾ, ਨਰਦੇਵ ਸਿੰਘ ਬੌਬੀ ਮਾਨ ਫ਼ਿਰੋਜ਼ਪੁਰ ਤੇ ਹਰਦੇਵ ਸੈਣੀ ਚੰਡੀਗੜ੍ਹ ਤੋਂ ਉਮੀਦਵਾਰ ਹੋਣਗੇ।

ਮਲੂਕਾ ਪਰਿਵਾਰ ਬੀਬਾ ਹਰਸਿਮਰਤ ਕੌਰ ਬਾਦਲ ਦੀ ਬਠਿੰਡਾ ਸੀਟ ਤੋਂ ਚੁਣੌਤੀ ਬਣ ਗਿਆ। ਮਲੂਕਾ ਪਰਿਵਾਰ ਦੇ ਨੂੰਹ-ਪੁੱਤਰ ਦੀ ਬੀਤੇ ਦਿਨੀਂ ਭਾਜਪਾ ਵਿੱਚ ਸ਼ਮੂਲੀਅਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ ਹੈ। ਭਾਜਪਾ ਵੱਲੋਂ ਪਰਮਪਾਲ ਕੌਰ ਨੂੰ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਉਤਾਰ ਦਿੱਤਾ ਹੈ।

ਇਹ ਵੀ ਸੱਚ ਹੈ ਕਿ ਮਲੂਕਾ ਪਰਿਵਾਰ ਦਾ ਬਠਿੰਡਾ ਹਲਕੇ ਵਿੱਚ ਚੋਖਾ ਆਧਾਰ ਹੈ। ਪਿੰਡ ਮਲੂਕਾ ਜ਼ਿਲ੍ਹਾ ਬਠਿੰਡਾ ਵਿਚਲੇ ਵਿਧਾਨ ਸਭਾ ਹਲਕਾ ਰਾਮਪੁਰਾ ਅਧੀਨ ਆਉਂਦਾ ਹੈ। ਰੌਚਿਕ ਪਹਿਲੂ ਇਹ ਕਿ ਰਾਮਪੁਰਾ ਹਲਕਾ ਲੋਕ ਸਭਾ ਹਲਕੇ ਫ਼ਰੀਦਕੋਟ ਵਿੱਚ ਹੋਣ ਕਰਕੇ ਫ਼ਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਨੂੰ ਵੀ ਵੱਡਾ ਫਾਇਦਾ ਮਿਲਣ ਦੇ ਆਸਾਰ ਬਣ ਸਕਦੇ ਹਨ।

ਇਥੇ ਜ਼ਿਕਰਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਅਕਾਲੀ ਦਲ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੀ ਗ਼ੈਰ ਹਾਜ਼ਰੀ ਵਿੱਚ ਪਹਿਲੀ ਵਾਰ ਲੋਕ ਸਭਾ ਚੋਣਾਂ ਲੜੀਆਂ ਜਾ ਰਹੀਆਂ ਹਨ। ਅਕਾਲੀ ਦਲ ਦਾ ਭਾਜਪਾ ਨਾਲੋਂ ਟੁੱਟ ਕੇ ਚੋਣ ਲੜਨ ਤੋਂ ਪਹਿਲਾਂ ਹੀ ਬਹੁਤ ਸਾਰੇ ਸੀਨੀਅਰ ਅਕਾਲੀ ਆਗੂ ਭਾਜਪਾ ਵਿੱਚ ਸ਼ਾਮਲ ਹੋ ਚੁਕੇ ਹਨ। ਦਿੱਲੀ ਅਤੇ ਹਰਿਆਣੇ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਅਕਾਲੀ ਦਲ ਦੇ ਵਿਰੋਧ ਵਿੱਚ ਭਾਜਪਾ ਦਾ ਸਮਰਥਨ ਕਰਨ ਦਾ ਐਲਾਨ ਕਰ ਦਿਤਾ ਹੈ। ਕਿਸਾਨ ਜਥੇਬੰਦੀਆਂ ਨਾਰਾਜ਼ ਹਨ, ਭਾਜਪਾ ਅਤੇ ਬਸਪਾ ਨਾਲ ਗਠਜੋੜ ਟੁੱਟ ਗਿਆ ਹੈ, ਸਿੱਖ ਚਿੰਤਕ ਅਤੇ ਪੰਥ ਦਰਦੀ ਵੀ ਬਾਦਲ ਪਰਿਵਾਰ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ। ਉਧਰ ਅਕਾਲੀ ਦਲ ਬਾਦਲ ਵੱਲੋਂ ਲੋਕ ਸਭਾ ਹਲਕਾ ਸੰਗਰੂਰ ਦੀ ਐਲਾਨੀ ਗਈ ਸੀਟ ਪਾਰਟੀ ਲਈ ਮੁਸੀਬਤ ਦਾ ਸਬੱਬ ਬਣਦੀ ਪ੍ਰਤੀਤ ਹੋ ਰਹੀ ਹੈ। ਰਾਜਨੀਤਕ ਅਤੇ ਪੰਥਕ ਹਲਕੇ ਮਹਿਸੂਸ ਕਰਦੇ ਹਨ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਖ਼ੁਦ ਸੁਖਦੇਵ ਸਿੰਘ ਢੀਂਡਸਾ ਦੇ ਘਰ ਪਹੁੰਚ ਕਰ ਕੇ ਮਸਲਾ ਹੱਲ ਕਰਨ ਵਿੱਚ ਅਸਫ਼ਲ ਰਹਿਣ ਦਾ ਕਾਰਨ ਕਿਤੇ ਪੰਜਾਬ ਵਿਧਾਨ ਸਭਾ ਦੀਆਂ 2002 ਦੀਆਂ ਚੋਣਾਂ ਦੀ ਤਰ੍ਹਾਂ ਨਵਾਂ ਸੰਕਟ ਖੜ੍ਹਾ ਨਾ ਕਰ ਦੇਵੇ, ਕਿਉਂਕਿ ਮਾਮੂਲੀ ਜਿਹੀ ਨਰਾਜ਼ਗੀ ਦੇ ਚਲਦਿਆਂ 30 ਜਨਵਰੀ 2002 ਨੂੰ ਹੋਈਆਂ ਪੰਜਾਬ ਵਿਧਾਨ ਸਭਾ ਚੋਣਾ ਵਿਚ ਗੁਰਚਰਨ ਸਿੰਘ ਟੋਹੜਾ ਨੇ ਆਪਣਾ ਸਰਬਹਿੰਦ ਅਕਾਲੀ ਦਲ (ਬਾਕੀ ਸਫ਼ਾ 31 'ਤੇ)

# ਭਾਰਤ ਵਿੱਚ ਬੇਰੁਜ਼ਗਾਰੀ ਦੀ ਵਧ ਰਹੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰ ਰਹੇ ਨੇ ਮੋਦੀ

## ਬੇਰੁਜ਼ਗਾਰੀ ਦੀ ਦਰ 2000-2012 ਦੌਰਾਨ 2-3 ਪ੍ਰਤੀਸ਼ਤ ਸੀ , 2012-2019 ਦੌਰਾਨ ਵੱਧ ਕੇ 5.8 ਪ੍ਰਤੀਸ਼ਤ 'ਤੇ ਪਹੁੰਚੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਨਿਊਜ਼ ਏਜੰਸੀ ਨੂੰ ਇੱਕ ਘੰਟਾ 17 ਮਿੰਟ ਦਾ ਵੀਡੀਓ ਇੰਟਰਵਿਊ ਦਿੱਤਾ। ਇਸ ਵਿੱਚ ਉਨ੍ਹਾਂ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਕੀਤੀ। ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਅਤੇ ਅਗਲੇ ਏਜੰਡੇ 'ਤੇ ਚਰਚਾ ਕੀਤੀ। ਫਿਰ ਵੀ ਇਸ ਇੰਟਰਵਿਊ ਵਿੱਚ ਕਈ ਅਹਿਮ ਮੁੱਦੇ ਸਾਹਮਣੇ ਨਹੀਂ ਆਏ। ਬੇਰੁਜ਼ਗਾਰੀ ਵਰਗੀ ਵਧ ਰਹੀ ਸਮੱਸਿਆ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ।

ਹਾਲਾਂਕਿ ਇੱਕ ਥਿੰਕ ਟੈਂਕ ਦੁਆਰਾ ਕੀਤੇ ਗਏ ਵਿਆਪਕ ਪ੍ਰੀ-ਪੋਲ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਬੇਰੁਜ਼ਗਾਰੀ ਅਤੇ ਮਹਿੰਗਾਈ ਇਸ ਸਮੇਂ ਵੋਟਰਾਂ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਦੋ ਸਭ ਤੋਂ ਵੱਡੀਆਂ ਸਮੱਸਿਆਵਾਂ ਹਨ। ਇਹ ਹੋਰ ਗੱਲ ਹੈ ਕਿ ਵਿਰੋਧੀ ਪਾਰਟੀਆਂ ਵੀ ਇਨ੍ਹਾਂ ਮੁੱਦਿਆਂ 'ਤੇ ਵੋਟਰਾਂ ਦੇ ਮਨਾਂ ਵਿੱਚ ਜ਼ਿਆਦਾ ਭਰੋਸੇਯੋਗਤਾ ਕਾਇਮ ਨਹੀਂ ਕਰ ਸਕੀਆਂ ਹਨ। ਪਰ ਇਹ ਸਿਰਫ਼ ਚੋਣਾਂ ਬਾਰੇ ਨਹੀਂ ਹੈ। ਇਹ ਮੁੱਦਾ ਭਾਰਤ ਦੇ ਭਵਿੱਖ ਨਾਲ ਸਿੱਧਾ ਜੁੜਿਆ ਹੋਇਆ ਹੈ। ਇਸ ਮਹੀਨੇ, ਵਿਸ਼ਵ ਬੈਂਕ ਨੇ ਚਿਤਾਵਨੀ ਦਿੱਤੀ ਸੀ ਕਿ ਭਾਰਤ, ਹੋਰ ਦੱਖਣੀ ਏਸ਼ੀਆਈ ਦੇਸ਼ਾਂ ਵਾਂਗ, ਆਪਣੀ ਤੇਜ਼ੀ ਨਾਲ ਵੱਧ ਰਹੀ ਕੰਮਕਾਜੀ ਉਮਰ ਦੀ ਆਬਾਦੀ ਲਈ ਲੋੜੀਂਦੀਆਂ ਨੌਕਰੀਆਂ ਨਹੀਂ ਪੈਦਾ ਕਰ ਰਿਹਾ ।

ਦੇਸ਼ ਵਿੱਚ ਮੌਜੂਦਾ ਬੇਰੁਜ਼ਗਾਰੀ ਦੀ ਸਥਿਤੀ ਨੂੰ ਸਮਝਣ ਲਈ ਹੁਣੇ ਜਾਰੀ 'ਇੰਡੀਆ ਐਂਪਲਾਇਮੈਂਟ




ਰਿਪੋਰਟ-2024 ਧਿਆਨ ਦੇਣ ਯੋਗ ਹੈ।

ਇਸ ਰਿਪੋਰਟ ਵਿੱਚ 2000-2022 ਦੇ ਦੋ ਦਹਾਕਿਆਂ ਦੌਰਾਨ ਬੇਰੁਜ਼ਗਾਰੀ ਦੇ ਵੱਖ-ਵੱਖ ਪਹਿਲੂਆਂ ਅਤੇ ਸਮੱਸਿਆਵਾਂ ਦਾ ਵਿਸਤਾਰ ਸਹਿਤ ਅਧਿਐਨ ਕੀਤਾ ਗਿਆ ਹੈ। ਇਹ ਆਮ ਕਿਹਾ ਜਾਂਦਾ ਰਿਹਾ ਹੈ ਕਿ ਜਦੋਂ ਆਰਥਿਕ ਵਿਕਾਸ ਦਰ ਉੱਚੀ ਹੋਵੇਗੀ ਤਾਂ ਰੁਜ਼ਗਾਰ ਦੇ ਲੋੜੀਂਦੇ ਮੌਕੇ ਆਪਣੇ ਆਪ ਪੈਦਾ ਹੋ ਜਾਣਗੇ ਪਰ ਅਜਿਹਾ ਨਹੀਂ ਹੋਇਆ। ਸਾਲ 2000 ਤੋਂ 2012 ਦਰਮਿਆਨ ਵਿਕਾਸ ਦੀ ਦਰ ਤਾਂ ਪ੍ਰਤੀ ਸਾਲ 6.2 ਪ੍ਰਤੀਸ਼ਤ ਰਹੀ ਪਰ ਰੁਜ਼ਗਾਰ ਦੀ ਸਾਲਾਨਾ ਦਰ ਕੇਵਲ 1.6 ਪ੍ਰਤੀਸ਼ਤ ਹੀ ਰਹੀ। ਇਸੇ ਤਰ੍ਹਾਂ 2012 ਤੋਂ 2019 ਦੇ ਸਮੇਂ ਦੌਰਾਨ ਆਰਥਿਕ ਵਿਕਾਸ ਦੀ ਦਰ ਵਿੱਚ ਹੋਰ ਸੁਧਾਰ ਹੋ ਕੇ ਇਹ 6.7 ਪ੍ਰਤੀਸ਼ਤ ਸਾਲਾਨਾ ਹੋ ਗਈ ਪਰ ਰੁਜ਼ਗਾਰ ਦੇ ਮੌਕੇ ਸਾਲਾਨਾ ਮਹਿਜ਼ 0.01 ਪ੍ਰਤੀਸ਼ਤ ਹੀ ਵਧੇ।

ਇਹ ਤੱਥ ਦੱਸਦੇ ਹਨ ਕਿ ਆਰਥਿਕ ਵਿਕਾਸ ਅਤੇ ਰੁਜ਼ਗਾਰ ਦੀ ਦਰ ਦਾ ਆਪਸ ਵਿੱਚ ਕੋਈ ਸਬੰਧ ਨਹੀਂ ਹੈ। ਦੇਸ਼ ਵਿੱਚ ਆਮ/ਖੁੱਲ੍ਹੀ ਬੇਰੁਜ਼ਗਾਰੀ ਦੀ ਦਰ 2000-2012 ਦੇ ਸਮੇਂ ਵਿੱਚ ਮਹਿਜ਼ 2-3 ਪ੍ਰਤੀਸ਼ਤ ਸੀ ਜਿਹੜੀ 2012-2019 ਦੇ ਸਮੇਂ ਵਿੱਚ ਕਾਫ਼ੀ ਜਿਆਦਾ ਵੱਧ ਕੇ 5.8 ਪ੍ਰਤੀਸ਼ਤ 'ਤੇ ਪਹੁੰਚ ਗਈ, ਮਗਰੋਂ ਥੋੜ੍ਹੀ ਘਟ ਕੇ 2022 ਵਿੱਚ 4.1 ਪ੍ਰਤੀਸ਼ਤ ਹੋ ਗਈ। ਆਮ/ਖੁੱਲ੍ਹੀ ਬੇਰੁਜ਼ਗਾਰੀ ਦੀ ਉੱਚੀ ਦਰ ਹੋਣ ਦਾ ਮੁੱਖ ਕਾਰਨ ਕਿਰਤ ਸ਼ਕਤੀ ਦੇ ਵਾਧੇ ਦੇ ਮੁਕਾਬਲੇ ਰੁਜ਼ਗਾਰ ਦੇ ਮੌਕਿਆਂ ਵਿੱਚ ਘੱਟ ਵਾਧਾ ਹੋਣਾ ਹੈ। ਭਾਰਤ ਵਿੱਚ 2022 ਵਿੱਚ ਕੁੱਲ ਬੇਰੁਜ਼ਗਾਰਾਂ ਵਿੱਚ ਨੌਜਵਾਨ ਬੇਰੁਜ਼ਗਾਰਾਂ ਦਾ ਹਿੱਸਾ 82.9 ਪ੍ਰਤੀਸ਼ਤ ਸੀ। ਇਵੇਂ ਹੀ ਕੁੱਲ ਬੇਰੁਜ਼ਗਾਰਾਂ ਵਿੱਚ ਪੜ੍ਹੇ ਲਿਖੇ ਨੌਜਵਾਨਾਂ ਦਾ ਹਿੱਸਾ 2000 ਵਿੱਚ 54.2 ਪ੍ਰਤੀਸ਼ਤ ਤੋਂ ਵਧ ਕੇ 2022 ਵਿੱਚ 65.7 ਪ੍ਰਤੀਸ਼ਤ ਹੋ ਗਿਆ। ਦੱਸਣਾ ਬਣਦਾ ਹੈ ਕਿ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ ਬਾਲਗ ਪੜ੍ਹੇ ਲਿਖੇ (ਬਾਕੀ ਸਫ਼ਾ 31 'ਤੇ)

# 80 ਫ਼ੀਸਦੀ ਭਾਰਤੀ 'ਹਿੰਦੂ ਰਾਸ਼ਟਰ' ਦੇ ਹੱਕ 'ਚ ਨਹੀਂ, ਸਗੋਂ ਧਾਰਮਿਕ ਬਹੁਲਵਾਦ ਦੇ ਹੱਕ ਵਿੱਚ

## ਸੀ.ਐਸ.ਡੀ.ਐਸ.-ਲੋਕਨੀਤੀ ਨੇ ਜਾਰੀ ਕੀਤਾ ਤਾਜ਼ਾ ਸਰਵੇਖਣ

ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਇਸ ਨਾਲ ਜੁੜੀਆਂ ਸਾਰੀਆਂ ਜਥੇਬੰਦੀਆਂ ਦੇ ਯਤਨਾਂ ਦੇ ਬਾਵਜੂਦ ਭਾਰਤ ਦੇ ਲਗਭਗ 80 ਫੀਸਦੀ ਲੋਕ ਮੰਨਦੇ ਹਨ ਕਿ ਭਾਰਤ ਸਭ ਦਾ ਹੈ ਨਾ ਕਿ ਸਿਰਫ਼ ਹਿੰਦੂਆਂ ਦਾ। ਭਾਵ ਹਿੰਦੂਤਵ ਦੇ ਸਿਆਸੀ ਪ੍ਰਚਾਰ ਦੇ ਉਲਟ ਉਹ ਧਾਰਮਿਕ ਬਹੁਲਵਾਦ ਦੇ ਸਮਰਥਕ ਹਨ। ਇਹ ਨਤੀਜਾ ਸੀਐਸਡੀਐਸ-ਲੋਕਨੀਤੀ ਦਾ ਤਾਜ਼ਾ ਸਰਵੇਖਣ ਹੈ। ਵਿਕਾਸਸ਼ੀਲ ਸਮਾਜਾਂ ਦੇ ਅਧਿਐਨ ਲਈ ਇੱਕ ਵੱਕਾਰੀ ਕੇਂਦਰ ਵਜੋਂ ਮਸ਼ਹੂਰ ਸੀਐਸਡੀਐਸ-ਲੋਕਨੀਤੀ - ਲੋਕਨੀਤੀ ਦੇ 19 ਰਾਜਾਂ ਵਿੱਚ ਕੀਤੇ ਗਏ ਇਸ ਸਰਵੇਖਣ ਵਿੱਚ ਜ਼ਿਆਦਾਤਰ ਲੋਕਾਂ ਨੇ ਧਾਰਮਿਕ ਬਹੁਲਵਾਦ ਨੂੰ ਆਪਣਾ ਸਮਰਥਨ ਦਿੱਤਾ। ਲੋਕਨੀਤੀ ਨੇ ਇਹ ਸਰਵੇਖਣ ਅੰਗਰੇਜ਼ੀ ਅਖਬਾਰ ਦ ਹਿੰਦੂ ਲਈ ਕਰਵਾਇਆ ਸੀ।

ਦਿ ਹਿੰਦੂ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਧਾਰਮਿਕ ਬਹੁਲਵਾਦ ਦਾ ਬਹੁਤ ਪੁਰਾਣਾ ਇਤਿਹਾਸ ਹੈ। ਅੱਜ ਵੀ ਭਾਰਤ ਦੇ ਬਹੁਤੇ ਲੋਕਾਂ ਵਿੱਚ ਧਾਰਮਿਕ ਬਹੁਲਵਾਦ ਦੀ ਭਾਵਨਾ ਜ਼ਿੰਦਾ ਹੈ।



ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰਵੇਖਣ ਵਿੱਚ ਸ਼ਾਮਲ 79 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਸਾਰੇ ਧਰਮ ਬਰਾਬਰ ਹਨ, ਕੋਈ ਵਿਸ਼ੇਸ਼ ਧਰਮ ਉਚਾ ਨੀਵਾਂ ਨਹੀਂ ਹੈ। ਦਿਲਚਸਪ ਗੱਲ ਇਹ ਹੈ ਕਿ ਅਜਿਹੇ ਵਿਚਾਰ ਰੱਖਣ ਵਾਲਿਆਂ ਵਿੱਚ ਹਿੰਦੂਆਂ ਦੀ ਗਿਣਤੀ ਵੱਡੀ ਹੈ ਅਤੇ ਹਾਲਾਂਕਿ ਉਨ੍ਹਾਂ ਨੂੰ ਲਾਮਬੰਦ ਕਰਕੇ ਆਰਐਸਐਸ-ਭਾਜਪਾ ਹਿੰਦੂ ਰਾਸ਼ਟਰ ਦੇ ਵਿਚਾਰ ਦਾ ਪ੍ਰਚਾਰ ਕਰ ਰਹੀ ਹੈ। ਭਾਰਤ ਵਿੱਚ 10 ਵਿੱਚੋਂ 8 ਲੋਕ ਧਾਰਮਿਕ ਬਹੁਲਵਾਦ ਦਾ ਸਮਰਥਨ ਕਰਦੇ ਹਨ। ਲੋਕਾਂ ਦਾ ਮੰਨਣਾ ਹੈ ਕਿ ਭਾਰਤ ਇੱਕ ਅਜਿਹਾ ਦੇਸ਼ ਹੋਣਾ ਚਾਹੀਦਾ ਹੈ ਜਿੱਥੇ ਸਾਰੇ ਲੋਕ ਆਪਣੇ ਧਰਮ ਦੀ ਆਜ਼ਾਦੀ ਨਾਲ ਪਾਲਣਾ ਕਰ ਸਕਣ। ਹਾਲਾਂਕਿ 11 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਭਾਰਤ ਸਿਰਫ ਹਿੰਦੂਆਂ ਦਾ ਦੇਸ਼ ਹੈ। ਜਦੋਂ ਕਿ 10 ਫੀਸਦੀ ਲੋਕਾਂ ਨੇ ਕੋਈ ਫੈਸਲਾ ਨਹੀਂ ਦਿੱਤਾ ਕਿ ਭਾਰਤ ਹਿੰਦੂਆਂ ਦਾ ਦੇਸ਼ ਹੈ ਜਾਂ ਸਾਰੇ ਧਰਮਾਂ ਦਾ। ਰਿਪੋਰਟ ਮੁਤਾਬਕ ਬਜ਼ੁਰਗਾਂ ਤੋਂ ਵੱਧ ਨੌਜਵਾਨ ਮੰਨਦੇ ਹਨ ਕਿ ਭਾਰਤ ਸਾਰੇ ਧਰਮਾਂ ਦਾ ਦੇਸ਼ ਹੈ। ਪਰ ਬਜ਼ੁਰਗਾਂ ਦੀ ਗਿਣਤੀ ਵੀ ਘੱਟ ਨਹੀਂ, 73 ਫੀਸਦੀ ਬਜ਼ੁਰਗਾਂ ਦਾ ਮੰਨਣਾ ਹੈ ਕਿ ਭਾਰਤ ਸਾਰੇ ਧਰਮਾਂ ਦਾ ਦੇਸ਼ ਹੈ। ਜਦੋਂ ਕਿ 81 ਫੀਸਦੀ ਨੌਜਵਾਨ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਭਾਰਤ ਸਾਰੇ ਧਰਮਾਂ ਦਾ ਦੇਸ਼ ਹੈ।

(ਬਾਕੀ ਸਫ਼ਾ 31 'ਤੇ)

# ਲੋਕ ਸਭਾ ਚੋਣਾਂ ਦੌਰਾਨ ਬੇਅਦਬੀ ਮਾਮਲੇ ਵਿੱਚ ਸਾਰੀਆਂ ਸਿਆਸੀ ਧਿਰਾਂ ਖਾਮੋਸ਼

## ‘ਆਪ’ ਸਰਕਾਰ ਨੇ 24 ਮਹੀਨਿਆਂ ਬਾਅਦ ਵੀ ਮੁੱਖ ਦੋਸ਼ੀ ਵਿਰੁੱਧ ਕੇਸ ਚਲਾਉਣ ਦੀ ਨਹੀਂ ਦਿੱਤੀ ਇਜਾਜ਼ਤ

### ਕੇਜਰੀਵਾਲ ਨੇ 24 ਘੰਟਿਆਂ ’ਚ ਇਨਸਾਫ਼ ਦਿਵਾਉਣ ਦਾ ਕੀਤਾ ਸੀ ਵਾਅਦਾ






ਪੰਜਾਬ ਵਿੱਚ 2015 ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੀਆਂ ਘਟਨਾਵਾਂ, ਜਿਸ ਨੇ ਲਗਾਤਾਰ ਪੰਜਾਬ ਦੀ ਸਿਆਸਤ ਤੇ ਚੋਣਾਂ ਨੂੰ ਪ੍ਰਭਾਵਿਤ ਕੀਤਾ ਹੈ, ਸੰਬੰਧੀ ਹੁਣ ਲੋਕ ਚੋਣਾਂ ਦੌਰਾਨ ਸਾਰੀਆਂ ਸਿਆਸੀ ਧਿਰਾਂ ਖਾਮੋਸ਼ ਨਜ਼ਰ ਆ ਰਹੀਆਂ ਹਨ, ਜਿਵੇਂ ਉਨ੍ਹਾਂ ਦੀ ਇਨ੍ਹਾਂ ਮਾਮਲਿਆਂ ਵਿੱਚ ਇਨਸਾਫ਼ ਮਿਲਣ ਦੀ ਆਸ ਖ਼ਤਮ ਹੋ ਗਈ ਹੋਵੇ । ਯਾਦ ਰਹੇ ਕਿ ਪੰਜਾਬ ਅੰਦਰ ਸਾਲ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ ਰਾਜਨੀਤਿਕ ਪਾਰਟੀਆਂ ਦਾ ਮੁੱਖ ਮੁੱਦਾ ਸੀ। ਹਾਲਾਂਕਿ ਪੰਜਾਬ ਵਿੱਚ ਕਾਂਗਰਸ (2017-22) ਅਤੇ ਮੌਜੂਦਾ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਸਮੇਂ ਸਿੱਖਾਂ ਦੇ ਧਾਰਮਿਕ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦੀ ਕਥਿਤ ਬੇਅਦਬੀ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਇਹਨਾਂ ਘਟਨਾਵਾਂ ਨਾਲ ਉਸ ਸਮੇਂ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੂੰ ਸਿੱਖਾਂ ਦੇ ਗੁੱਸੇ ਦਾ ਸਾਹਮਣਾ ਕਰਨ ਪਿਆ ਸੀ। ਅਕਾਲੀ ਦਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰ ਗਿਆ ਸੀ। ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਜੋ ਪੰਜਾਬ ਵਿੱਚ ਸਰਕਾਰ ਬਣਨ ਤੋਂ ਪਹਿਲਾਂ ਬੇਅਦਬੀ ਦੇ ਮਾਮਲਿਆਂ ਵਿੱਚ 24 ਘੰਟਿਆਂ ਵਿੱਚ ਇਨਸਾਫ਼ ਦਿਵਾਉਣ ਦੇ ਦਾਅਵੇ ਕਰਦੇ ਸਨ, ਦੀ ਸਰਕਾਰ ਮਗਰਲੇ 24 ਮਹੀਨਿਆਂ ਦੌਰਾਨ ਮੁੱਖ ਸਾਜ਼ਿਸ਼ਕਰਤਾ ਸੌਦਾ ਸਾਧ ਵਿਰੁੱਧ ਅਦਾਲਤ ਵਿੱਚ ਕੇਸ ਵੀ ਨਹੀਂ ਚਲਾ ਸਕੀ ਤੇ ਇਸ ਮਾਮਲੇ ’ਤੇ ਹੁਣ ਕੋਈ ਜਵਾਬ ਵੀ ਦੇਣਾ ਬੰਦ ਕਰ ਦਿੱਤਾ ਹੈ । ਬੀਤੇ ਦਿਨਾਂ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਬੇਅਦਬੀਆਂ ਦੇ ਸਾਰੇ ਕੇਸ ਦੁਬਾਰਾ ਸੀ.ਬੀ.ਆਈ. ਨੂੰ ਦੇਣ ਦੀ ਮੰਗ ਸੰਬੰਧੀ ਪਟੀਸ਼ਨ ’ਤੇ ਰਾਜ ਸਰਕਾਰ ਦੀ ਕਮਜ਼ੋਰ ਪੈਰਵਾਈ ਕਾਰਨ ਬੇਅਦਬੀਆਂ ਦੇ ਕੇਸਾਂ ਸੰਬੰਧੀ ਹੇਠਲੀਆਂ ਅਦਾਲਤਾਂ ਵਿਚ ਚੱਲ ਰਹੇ ਸਾਰੇ ਕੇਸਾਂ ਦੀ ਸੁਣਵਾਈ ’ਤੇ ਰੋਕ ਲੱਗ ਗਈ ਹੈ । ਹਾਲਾਂਕਿ ਸੁਪਰੀਮ ਕੋਰਟ ਦੋ ਵਾਰ ਅਜਿਹੀ ਮੰਗ ਪਹਿਲਾਂ ਰੱਦ ਕਰ ਚੁੱਕੀ ਹੈ । ਬਠਿੰਡਾ ਵਿਖੇ 19 ਅਕਤੂਬਰ 2015 ਪਿੰਡ ਗੁਰੂਸਰ ਭਗਤੇ (ਥਾਣਾ ਦਿਆਲਪੁਰਾ) ਵਿਖੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿੰਡਾਉਣ ਸੰਬੰਧੀ ਕੇਸ ਵਿੱਚ ਹੇਠਲੀ ਅਦਾਲਤ ਵੱਲੋਂ 3 ਕਥਿਤ ਦੋਸ਼ੀਆਂ ਨੂੰ 3-3 ਸਾਲ ਦੀ ਸਜ਼ਾ ਵੀ ਸੁਣਾਈ ਜਾ ਚੁੱਕੀ ਹੈ । ਮੌਜੂਦਾ ਕਾਨੂੰਨ ਅਨੁਸਾਰ ਬੇਅਦਬੀ ਦੇ ਕੇਸਾਂ ਵਿੱਚ 3 ਸਾਲ ਤੱਕ ਦੀ ਸਜ਼ਾ ਹੀ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ ਐਫ਼.ਆਈ.ਆਰ. 128, ਜੋ ਬਰਗਾੜੀ ਦੀਆਂ ਗਲੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿੰਡਾਉਣ ਸੰਬੰਧੀ ਹੈ, ਕੇਸ ਵੀ ਦੋਸ਼ ਆਇਦ ਕਰਨ ਲਈ ਲੱਗਾ ਹੋਇਆ ਸੀ, ਪਰ ਇਨ੍ਹਾਂ ਸਾਰੇ ਕੇਸਾਂ ਸੰਬੰਧੀ ਸਰਕਾਰ ਦੀ ਟਾਲ-ਮਟੋਲ ਤੇ ਅਸਪੱਸ਼ਟ ਨੀਤੀ ਕਾਰਨ ਇਨ੍ਹਾਂ ਕੇਸਾਂ ਵਿਚ 8 ਸਾਲ ਤੋਂ ਕੇਸ ਲਟਕ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਅਕਾਲੀ-ਭਾਜਪਾ ਸਰਕਾਰ ਵੱਲੋਂ ਕੇਵਲ ਦੋ ਕੇਸਾਂ ’ਚ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ ਸੀ ਤੇ ਸੀ.ਬੀ.ਆਈ. ਵੱਲੋਂ ਇਨ੍ਹਾਂ ਕੇਸਾਂ ਵਿੱਚ ਕਲੋਜ਼ਰ ਰਿਪੋਰਟ ਦੇਣ ਕਾਰਨ ਕੈਪਟਨ ਸਰਕਾਰ ਵੱਲੋਂ ਸੀ.ਬੀ.ਆਈ. ਤੋਂ ਇਹ ਜਾਂਚ ਵਾਪਸ ਲੈ ਲਈ ਗਈ ਸੀ ਤੇ ਰਾਜ ਸਰਕਾਰ ਦੇ ਫ਼ੈਸਲੇ ਦੀ ਸੁਪਰੀਮ ਕੋਰਟ ਵੱਲੋਂ ਵੀ ਪੁਸ਼ਟੀ ਕਰ ਦਿੱਤੀ ਗਈ ਸੀ । ਮੌਜੂਦਾ ਭਗਵੰਤ ਮਾਨ ਦੀ ਸਰਕਾਰ ਵੱਲੋਂ ਡੇਰਾ ਸਿਰਸਾ ਦੇ ਕੇਸ ਲੜਨ ਵਾਲੇ ਵਕੀਲ ਨੂੰ ਹੀ ਰਾਜ ਦਾ ਐਡਵੋਕੇਟ ਜਨਰਲ ਲਗਾਉਣ ਕਾਰਨ ਵੀ ਸਰਕਾਰ ਦਾ ਵੱਡਾ ਵਿਰੋਧ ਹੋਇਆ ਸੀ, ਜਿਸ ਕਾਰਨ ਰਾਜ ਸਰਕਾਰ ਨੂੰ ਆਪਣਾ ਫ਼ੈਸਲਾ ਬਦਲਣਾ ਪਿਆ । ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਹੇਠਲੀਆਂ ਅਦਾਲਤਾਂ ਵਿੱਚ ਬੇਅਦਬੀ ਦੇ ਕੇਸਾਂ ’ਤੇ ਅੱਗੋਂ ਸੁਣਵਾਈ ’ਤੇ ਲੱਗੀ ਰੋਕ ਸੰਬੰਧੀ ਰਾਜ ਸਰਕਾਰ ਦੀ ਖਾਮੋਸ਼ੀ ਤੇ ਇਸ ਸੰਬੰਧੀ ਸੁਪਰੀਮ ਕੋਰਟ ਵਿੱਚ ਪਹੁੰਚ ਕਰਨ ਤੋਂ ਵੀ ਕੰਨ੍ਹੀ ਕਤਰਾਉਣਾ ਰਾਜ ਸਰਕਾਰ ਦੀ



(**ਬਾਕੀ ਸਫ਼ਾ 31 ’ਤੇ**)

### ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਸਬੰਧੀ ਬਿੱਲ ਬਾਰੇ ਮੋਦੀ ਸਰਕਾਰ ਦੀ ਟਾਲ ਮਟੋਲ ਨੀਤੀ

ਭਾਵੇਂ ਕਿ ਅਕਾਲੀ ਦਲ ਨੇ ਸਾਲ 2016 ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਵਿਧਾਨ ਸਭਾ ਵਿੱਚ ਇੱਕ ਬਿੱਲ ਲਿਆਂਦਾ ਸੀ ਪਰ ਇਹ ਕੇਂਦਰ ਸਰਕਾਰ ਵੱਲੋਂ ਵਾਪਿਸ ਕਰ ਦਿੱਤਾ ਗਿਆ। ਸਾਲ 2018 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜਾਬ ਅਸੈਂਬਲੀ ਵਿੱਚ ‘ਇੰਡੀਅਨ ਪੀਨਲ ਕੋਡ (ਪੰਜਾਬ ਸੋਧ) ਬਿੱਲ, 2018 ਅਤੇ ਦਿ ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ (ਪੰਜਾਬ ਸੋਧ) ਬਿੱਲ 2018’ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਸੀ। ਇਸ ਬਿੱਲ ਮੁਤਾਬਕ ਸ਼੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੀਮਦ ਭਗਵਤ ਗੀਤਾ, ਪਵਿੱਤਰ ਕੁਰਾਨ ਅਤੇ ਪਵਿੱਤਰ ਬਾਈਬਲ ਨੂੰ ਜੇ ਕੋਈ ਜਨਤਾ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਨੁਕਸਾਨ ਪਹੁੰਚਾਉਂਦਾ ਹੈ ਜਾਂ ਬੇਅਦਬੀ ਕਰਦਾ ਹੈ ਤਾਂ ਉਸ ਵਿਅਕਤੀ ਨੂੰ ਉਮਰ ਭਰ ਕੈਦ ਦੀ ਸਜ਼ਾ ਦੀ ਤਜਵੀਜ਼ ਕੀਤੀ ਗਈ ਹੈ। ਆਈ.ਪੀ.ਸੀ. ਦੀ ਧਾਰਾ 295 ਵਿੱਚ ਸੋਧ ਕਰਨ ਸੰਬੰਧੀ ਮਗਰਲੀ ਕਾਂਗਰਸ ਸਰਕਾਰ ਵੱਲੋਂ ਪਾਸ ਕੀਤੇ ਗਏ ਕਾਨੂੰਨ ਨੂੰ ਵੀ ਰਾਜ ਭਵਨ ਨੇ ਪ੍ਰਵਾਨਗੀ ਦੇਣ ਦੀ ਥਾਂ ਰਾਸ਼ਟਰਪਤੀ ਨੂੰ ਭੇਜ ਦਿੱਤਾ ਸੀ ਤੇ ਮਗਰਲੇ 6 ਸਾਲਾਂ ਤੋਂ ਇਹ ਬਿੱਲ ਭਾਰਤ ਸਰਕਾਰ ਆਪਣੇ ਕੋਲ ਰੱਖੀ ਬੈਠੀ ਹੈ ਤੇ ਇਸ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾ ਰਹੀ। ਵਿਧਾਨ ਸਭਾ ਵੱਲੋਂ 2016 ਵਿੱਚ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀ ਲਈ ਸਜ਼ਾ ਸਖ਼ਤ ਕਰਨ ਲਈ ਜੋ ਕਾਨੂੰਨ ਬਣਾਇਆ ਗਿਆ ਸੀ, ਉਸ ’ਤੇ ਇਤਰਾਜ਼ ਸੀ ਕਿ ਸਜ਼ਾ ਸਾਰੇ ਧਾਰਮਿਕ ਗ੍ਰੰਥਾਂ ਸੰਬੰਧੀ ਇਕੋ ਜਿਹੀ ਹੋਣੀ ਚਾਹੀਦੀ ਹੈ ਤੇ 2018 ਦਾ ਕਾਨੂੰਨ ਸਾਰੇ ਧਾਰਮਿਕ ਗ੍ਰੰਥਾਂ ਸੰਬੰਧੀ ਬਣਾਇਆ ਗਿਆ ਸੀ, ਪਰ ਭਗਵੰਤ ਮਾਨ ਸਰਕਾਰ ਇਸ ਬਿੱਲ ਲਈ ਛੇਤੀ ਪ੍ਰਵਾਨਗੀ ਦਾ ਮਾਮਲਾ ਕਿਉਂ ਨਹੀਂ ਉਠਾ ਰਹੀ ਤੇ ਕੀ ਸਰਕਾਰ ’ਤੇ ਇਸ ਲਈ ਕੋਈ ਦਬਾਅ ਹੈ। ਸਰਕਾਰ ਨੂੰ ਇਸ ਸੰਬੰਧੀ ਵੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਦੂਜੇ ਸਿਆਸੀ ਦਲਾਂ ਦੀ ਇਸ ਮਾਮਲੇ ’ਤੇ ਚੁੱਪੀ ਤੋਂ ਇਹ ਪ੍ਰਭਾਵ ਜਾ ਰਿਹਾ ਹੈ ਕਿ ਕੀ ਉਹ ਭਗਵੰਤ ਮਾਨ ਸਰਕਾਰ ਦੀ ਟਾਲ-ਮਟੋਲ ਦੀ ਨੀਤੀ ਨਾਲ ਸਹਿਮਤ ਹਨ, ਪਰ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਕੀ ਬੇਅਦਬੀਆਂ ਦਾ ਮੁੱਦਾ ਇਨ੍ਹਾਂ ਚੋਣਾਂ ਵਿੱਚ ਵੀ ਉਠੇਗਾ ਤੇ ਮੌਜੂਦਾ ਸਰਕਾਰ ਦੀ ਬੇਅਦਬੀਆਂ ਦੇ ਕੇਸਾਂ ਸੰਬੰਧੀ ਕਾਰਗੁਜ਼ਾਰੀ ਲਈ ਉਸ ਨੂੰ ਜਵਾਬਦੇਹ ਬਣਾਇਆ ਜਾਵੇਗਾ ਜਾਂ ਨਹੀਂ।

# ਪੰਜਾਬ ਕਾਂਗਰਸ ਬਗਾਵਤ ਨੂੰ ਠੱਲ੍ਹਣ ਵਿੱਚ ਹੋਈ ਬੇਵੱਸ

## ➢ ਚੌਧਰੀ ਤੇ ਬੇਅੰਤ ਸਿੰਘ ਪਰਿਵਾਰਾਂ ਸਮੇਤ ਕਾਂਗਰਸ ਦੇ ਮਹਾਂਰਥੀਆਂ ਨੇ ਪਾਰਟੀ ਛੱਡੀ ➢ ਪੰਜਾਬ ਕਾਂਗਰਸ ਕੋਲ ਕੈਪਟਨ ਤੇ ਜਾਖੜ ਵਰਗੇ ਲੀਡਰਾਂ ਦੀ ਘਾਟ

ਕੁਝ ਸਮਾਂ ਪਹਿਲਾਂ ਏ.ਬੀ.ਪੀ. ਦਾ ਜੋ ਚੋਣ ਵਿਸ਼ਲੇਸ਼ਣ ਪੰਜਾਬ ਬਾਰੇ ਆਇਆ ਸੀ ਉਸ ਵਿੱਚ ਕਾਂਗਰਸ ਦਾ ਮੁਕਾਬਲਾ ਆਪ ਪਾਰਟੀ ਨਾਲ ਦਸਿਆ ਜਾ ਰਿਹਾ ਸੀ। ਕਾਂਗਰਸ ਨੂੰ ਲੋਕ ਸਭਾ ਚੋਣਾਂ ਵਿੱਚ ਵਧ ਸੀਟਾਂ ਜਿੱਤਣ ਦੀ ਸੰਭਾਵਨਾ ਦਸੀ ਜਾ ਰਹੀ ਸੀ। ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਦਾਅਵਾ ਸੀ ਕਿ ਪਾਰਟੀ ਦਾ ਪਹਿਲੀ ਵਾਰ ਬੂਥ ਪੱਧਰ ’ਤੇ ਸੰਗਠਨ ਤਿਆਰ ਕੀਤਾ ਗਿਆ ਹੈ ਪਰ ਟਿਕਟਾਂ ਦੀ ਵੰਡ ਦੀ ਸ਼ੁਰੂਆਤ ਹੋਣ ਤੱਕ ਕਾਂਗਰਸ ਦੇ ਸੰਗਠਨ ਤੋਂ ਲੈ ਕੇ ਨੇਤਾਵਾਂ ਵਿੱਚ ਬਗਾਵਤ ਤੇ ਭਾਰੀ ਫੁੱਟ ਦੇਖਣ ਨੂੰ ਮਿਲ ਰਹੀ ਹੈ। ਕਾਂਗਰਸ ਦੇ ਇੱਕ-ਇੱਕ ਕਰ ਕੇ ਨੇਤਾ ਪਾਰਟੀ ਛੱਡ ਕੇ ਦੂਸਰੀਆਂ ਪਾਰਟੀਆਂ ਵਿੱਚ ਜਾ ਰਹੇ ਹਨ। ਜੇਕਰ ਸਥਿਤੀ ਇਹੀ ਰਹੀ ਤਾਂ ਕਾਂਗਰਸ ਦੇ ਸੁਪਨਿਆਂ ਦਾ ਮਹੱਲ ਢਹਿ ਢੇਰੀ ਹੋ ਸਕਦਾ ਹੈ।

**ਕਾਂਗਰਸ ਦੇ ਮਸ਼ਹੂਰ ਪਰਿਵਾਰਾਂ ਨੇ ਪਾਰਟੀ ਛੱਡੀ**

ਪੰਜਾਬ ਕਾਂਗਰਸ ਦੇ ਵੱਡੇ ਮਹਾਂਰਥੀ ਕੈਪਟਨ ਅਤੇ ਜਾਖੜ ਪਰਿਵਾਰ ਪਹਿਲਾਂ ਹੀ ਕਾਂਗਰਸ ਨੂੰ ਛੱਡ ਗਏ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਜਦਕਿ ਲੋਕ ਸਭਾ ਚੋਣਾਂ ਦੌਰਾਨ ਮਰਹੂਮ ਬੇਅੰਤ ਸਿੰਘ ਪਰਿਵਾਰ ਦਾ ਰਵਨੀਤ ਬਿੱਟੂ ਕਾਂਗਰਸ ਛੱਡ ਕੇ ਭਾਜਪਾ ਵਿੱਚ ਚਲਾ ਗਿਆ। ਦੋਆਬਾ ਵਿੱਚ ਦਲਿਤ ਰਾਜਨੀਤੀ ਦਾ ਸਾਲਾਂ ਤੱਕ ਝੰਡਾ ਚੁੱਕਣ ਵਾਲੇ ਚੌਧਰੀ ਪਰਿਵਾਰ ਦੀ ਕਰਮਜੀਤ ਕੌਰ ਜਲੰਧਰ ਹਲਕੇ ਤੋਂ ਟਿਕਟ ਨਾ ਮਿਲਣ ਕਾਰਣ ਭਾਜਪਾ ਵਿੱਚ ਜਾ ਚੁੱਕੀ ਹੈ ਜਦਕਿ ਕਰਮਜੀਤ ਕੌਰ ਦੇ ਪਤੀ ਤੇ ਸਾਬਕਾ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦਾ ਦੇਹਾਂਤ ਹੀ ਰਾਹੁਲ ਗਾਂਧੀ ਦੀ ਦੇਸ਼ ਬਚਾਓ ਯਾਤਰਾ ਦੌਰਾਨ ਹੋਇਆ ਸੀ। ਕਰਮਜੀਤ ਕੌਰ ਦੇ ਨਾਲ ਹੀ ਗਾਂਧੀ ਪਰਿਵਾਰ ਦੇ ਨਜ਼ਦੀਕੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਹਿਮਾਚਲ ਪ੍ਰਦੇਸ਼ ਦੇ ਸਹਿ ਇੰਚਾਰਜ ਤਜਿੰਦਰ ਸਿੰਘ ਬਿੱਟੂ ਵੀ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ।



**ਹੋਰ ਕਾਗਰਸੀ ਆਗੂਆਂ ਵੱਲੋਂ ਦਲ ਬਦਲੀ**

ਹੁਣੇ ਜਿਹੇ ਜਲੰਧਰ ਤੋਂ ਲੋਕ ਸਭਾ ਦੀ ਟਿਕਟ ਨਾ ਮਿਲਣ ਤੋਂ ਹਾਈਕਮਾਂਡ ਨਾਲ ਨਰਾਜ਼ ਸਾਬਕਾ ਕਾਂਗਰਸੀ ਸਾਂਸਦ ਮਹਿੰਦਰ ਸਿੰਘ ਕੇ.ਪੀ ਅਕਾਲੀ ਦਲ ਵਿੱਚ ਸ਼ਾਮਿਲ ਹੋ ਗਏ ਹਨ। ਇਸ ਤੋਂ ਪਹਿਲਾਂ ਗੁਰਪ੍ਰੀਤ ਜੀਪੀ ਅਤੇ ਡਾ. ਰਾਜਕੁਮਾਰ ਚੱਬੇਵਾਲ ਵਰਗੇ ਨੇਤਾ ਵੀ ਕਾਂਗਰਸ ਝੱਡ ਕੇ ‘ਆਪ’ ਦੇ ਉਮੀਦਵਾਰ ਬਣ ਗਏ ਹਨ।

ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਵੱਲੋਂ ਡਾ. ਧਰਮਵੀਰ ਗਾਂਧੀ ਨੂੰ ਟਿਕਟ ਦੇਣ ਖ਼ਿਲਾਫ਼ ਟਕਸਾਲੀ ਕਾਂਗਰਸੀ ਵਰਕਰਾਂ ਤੇ ਅਹੁਦੇਦਾਰਾਂ ਨੂੰ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਮਨਾਉਣ ਤੋਂ ਅਸਮਰੱਥ ਰਹੇ। ਸੀਨੀਅਰ ਆਗੂ ਤੇ ਸਾਬਕਾ ਮੰਤਰੀ ਲਾਲ ਸਿੰਘ ਨੇ ਰਾਜਾ ਵੜਿੰਗ ਨੂੰ ਕਿਹਾ ਕਿ ਅਸੀਂ ਕਾਂਗਰਸ ਅਤੇ ਤੁਹਾਨੂੰ ਮਾਫੀਆ ਤੇ ਘੁਸਪੈਠੀਆਂ ਤੋਂ ਬਚਾਉਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਟਕਸਾਲੀਆਂ ਦੀ ਬਾਂਹ ਫੜੀ ਜਾਵੇ ਤੇ ਵਰਕਰਾਂ ਦੇ ਸ਼ਿਕਵੇ ਦੂਰ ਕਰ ਕੇ ਵਰਕਰਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਦੂਸਰੇ ਪਾਸੇ ਰਾਜਪੁਰਾ ਰੈਲੀ ਸਬੰਧੀ ਕਾਂਗਰਸ ਦੇ ਉਮੀਦਵਾਰ ਧਰਮਵੀਰ ਗਾਂਧੀ ਨੇ ਕਿਹਾ ਕਿ ਪਟਿਆਲਾ ਦੀ ਸੀਨੀਅਰ ਲੀਡਰਸ਼ਿਪ ਨੂੰ ਖ਼ੁਦ ਜਾ ਕੇ ਮਿਲਾਂਗਾ ਤੇ ਚੋਣ ਮੁਹਿੰਮ ਯੋਜਨਾ ਤਿਆਰ ਕੀਤੀ ਜਾਵੇਗੀ।

ਦੂਜੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਹੁਣ ਆਪਣੇ ਲੋਕ ਸਭਾ ਹਲਕੇ ਫਰੀਦਕੋਟ ਵਿੱਚ ਘਿਰ ਗਏ ਹਨ। ਪਾਰਟੀ ਅੰਦਰ ਬਾਗੀ ਸੁਰਾਂ ਉੱਠੀਆਂ ਹਨ। ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਨੇ ਫਰੀਦਕੋਟ ਲੋਕ ਸਭਾ ਸੀਟ ਤੋਂ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਪਾਰਟੀ ਤੋਂ ਟਿਕਟ ਦਾ ਦਾਅਵਾ ਵੀ ਵਾਪਸ ਲੈ ਲਿਆ ਹੈ।

(**ਬਾਕੀ ਸਫ਼ਾ 31 ’ਤੇ**)

# ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਪ੍ਰਬੰਧਕ ਕਮੇਟੀ ਦੇ ਸਕੱਤਰ ਨੂੰ ਤਨਖ਼ਾਹੀਆ ਐਲਾਨਿਆ



ਪਟਨਾ/ਏ.ਟੀ.ਨਿਊਜ਼ : ਤਖ਼ਤ ਸ੍ਰੀ ਹਰਿਮੰਦਰ, ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਪਿਛਲੇ ਦਿਨੀਂ ਬੈਠਕ ਕਰ ਕੇ ਪ੍ਰਬੰਧਕ ਕਮੇਟੀ ਦੇ ਸਕੱਤਰ ਹਰਬੰਸ ਸਿੰਘ ਨੂੰ ਤਨਖ਼ਾਹੀਆ ਐਲਾਨਿਆ ਹੈ। ਜੱਥੇਦਾਰ ਸਹਿ ਮੁੱਖ ਗ੍ਰੰਥੀ ਗਿਆਨੀ ਬਲਦੇਵ ਸਿੰਘ ਨੇ ਬੈਠਕ ਤੋਂ ਬਾਅਦ ਦੱਸਿਆ ਕਿ ਦੋ ਅਪ੍ਰੈਲ ਨੂੰ ਸਕੱਤਰ ਨੇ ਪੰਜ ਪਿਆਰਿਆਂ ਨੂੰ ਲਿਖਤੀ ਕੇ ਸਪੱਸ਼ਟੀਕਰਨ ਦਿੱਤਾ ਸੀ ਕਿ ਸਾਲ 2023 'ਚ ਰਣਜੀਤ ਸਿੰਘ ਗੌਹਰ-ਏ-ਮਸਕੀਨ ਦੀ ਸੇਵਾ ਜਾਰੀ ਰੱਖਣ ਨਾਲ ਸਬੰਧਤ ਸੋਸ਼ਲ ਮੀਡੀਆ 'ਤੇ ਪ੍ਰਸਾਰਤ ਪੱਤਰ ਗ਼ਲਤ, ਝੂਠ ਤੇ ਫ਼ਰਜ਼ੀ ਹਨ।

ਇਸ ਬਾਰੇ ਪੰਜ ਪਿਆਰਿਆਂ ਨੇ ਕਿਹਾ ਕਿ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਪੱਤਰਕਾਰ ਸੰਮੇਲਨ 'ਚ ਸਕੱਤਰ ਦੇ ਉਸੇ ਪੱਤਰ ਨੂੰ ਆਧਾਰ ਦੱਸ ਕੇ ਪ੍ਰਬੰਧਕ ਕਮੇਟੀ 'ਤੇ ਅਦਾਲਤ 'ਚ ਮੁਕੱਦਮਾ ਦਰਜ ਕਰਵਾਇਆ ਹੈ। ਪੰਜ ਪਿਆਰਿਆਂ ਨੇ ਮੰਨਿਆ ਕਿ ਜਾਰੀ ਪੱਤਰ 'ਚ ਸਕੱਤਰ ਹਰਬੰਸ ਸਿੰਘ ਦੇ ਹੀ ਦਸਤਖ਼ਤ ਹਨ, ਉਹ ਮੁੱਕਰ ਨਹੀਂ ਸਕਦੇ। ਸਕੱਤਰ ਨੇ ਪੰਜ ਪਿਆਰਿਆਂ ਨਾਲ ਵੀ ਝੂਠ ਬੋਲਿਆ ਹੈ। ਇਸ ਮਾਮਲੇ 'ਚ ਸੰਗਤ ਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਵੀ ਲਿਖਤੀ ਸ਼ਿਕਾਇਤ ਮਿਲੀ ਹੈ। ਪੰਜ ਪਿਆਰਿਆਂ ਨੇ ਐਤਵਾਰ ਨੂੰ ਦਿੱਤੇ ਗਏ ਫ਼ੈਸਲੇ 'ਚ ਕਿਹਾ ਕਿ ਸਕੱਤਰ ਵਾਰ-ਵਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਮਰਿਆਦਾ ਭੰਗ ਕਰਦੇ ਹਨ। ਇਸ ਕਾਰਨ ਸਕੱਤਰ ਹਰਬੰਸ ਸਿੰਘ ਨੂੰ ਤਨਖ਼ਾਹੀਆ ਐਲਾਨਿਆ ਜਾਂਦਾ ਹੈ।

# ਇਟਲੀ 'ਚ ਅੰਮ੍ਰਿਤਧਾਰੀ ਸਿੱਖ 'ਤੇ ਕਿਰਪਾਨ ਪਹਿਨਣ ਕਰਕੇ ਪਰਚਾ ਦਰਜ ਕਰਨਾ ਸਿੱਖਾਂ ਦੀ ਧਾਰਮਿਕ ਅਜ਼ਾਦੀ ਦੇ ਵਿਰੁੱਧ : ਧਾਮੀ





ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਟਲੀ ਦੇ ਮਿਲਾਨ ਸ਼ਹਿਰ ਵਿਖੇ ਇੱਕ ਅੰਮ੍ਰਿਤਧਾਰੀ ਸਿੱਖ ਗੁਰਬਚਨ ਸਿੰਘ ਵਿਰੁੱਧ ਕਿਰਪਾਨ ਪਹਿਨਣ ਕਰਕੇ ਦਰਜ ਕੀਤੇ ਪਰਚੇ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਨੂੰ ਉਨ੍ਹਾਂ ਦੇ ਦੇਸ਼ ਭਾਰਤ ਦਾ ਸੰਵਿਧਾਨ ਵੀ ਕਿਰਪਾਨ ਪਹਿਨਣ ਦੀ ਅਜ਼ਾਦੀ ਦਿੰਦਾ ਹੈ, ਇਸ ਕਰਕੇ ਇਟਲੀ ਦੀ ਸਰਕਾਰ ਨੂੰ ਵੀ ਸਿੱਖ ਸਰੋਕਾਰਾਂ ਨੂੰ ਸਮਝਦੇ ਹੋਏ, ਸਿੱਖਾਂ ਨੂੰ ਆਪਣੇ ਦੇਸ਼ ਅੰਦਰ ਕਿਰਪਾਨ ਪਹਿਨਣ ਦੀ ਖੁੱਲ੍ਹ ਦੇਣੀ ਚਾਹੀਦੀ ਹੈ। ਅਮਰੀਕਾ, ਕੈਨੇਡਾ ਤੇ ਬਰਤਾਨੀਆ ਵਰਗੇ ਵਿਕਸਿਤ ਦੇਸ਼ਾਂ ਵਿੱਚ ਵੀ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਖੁੱਲ੍ਹ ਹੈ। ਐਡਵੋਕੇਟ ਧਾਮੀ ਨੇ ਇਟਲੀ ਦੀ ਸਿੱਖ ਸੰਗਤ ਨੂੰ ਵੀ ਅਪੀਲ ਕੀਤੀ ਕਿ ਗੁਰਬਚਨ ਸਿੰਘ ਦੇ ਵਿਰੁੱਧ ਦਰਜ ਕੀਤੇ ਗਏ ਕੇਸ ਦਾ ਡਟ ਕੇ ਵਿਰੋਧ ਕਰਨ ਅਤੇ ਇਸ ਦੀ ਸਮੁੱਚੀ ਜਾਣਕਾਰੀ ਸ਼੍ਰੋਮਣੀ ਕਮੇਟੀ ਪਾਸ ਵੀ ਪੁੱਜਦੀ ਕਰਨ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਨੂੰ ਰੱਦ ਕਰਵਾਉਣ ਲਈ ਭਾਰਤ ਅੰਦਰ ਇਟਲੀ ਦੇ ਅੰਬੈਸਡਰ ਅਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਵੀ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕਰਨ ਦੇ ਨਾਲ-ਨਾਲ ਸਿੱਖਾਂ ਦੇ ਅਧਿਕਾਰਾਂ ਅਤੇ ਕਿਰਪਾਨ ਦੀ ਮਹੱਤਤਾ ਬਾਰੇ ਜਾਣਕਾਰੀ ਭੇਜੀ ਜਾਵੇਗੀ। ਉਨ੍ਹਾਂ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ ਜੈਸੰਕਰ ਨੂੰ ਵੀ ਅਪੀਲ ਕੀਤੀ ਕਿ ਗੁਰਬਚਨ ਸਿੰਘ ਦੇ ਮਾਮਲੇ ਵਿੱਚ ਇਟਲੀ ਦੀ ਸਰਕਾਰ ਨਾਲ ਗੱਲਬਾਤ ਕਰਕੇ ਉਨ੍ਹਾਂ ਵਿਰੁੱਧ ਦਰਜ ਕੀਤਾ ਗਿਆ ਪਰਚਾ ਰੱਦ ਕਰਵਾਉਣ।

# ਬੇਅਦਬੀ ਕਾਂਡ ਦੇ ਮੁੱਦੇ ਉੱਪਰ ਕੰਵਰ ਵਿਜੇ ਪ੍ਰਤਾਪ ਸਿੰਘ ਨੇ ਮੁੱਖ ਮੰਤਰੀ ਨੂੰ ਘੇਰਿਆ



ਅੰਮ੍ਰਿਤਸਰ/ਏ.ਟੀ.ਨਿਊਜ਼ : ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿੱਚ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਜੰਮ ਕੇ ਵਰ੍ਹਦਿਆਂ ਆਮ ਆਦਮੀ ਪਾਰਟੀ ਸਰਕਾਰੀ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦਾ ਸਾਰਾ ਚਿੱਠਾ ਖੋਲ੍ਹ ਕੇ ਰੱਖ ਦਿੱਤਾ ਹੈ। ਇਹ ਚਿੱਠਾ ਵੀ ਉਸ ਸਮੇਂ ਦੌਰਾਨ ਖੋਲ੍ਹਿਆ ਜਦੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਦਿੱਲੀ ਵਿਖੇ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨਾਲ ਮੀਟਿੰਗ ਕਰ ਰਹੇ ਸਨ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬੇਅਦਬੀ ਦੇ ਮੁੱਦੇ 'ਤੇ ਇਨਸਾਫ਼ ਦੇਣ ਦੇ ਸਵਾਲ 'ਤੇ ਕਿਹਾ ਹੈ ਕਿ ਵਿਧਾਇਕ (ਕੁੰਵਰ ਵਿਜੇ ਪ੍ਰਤਾਪ ਸਿੰਘ) ਦੀ ਨਿੱਜੀ ਰਾਏ ਹੋ ਸਕਦੀ ਹੈ, ਇਸ 'ਤੇ ਆਪਣੀ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ ਗਏ ਬਿਆਨ ਕਿ 'ਵਿਧਾਇਕ (ਕੁੰਵਰ ਵਿਜੇ ਪ੍ਰਤਾਪ ਸਿੰਘ) ਦੀ ਨਿੱਜੀ ਰਾਏ ਹੋ ਸਕਦੀ ਹੈ।' ਨੂੰ ਪੜ੍ਹ ਕਿ ਮੈਂ ਹੈਰਾਨ ਨਹੀਂ ਹੋਇਆ, ਪਰ ਸ਼ਰਮਿੰਦਾ ਜ਼ਰੂਰ ਹੋਇਆ ਹਾਂ। ਆਪਣੇ ਸ਼ੋਸ਼ਲ ਮੀਡੀਆ ਪੇਜ 'ਤੇ ਟਿੱਪਣੀ ਕਰਦੇ ਹੋਏ ਵਿਧਾਇਕ ਨੇ ਮੁੱਖ ਮੰਤਰੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅੱਜ ਤੁਸੀਂ ਜ਼ਖ਼ਮਾਂ 'ਤੇ ਲੂਣ ਛਿੜਕ ਦਿੱਤਾ ਹੈ। ਮੁੱਖ ਮੰਤਰੀ ਦੀ ਉੱਚ-ਕੁਰਸੀ 'ਤੇ ਬੈਠ ਕੇ ਅਜਿਹਾ ਬਿਆਨ ਦੇਣਾ ਚੰਗਾ ਨਹੀਂ ਲਗਦਾ। ਅੱਜ ਲੋਕ ਮੈਨੂੰ ਪੁੱਛ ਰਹੇ ਹਨ ਕਿ ਕੀ ਲੋੜ ਸੀ ਰਾਜਨੀਤੀ ਦੀ ਦਲਦਲ ਵਿਚ ਆਉਣ ਦੀ? ਉਨ੍ਹਾਂ ਕਿਹਾ ਕਿ ਮੈਨੂੰ ਨਿੱਜੀ ਤੌਰ 'ਤੇ ਕੋਈ ਲੋਭ-ਲਾਲਚ ਨਹੀਂ ਹੈ, ਨਾ ਹੀ ਕਿਸੇ ਅਹੁਦੇ ਦੀ ਇੱਛਾ। ਹਾਂ, ਕੇਜਰੀਵਾਲ ਨੇ ਬਰਗਾੜੀ ਤੇ ਬੇਅਦਬੀ ਦੇ ਮੁੱਦੇ 'ਤੇ ਇਨਸਾਫ਼ ਯਕੀਨੀ ਬਣਾਉਣ ਦੀ ਗੱਲ ਕਰਕੇ ਮੈਨੂੰ ਰਾਜਨੀਤੀ ਵਿੱਚ ਲਿਆਂਦਾ ਸੀ, ਪਰ ਮੈਂ ਸਿਆਸਤ ਦਾ ਸ਼ਿਕਾਰ ਹੋ ਗਿਆ। ਉਨ੍ਹਾਂ ਭਗਵੰਤ ਮਾਨ ਨੂੰ ਸਵਾਲ ਕਰਦੇ ਹੋਏ ਕਿਹਾ ਕਿ ਜੇ ਅੱਜ ਤੁਸੀਂ ਬੇਅਦਬੀ ਮਾਮਲੇ 'ਚ ਮੇਰੀ 'ਨਿੱਜੀ ਰਾਏ' ਕਹਿ ਰਹੇ ਹੋ ਤਾਂ ਮੇਰੀ 'ਨਿੱਜੀ ਰਾਏ' ਦਾ ਉਸ ਕੁਰਸੀ ਨਾਲ ਬਹੁਤ ਹੀ ਨੇੜਲਾ ਸੰਬੰਧ ਹੈ, ਜਿਸ 'ਤੇ ਤੁਸੀਂ ਬਿਰਾਜਮਾਨ ਹੋ। ਤੁਹਾਨੂੰ ਯਾਦ ਹੈ 2017 ਦੀਆਂ ਚੋਣਾਂ ਵਿੱਚ ਤੁਸੀਂ ਖੁਦ ਵੀ ਜਲਾਲਾਬਾਦ ਤੋਂ ਹਾਰ ਗਏ ਸੀ, ਪਰ ਤੁਹਾਡੇ ਨਾਲ 2022 ਵਿੱਚ, ਇਹ ਮੇਰੀ ਨਿੱਜੀ ਰਾਏ ਸੀ, ਇਹ ਬੇਅਦਬੀ ਦਾ ਮੁੱਦਾ ਸੀ ਤੇ ਮੈਂ ਵੀ ਸੀ। ਤੁਸੀਂ ਮੇਰੀ ਫੋਟੋ ਪੰਜਾਬ ਦੇ ਹਰ ਜ਼ਿਲ੍ਹੇ ਦੇ ਹਰ ਚੌਕ-ਚੌਰਾਹੇ 'ਤੇ ਲਗਾਈ ਸੀ। ਤੁਸੀਂ ਖੁਦ ਜਿੱਤੇ ਤੇ ਪੰਜਾਬ ਦੀ ਜਨਤਾ ਨੇ ਤੁਹਾਨੂੰ 92 ਵਿਧਾਇਕ ਦਿੱਤੇ। ਜਿੱਥੋਂ ਤੱਕ ਇਨਸਾਫ਼ ਦਾ ਸਵਾਲ ਹੈ, ਇਹ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵੱਲੋਂ ਜ਼ਰੂਰ ਕੀਤਾ ਜਾਵੇਗਾ। ਇਸ ਮੁੱਦੇ 'ਤੇ ਤੁਹਾਡੀ ਪ੍ਰਾਪਤੀ ਅਜਿਹੀ ਹੈ ਕਿ ਬਰਗਾੜੀ ਬੇਅਦਬੀ ਮਾਮਲੇ ਦੀ ਸੁਣਵਾਈ ਫਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਹੋ ਗਈ, ਮੁੱਖ ਦੋਸ਼ੀ ਨਹੀਂ ਫੜੇ ਗਏ, ਮੁੱਖ ਸਾਜ਼ਿਸ਼ਕਰਤਾ ਗ੍ਰਿਫ਼ਤਾਰ ਨਹੀਂ ਹੋਏ। ਹੁਣ ਫਰੀਦਕੋਟ ਦਾ ਕੋਈ ਵੀ ਗਵਾਹ ਚੰਡੀਗੜ੍ਹ ਨਹੀਂ ਜਾ ਸਕੇਗਾ, ਕਈ ਗਵਾਹ ਮੁੱਕਰ ਵੀ ਜਾਣਗੇ।

(ਬਾਕੀ ਸਫ਼ਾ 30 'ਤੇ)

# ਮੇਰਾ ਸਿਆਸਤ 'ਚ ਜਾਣ ਦਾ ਅਜੇ ਕੋਈ ਇਰਾਦਾ ਨਹੀਂ : ਗੁਰਪ੍ਰੀਤ ਘੁੱਗੀ



ਜਲੰਧਰ/ਏ.ਟੀ.ਨਿਊਜ਼ : ਪੰਜਾਬੀ ਇੰਡਸਟਰੀ ਦੇ ਮਸ਼ਹੂਰ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਬਾਰੇ ਭਾਜਪਾ ਦੀ ਰੈਲੀ 'ਚ ਪ੍ਰਚਾਰ ਕਰਨ ਦੀ ਕਾਫ਼ੀ ਚਰਚਾ ਚੱਲ ਰਹੀ ਹੈ। ਦੱਸ ਦੇਈਏ ਭਾਜਪਾ ਦੇ ਕੇਂਦਰੀ ਲਾਅ ਮਨਿਸਟਰ ਅਰਜੁਨ ਰਾਮ ਮੇਘਵਾਲ ਨੇ ਆਪਣੇ 'ਐਕਸ' ਅਕਾਊਂਟ 'ਤੇ ਗੁਰਪ੍ਰੀਤ ਘੁੱਗੀ ਦਾ ਰੈਲੀ 'ਚ ਸ਼ਾਮਲ ਹੋਣ ਵਾਲਾ ਪੋਸਟਰ ਸਾਂਝਾ ਕੀਤਾ, ਜਿਸ ਤੋਂ ਬਾਅਦ ਚਰਚਾ ਤੇਜ਼ ਹੋ ਗਈ।

ਇਸ ਚਰਚਾ ਸਬੰਧੀ ਜਦੋਂ ਪੱਤਰਕਾਰਾਂ ਨੇ ਗੁਰਪ੍ਰੀਤ ਘੁੱਗੀ ਨੂੰ ਸਵਾਲ ਪੁੱਛਿਆ ਕਿ ਤੁਹਾਡੇ ਨਾਲ ਭਾਜਪਾ ਵੱਲੋਂ ਕੇਂਦਰੀ ਲਾਅ ਮਨਿਸਟਰ ਅਰਜੁਨ ਰਾਮ ਮੇਘਵਾਲ ਜ਼ਰੀਏ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ? ਇਸ ਦਾ ਜਵਾਬ ਦਿੰਦਿਆਂ ਘੁੱਗੀ ਨੇ ਕਿਹਾ ਸਿਆਸਤ 'ਚ ਇਹ ਸਭ ਆਮ ਗੱਲ ਹੁੰਦੀ ਹੈ ਕਿ ਲੋਕ ਬੋਲ ਦਿੰਦੇ ਹਨ ਕਿ ਅਸੀਂ ਇਸ ਨੂੰ ਬੁਲਾ ਲਵਾਂਗੇ। ਉਨ੍ਹਾਂ ਕਿਹਾ ਕਿ ਜਦੋਂ ਦਾ ਚੋਣਾਂ ਦਾ ਐਲਾਨ ਹੋਇਆ ਹੈ ਤਾਂ ਅਸੀਂ ਉਂਝ ਵੀ ਇਕੱਠੇ ਨਹੀਂ ਬੈਠਦੇ ਤਾਂ ਕਿ ਕੋਈ ਇਸ ਦਾ ਗਲਤ ਮਤਲਬ ਨਾ ਕੱਢ ਲਵੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਕੋਈ ਗੱਲਬਾਤ ਨਹੀਂ ਹੈ ਅਤੇ ਮੇਰੀ ਫ਼ਿਲਮ ਦੀ ਸ਼ੂਟਿੰਗ ਚੱਲ ਰਹੀ ਹੈ।

ਇਸ ਤੋਂ ਇਲਾਵਾ ਉਨ੍ਹਾਂ ਨੂੰ ਇਕ ਹੋਰ ਸਵਾਲ ਕੀਤਾ ਗਿਆ ਕਿ ਇਹ ਵੀ ਸੁਣਨ 'ਚ ਆਇਆ ਹੈ ਕਿ ਲੋਕ ਕਹਿਣ ਲੱਗ ਗਏ ਹਨ ਕਿ ਭਾਜਪਾ ਵੱਲੋਂ ਤੁਸੀਂ ਪੰਜਾਬ 'ਚ ਲੋਕ ਸਭਾ ਦੇ ਉਮੀਦਵਾਰ ਹੋ ਸਕਦੇ ਹੋ? ਇਸ ਸਵਾਲ ਦਾ ਘੁੱਗੀ ਨੇ ਹੱਸਦਿਆਂ ਜਵਾਬ ਦਿੱਤਾ ਕਿ ਲੋਕਾਂ ਨੇ ਹੁਣ ਐੱਮ. ਪੀ. ਵੀ ਬਣਾ ਦਿੱਤਾ ਹੈ। ਮੈਨੂੰ ਇਹ ਸੁਣ ਕੇ ਅਜੀਬ ਨਹੀਂ ਲੱਗ ਰਿਹਾ ਕਿਉਂਕਿ ਚੋਣਾਂ ਦੇ ਦਿਨਾਂ 'ਚ ਬਹੁਤ ਕੁਝ ਹੁੰਦਾ ਹੈ (ਬਾਕੀ ਸਫ਼ਾ 30 'ਤੇ)

## ਕਿਧਰ ਨੂੰ ਤੁਰਿਆ ਸਮਾਜ !

# 10ਵੀਂ ਦੀ ਟਾਪਰ ਲੜਕੀ ਦੇ ਮੂੰਹ 'ਤੇ ਵਾਲ ਹੋਣ ਕਰ ਕੇ ਉਡਾਇਆ ਜਾ ਰਿਹਾ ਮਜ਼ਾਕ

## ਕਾਬਲੀਅਤ ਨੂੰ ਨਜ਼ਰ ਅੰਦਾਜ਼ ਕਰ ਕੇ ਟ੍ਰੋਲਰਜ਼ ਕਰ ਰਹੇ ਟ੍ਰੋਲ



ਭੋਪਾਲ/ਏ.ਟੀ.ਨਿਊਜ਼ : ਯੂ. ਪੀ. ਬੋਰਡ 10ਵੀਂ ਦਾ ਨਤੀਜਾ ਸ਼ਨੀਵਾਰ 20 ਅਪ੍ਰੈਲ ਨੂੰ ਆਇਆ ਸੀ ਤੇ ਇਸ 'ਚ ਪ੍ਰਾਚੀ ਨਿਗਮ ਨੇ ਸੂਬੇ 'ਚ ਟਾਪ ਕੀਤਾ। ਨਤੀਜਿਆਂ ਦੇ ਨਾਲ ਮੇਨਸਟ੍ਰੀਮ ਮੀਡੀਆ ਤੇ ਸੋਸ਼ਲ ਮੀਡੀਆ 'ਤੇ ਜਾਰੀ ਕੀਤੀਆਂ ਗਈਆਂ ਤਸਵੀਰਾਂ 'ਚ ਪ੍ਰਾਚੀ ਦੇ ਚਿਹਰੇ 'ਤੇ ਕੁਝ ਵਾਲ ਦਿਖਾਈ ਦੇ ਰਹੇ ਹਨ।

ਟ੍ਰੋਲਰਜ਼ ਨੇ ਪ੍ਰਾਚੀ ਨੂੰ ਉਸ ਦੇ ਚਿਹਰੇ 'ਤੇ ਦਿਖਾਈ ਦੇਣ ਵਾਲੇ ਵਾਲਾਂ ਕਾਰਨ ਨਿਸ਼ਾਨਾ ਬਣਾਇਆ ਹਾਲਾਂਕਿ ਉਹਨਾਂ ਨੇ ਵਿਦਿਆਰਥਣ ਦੀ ਕਾਬਲੀਅਤਾਂ ਤੇ ਪ੍ਰਾਪਤੀਆਂ ਨੂੰ ਨਜ਼ਰਅੰਦਾਜ਼ ਕੀਤਾ। ਟ੍ਰੋਲਰਜ਼ ਨੇ ਇਸ ਬਾਰੇ ਗੱਲ ਕਰਨਾ ਵੀ ਮੁਨਾਸਿਬ ਨਹੀਂ ਸਮਝਿਆ ਕਿ ਪ੍ਰਾਚੀ ਨੇ ਇੰਨੀ ਵੱਡੀ ਉਪਲੱਬਧੀ ਕਿਵੇਂ ਹਾਸਲ ਕੀਤੀ ਤੇ ਚਿਹਰੇ ਦੇ ਵਾਲਾਂ ਦਾ ਮਜ਼ਾਕ ਉਡਾਉਣ ਲੱਗੇ।

ਸੋਸ਼ਲ ਮੀਡੀਆ 'ਤੇ ਟ੍ਰੋਲ ਗੈਂਗ ਵੱਲੋਂ ਜਿਸ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਨੂੰ ਕਿਸੇ ਵੀ ਸੱਭਿਅਕ ਸਮਾਜ 'ਚ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇੱਕ ਯੂਜ਼ਰ ਨੇ ਲਿਖਿਆ ਹੈ ਕਿ ਕੀ ਅਸਲੀ ਫੋਟੋ ਪਾਈ ਗਈ ਹੈ ਜਾਂ ਇਸ ਨੂੰ ਮੀਡੀਆ ਵਾਲਿਆਂ ਨੇ ਐਡਿਟ ਕੀਤਾ ਹੈ। ਇੱਕ ਹੋਰ ਯੂਜ਼ਰ ਨੇ ਲਿਖਿਆ ਕਿ ਤੁਸੀਂ ਮੁੱਛਾਂ ਕਿਉਂ ਬਣਾਈਆਂ, ਪ੍ਰਾਚੀ ਘੱਟ ਲੱਗਦੀ ਹੈ। ਇਹ ਮਰਦ ਹੈ ਜਾਂ ਔਰਤ।

ਜਦੋਂ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਯੂ. ਪੀ. ਬੋਰਡ ਦੀ 10ਵੀਂ ਦੀ ਪ੍ਰੀਖਿਆ 'ਚ ਟਾਪ ਕਰਨ ਵਾਲੀ ਪ੍ਰਾਚੀ ਪੋਲੀਸਿਸਟਿਕ ਓਵੇਰੀਅਨ ਸਿੰਡਰੋਮ ਨਾਂ ਦੀ ਬਿਮਾਰੀ ਤੋਂ ਪੀੜਤ ਹੈ। ਇਸ ਬਿਮਾਰੀ 'ਚ ਮੈਟਾਬੋਲਿਕ ਤੇ ਹਾਰਮੋਨਲ ਅਸੰਤੁਲਨ ਜ਼ਿਆਦਾ ਹੁੰਦਾ ਹੈ। ਜਿਨ੍ਹਾਂ ਕੁੜੀਆਂ ਜਾਂ ਔਰਤਾਂ ਨੂੰ ਲੰਬੇ ਸਮੇਂ ਤੱਕ ਮਾਹਵਾਰੀ ਨਹੀਂ ਆਉਂਦੀ, ਉਨ੍ਹਾਂ ਨੂੰ ਇਹ ਬਿਮਾਰੀ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਇਹ ਸਮੱਸਿਆ ਮੇਨੋਪੌਜ਼ ਤੱਕ ਰਹਿ ਸਕਦੀ ਹੈ।

ਜ਼ਿਕਰਯੋਗ ਹੈ ਕਿ ਪ੍ਰਾਚੀ ਨਿਗਮ ਨੇ 98.50 ਫ਼ੀਸਦੀ ਅੰਕ ਹਾਸਲ ਕੀਤੇ ਹਨ। ਪ੍ਰਾਚੀ ਦੇ ਪਿਤਾ ਠੇਕੇਦਾਰ ਹਨ। ਪ੍ਰਾਚੀ ਦਾ ਕਹਿਣਾ ਹੈ ਕਿ ਉਹ ਭਵਿੱਖ 'ਚ ਇੰਜੀਨੀਅਰਿੰਗ ਕਰਕੇ ਇੰਜੀਨੀਅਰ ਬਣਨਾ ਚਾਹੁੰਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

24 ਅਪ੍ਰੈਲ ਤੋਂ 30 ਅਪ੍ਰੈਲ 2024

## ਇਹ ਝੂਠ ਦੀ ਹਨ੍ਹੇਰੀ ਕਿਉਂ ?

ਪਿਛਲੇ ਦਿਨੀ ਇੱਕ ਗਾਉਣ ਵਾਲੇ ਦੀ ਫ਼ਿਲਮ ਆਉਣ ਨਾਲ ਪੰਜਾਬ ਅਤੇ ਇੰਡੀਆ ਵਿੱਚ ਵੱਡੀ ਪੱਧਰ 'ਤੇ ਚਰਚਾ ਛਿੜੀ ਹੋਈ ਹੈ। ਇਸ ਚਰਚਾ ਵਿੱਚ ਕਈ ਪਹਿਲੂ ਅਤੇ ਕਈ ਮੁੱਦਿਆਂ ਨੂੰ ਉਛਾਲ ਕੇ ਲੋਕਾਂ ਨੂੰ ਵੰਡਣ ਦੇ ਰਾਹ 'ਤੇ ਤੋਰਿਆ ਜਾ ਰਿਹਾ ਹੈ। ਲੋਕਾਂ ਦੀ ਏਕਤਾ ਤੋੜ ਕੇ ਆਮ ਲੋਕਾਂ ਦੇ ਮਨਾਂ ਵਿੱਚ ਨਫ਼ਰਤ ਅਤੇ ਵੰਡ ਦੇ ਬੀਜ ਬੀਜਣ ਦੀ ਪਿਛਲੇ ਸਾਲਾਂ ਤੋਂ ਚੱਲ ਰਹੀ ਇਸ ਕੋਸ਼ਿਸ ਦੀ ਹੁਣ ਲੋਕਾਂ ਨੂੰ ਸਮਝਣ ਦੀ ਲੋੜ ਹੈ। ਫ਼ਿਲਮ 'ਚਮਕੀਲਾ' ਦੇ ਨਾਲ ਚੱਲ ਰਹੀ ਇਸ ਬਹਿਸ ਵਿਚੋਂ ਲੋਕ, ਸਰਕਾਰ ਦੁਆਰਾ ਵੰਡੀਆਂ ਪਾਉਣ ਦੀ ਨੀਤੀ ਨੂੰ ਵੇਖ ਰਹੇ ਹਨ, ਇਸ ਫ਼ਿਲਮ ਨੂੰ ਸਰਕਾਰ ਦੁਆਰਾ ਲੋਕਾਂ ਦੇ ਮਨਾਂ ਵਿੱਚ ਸਿੱਖਾਂ ਪ੍ਰਤੀ ਨਫ਼ਰਤ ਪੱਕੀ ਕਰਨ, ਸਿੱਖਾਂ ਨੂੰ ਨਿਸ਼ਾਨੇ 'ਤੇ ਲਿਆਉਣ, ਪੰਜਾਬੀ ਸੱਭਿਆਚਾਰ ਨੂੰ ਇੱਕ ਰੂੜੀਵਾਦੀ ਸੱਭਿਆਚਾਰ ਵਜੋਂ ਪੇਸ਼ ਕਰਨ, ਜਾਤੀਵਾਦ ਵਧਾਉਣ ਦੇ ਇੱਕ ਕਦਮ ਵਜੋਂ ਵੇਖ ਰਹੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ 1984 ਅਤੇ ਉਸ ਤੋਂ ਬਾਅਦ ਸਿੱਖਾਂ ਅਤੇ ਇੰਡੀਆ ਵਿਚਕਾਰ ਵੱਡੀ ਜੰਗ ਹੋਈ (ਜੋ ਹੁਣ ਵੀ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹੈ)। ਜਿਸ ਵਿੱਚ ਦੋਵੇਂ ਧਿਰਾਂ ਨੇ ਇੱਕ ਦੂਜੇ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਸਰਕਾਰ ਵੱਲੋਂ ਇਸ ਜੰਗ ਦੇ ਪ੍ਰਤੀ ਚਾਹੇ ਕਿਸੇ ਘਟਨਾ ਨੂੰ ਉਛਾਲ ਕੇ, ਚਾਹੇ ਗੀਤ ਅਤੇ ਫ਼ਿਲਮਾਂ ਰਾਹੀ ਸਿੱਖਾਂ ਦੀ ਜੰਗ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਣ ਦੇ ਹਮੇਸ਼ਾ ਯਤਨ ਹੁੰਦੇ ਰਹੇ ਹਨ। ਇਸ ਫ਼ਿਲਮ ਨੂੰ ਵੀ ਉਸੇ ਪ੍ਰਾਪੇਗੰਡੇ ਦੀ ਲਗਾਤਾਰਤਾ ਦੇ ਵਿੱਚ ਦੇਖਣਾ ਚਾਹੀਦਾ ਹੈ ਅਤੇ ਇਹ ਵੀ ਵੇਖਣਾ ਚਾਹੀਦਾ ਹੈ ਕਿ ਫ਼ਿਲਮ ਦੇ ਆਉਣ ਕਰਕੇ ਲੋਕਾਂ ਵਿੱਚ ਵੰਡ ਪੈਣ ਨਾਲ ਕਿਸ ਧਿਰ ਨੂੰ ਫ਼ਾਇਦਾ ਹੋ ਰਿਹਾ ਹੈ। ਇਸ ਫ਼ਾਇਦੇ ਨੁਕਸਾਨ ਦੀ ਪਛਾਣ ਹੁੰਦਿਆਂ ਹੀ ਇਸ ਘਟਨਾ ਨੂੰ ਉਭਾਰਨ ਵਾਲੀ ਧਿਰ ਦਾ ਮਕਸਦ ਸਪਸ਼ਟ ਹੋਣਾ ਦਿਖਾਈ ਦੇਣ ਲੱਗ ਜਾਵੇਗਾ। 1984 ਤੋਂ ਪਹਿਲਾਂ ਘਟਨਾਵਾਂ ਦੀ ਇੱਕ ਵੱਡੀ ਸੂਚੀ ਬਣਦੀ ਹੈ, ਜਿਸ ਦੇ ਚੱਲਦਿਆਂ ਸੰਤ ਜਰਨੈਲ ਸਿੰਘ ਜੀ ਸਿੱਖਾਂ ਦੇ ਵੱਡੇ ਹਿੱਸੇ ਦੇ ਨਾਲ ਇਸ ਜੰਗ ਨੂੰ ਹੋਰ ਮਘਾਉਂਦਿਆ ਅਕਾਲ ਤਖਤ ਸਾਹਿਬ ਤੋਂ ਅਦੁੱਤੀ ਸ਼ਹਾਦਤ ਦਿੰਦੇ ਹਨ। ਇਸ ਸ਼ਹੀਦੀ ਤੋਂ ਬਾਅਦ ਵੀ ਸਿੱਖ ਬੜੀ ਸ਼ਿੱਦਤ ਦੇ ਨਾਲ ਲੜਦਿਆਂ 90 ਦੇ ਦਹਾਕੇ ਦੇ ਅਖੀਰ ਤੱਕ ਇੰਡੀਆ ਨਾਲ ਸਿੱਧੀ ਹਥਿਆਰਬੰਦ ਟੱਕਰ ਵਿੱਚ ਰਹਿੰਦੇ ਹਨ। ਇੰਡੀਆ ਦੀ ਸਦਾ ਕੋਸ਼ਿਸ ਰਹਿੰਦੀ ਹੈ ਕਿ ਇਸ ਜੰਗ ਨੂੰ, ਸੰਤ ਜਰਨੈਲ ਸਿੰਘ ਜੀ ਦੀ ਸ਼ਹੀਦੀ ਨੂੰ, ਸਿੱਖਾਂ ਦੀ ਸ਼ਹੀਦੀਆਂ ਅਤੇ ਉਨ੍ਹਾਂ ਦੇ ਕਿਰਦਾਰਾਂ ਨੂੰ ਲੋਕਾਂ ਦੇ ਦਿਲਾਂ ਵਿੱਚੋ ਕੱਢ ਦਿੱਤਾ ਜਾਵੇ ਜਾਂ ਸ਼ੱਕ ਪੈਦਾ ਕਰ ਦਿੱਤਾ ਜਾਵੇ। ਇਸ ਕੰਮ ਲਈ ਇੰਡੀਆ ਨੇ ਸਦਾ ਹੀ ਆਪਣੇ ਅਖਬਾਰ, ਆਪਣੇ ਟੀਵੀ, ਇੰਟਰਨੈਟ ਅਤੇ ਹੋਰ ਸਾਧਨਾਂ ਰਾਹੀਂ ਸਿੱਖਾਂ ਪ੍ਰਤੀ ਝੂਠ ਫ਼ੈਲਾਉਣ ਅਤੇ ਲੋਕਾਂ ਦੇ ਕੰਨ ਭਰਨ ਦੀ ਕੋਸ਼ਿਸ ਕੀਤੀ ਹੈ। ਪਰ ਸਿੱਖ ਆਪਣੇ ਸ਼ਹੀਦਾਂ ਨੂੰ ਬੜੇ ਮਾਣ ਅਤੇ ਸਤਿਕਾਰ ਨਾਲ ਯਾਦ ਕਰਦੇ ਰਹੇ। ਇਸ ਫ਼ਿਲਮ ਵਿੱਚ ਸਿੱਖਾਂ ਨੂੰ ਇੱਕ ਕਲਾਕਾਰ ਦੇ ਕਾਤਲ ਦੇ ਤੌਰ 'ਤੇ ਦਿਖਾ ਕੇ ਭਾਵੁਕਤਾ ਦਾ ਜਾਲ ਪਾਉਣਾ ਅਤੇ ਅਸਲ ਤੱਥ ਲੁਕੋ ਲੈਣਾ, ਇਸ ਫ਼ਿਲਮ ਨੂੰ ਝੂਠੇ ਪ੍ਰਚਾਰ ਦੇ ਇੱਕ ਸਾਧਨ ਦੇ ਤੌਰ 'ਤੇ ਪੇਸ਼ ਕਰਦੀ ਹੈ। ਸਰਕਾਰ ਦਾ ਝੂਠੀ ਜਾਣਕਾਰੀ ਅਤੇ ਝੂਠੀਆਂ ਖ਼ਬਰਾਂ ਫ਼ੈਲਾਉਣ ਵਿੱਚ ਸਦਾ ਹੀ ਹੱਥ ਉਪਰ ਰਿਹਾ ਹੈ, ਦੂਸਰਾ ਇੰਡੀਆ ਵਿੱਚ ਵੱਡੀ ਪੱਧਰ 'ਤੇ ਸਰਕਾਰ ਲੋਕਾਂ ਨੂੰ ਗੁਮਰਾਹ ਕਰਕੇ ਆਪਣੇ ਹੱਕ ਵਿੱਚ ਭੁਗਤਾਉਣ ਵਿੱਚ ਹਮੇਸ਼ਾ ਹੀ ਕਾਮਯਾਬ ਰਹੀ ਹੈ। ਦੂਸਰੇ ਪਾਸੇ ਸਿੱਖਾਂ ਨੇ ਇਸ ਝੂਠ ਦਾ ਮੁਕਾਬਲਾ ਸੱਚ ਦੇ ਨਾਲ ਕੀਤਾ ਹੈ, 40 ਵਰ੍ਹੇ ਬੀਤ ਜਾਣ 'ਤੇ ਵੀ ਸਿੱਖਾਂ ਦੇ ਦਿਲਾਂ ਵਿੱਚ ਆਪਣੇ ਸ਼ਹੀਦਾਂ ਦਾ ਮਾਣ ਸਤਿਕਾਰ ਬਹਾਲ ਹੈ।

ਸਿਰਫ਼ ਇਹੀ ਨਹੀਂ, ਇਸ ਫ਼ਿਲਮ ਦੇ ਨਾਲ ਪੰਜਾਬੀ ਸੱਭਿਆਚਾਰ ਨੂੰ ਰੂੜੀਵਾਦੀ ਲੱਚਰਤਾ ਦੇ ਨਾਲ ਜੋੜ ਕੇ ਇਸ ਨੂੰ ਪੰਜਾਬੀ ਮੁੱਖਧਾਰਾ ਵਿੱਚ ਸਥਾਪਿਤ ਕਰਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਪੰਜਾਬੀ ਸਭਿਆਚਾਰ ਵਿੱਚ ਸਮਾਜਿਕ ਰੂਪ ਵਿੱਚ ਲੱਚਰਤਾ ਨੂੰ ਕੋਈ ਥਾਂ ਨਹੀਂ ਹੈ। ਪੂਰੀ ਦੁਨੀਆਂ ਵਿੱਚ ਜਿੱਥੇ ਔਰਤ ਨੂੰ ਇੱਕ ਨੁਮਾਇਸ਼ ਅਤੇ ਭੋਗਣ ਦੀ ਵਸਤੂ ਵਜੋਂ ਪੇਸ਼ ਕੀਤੇ ਜਾਣ ਦਾ ਰੁਝਾਨ ਸੀ ਅਤੇ ਹੈ, ਓਥੇ ਪੰਜਾਬੀ ਸਭਿਆਚਾਰ ਵਿੱਚ ਪਰਿਵਾਰ ਦੀਆਂ ਔਰਤਾਂ ਪ੍ਰਤੀ ਹੀ ਨਹੀਂ, ਹਰ ਔਰਤ ਨੂੰ ਸਤਿਕਾਰ ਅਤੇ ਧੀ, ਭੈਣ, ਮਾਂ ਵਜੋਂ ਸਮਝਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਫ਼ਿਲਮ ਦੇ ਰਾਹੀਂ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਮੈਲਾ ਕਰਨ ਦਾ ਰੁਝਾਨ ਵੀ ਸਪਸ਼ਟ ਰੂਪ ਵਿੱਚ ਦਿਖਾਈ ਦਿੰਦਾ ਹੈ। ਫ਼ਿਲਮ ਵਿੱਚ ਚਮਕੀਲਾ ਨੂੰ ਇੱਕ ਗਰੀਬ ਪਰਿਵਾਰ ਦਾ ਨੌਜਵਾਨ ਅਤੇ ਉਸਦੀ ਸਹਿ ਗਾਇਕਾ ਨਾਲ ਵਿਆਹ ਨੂੰ ਅਧਾਰ ਬਣਾ ਕੇ ਜ਼ਿਮੀਦਾਰਾਂ ਹੱਥੋਂ ਕਤਲ ਹੁੰਦਿਆਂ ਦਿਖਾਉਣਾ ਵੀ ਲੋਕਾਂ ਅੰਦਰ ਜਾਤੀਵਾਦ ਦੇ ਨਾਮ 'ਤੇ ਵੰਡ ਨੂੰ ਵਧਾਉਣ ਅਤੇ ਵੰਡ ਨੂੰ ਹੋਰ ਪੱਕਿਆਂ ਕਰਨ ਦਾ ਰਾਹ ਬਣਾਉਂਦਾ ਹੈ। ਉਂਝ ਭਾਵੇਂ ਪੰਜਾਬ ਵਿੱਚ ਨਾ ਤੇ ਜਗੀਰਦਾਰੂ ਵਿਵਸਥਾ ਹੈ, ਅਤੇ ਨਾ ਹੀ ਇੰਡੀਆਂ ਦੇ ਹੋਰਨਾਂ ਰਾਜਾਂ ਵਰਗਾ ਜਾਤੀਵਾਦ ਹੀ ਹੈ।

ਫ਼ਿਲਮਾਂ ਉਂਝ ਲੋਕਾਂ ਦੀ ਸਮਝ ਮੁਤਾਬਿਕ ਭਾਵੇਂ ਮਨੋਰੰਜਨ ਲਈ ਹੀ ਬਣਾਈਆਂ ਜਾਂਦੀਆਂ ਹਨ, ਪਰ ਇਹ ਸਿਰਫ਼ ਮਨੋਰੰਜਨ ਹੀ ਨਹੀਂ ਕਰਦੀਆਂ। ਤਾਕਤਵਰ ਧਿਰਾਂ ਸਿਨਮੇ ਫ਼ਿਲਮਾਂ ਦੇ ਰਾਹੀਂ ਲੋਕਾਂ ਦੇ ਖਿਆਲ ਨੂੰ ਬਦਲਣ ਤੱਕ ਦੀ ਸਮਰੱਥਾ ਵੀ ਰੱਖਦੀਆਂ ਹਨ। ਪੰਜਾਬ ਵਿੱਚ ਜਾਤੀਵਾਦ ਨੂੰ ਵਧਾਵਾ ਦੇਣਾ, ਜਾਤੀ ਦੇ ਨਾਮ ਉਪਰ ਲੋਕਾਂ ਨੂੰ ਵੰਡਣਾ ਅਤੇ ਇੱਕ ਦੂਜੇ ਦੇ ਖਿਲਾਫ਼ ਨਫ਼ਰਤ ਪੈਦਾ ਕਰਨ ਲਈ 'ਚਮਕੀਲਾ' ਨਾਮ ਹੇਠ ਇਸ ਫ਼ਿਲਮ ਨੂੰ ਬਹੁਤ ਵਰਤਿਆ ਜਾ ਰਿਹਾ ਹੈ। ਪੰਜਾਬ ਵਿੱਚ ਬਹੁ ਗਿਣਤੀ ਵਿੱਚ ਸਿੱਖ ਹਨ, ਸਮਾਜਿਕ ਤੌਰ 'ਤੇ ਭਾਵੇਂ ਸਿੱਖ ਪੰਜਾਬ ਵਿੱਚ ਭਾਰੂ ਹਨ, ਪਰ ਰਾਜਨੀਤਕ ਤੌਰ 'ਤੇ ਉਨ੍ਹਾਂ ਧਿਰਾਂ ਦੇ ਅਧੀਨ ਹਨ, ਜਿਨ੍ਹਾਂ ਨੇ ਜਾਤੀਵਾਦ ਨੂੰ ਜਨਮ ਦਿੱਤਾ ਅਤੇ ਵਧਾਇਆ। ਸਦੀਆਂ ਬੀਤਣ ਬਾਅਦ ਵੀ ਜਾਤੀਵਾਦ ਜਿਨ੍ਹਾਂ ਧਿਰਾਂ ਵਲੋਂ ਜਿਉਂਦਾ ਰੱਖਿਆ ਗਿਆ, ਫ਼ਿਲਮਾਂ ਅਤੇ ਹੋਰ ਪ੍ਰਚਾਰ ਸਾਧਨਾਂ ਰਾਹੀਂ ਉਹਨਾਂ ਧਿਰਾਂ ਨੂੰ ਬਰੀ ਕਰ ਦਿੱਤਾ ਜਾਂਦਾ ਹੈ ਅਤੇ ਜਿਨ੍ਹਾਂ ਨੇ ਇਸ ਜਾਤੀਵਾਦ ਖ਼ਿਲਾਫ਼ ਲੜਾਈ ਕੀਤੀ ਅਤੇ ਲੋਕਾਂ ਦੇ ਵੱਡੇ ਹਿੱਸੇ ਨੂੰ ਇਸ ਗਿਲਾਨੀ ਵਿੱਚੋ ਕੱਢ ਕੇ ਚੜ੍ਹਦੀਕਲਾ ਦੇ ਨਾਲ ਰਹਿਣਾ ਸਿਖਾਇਆ, ਉਹੀ ਲੜਨ ਵਾਲੇ ਲੋਕਾਂ 'ਤੇ ਜਾਤੀਵਾਦ ਦਾ ਵਿਤਕਰਾ ਕਰਨ ਦਾ ਇਲਜ਼ਾਮ ਲਗਾਇਆ ਜਾਂਦਾ ਹੈ। ਇਹ ਫ਼ਿਲਮਾਂ ਅਤੇ ਪ੍ਰਚਾਰ ਦੀ ਦੁਰਵਰਤੋਂ ਹੈ, ਜਿਸ ਰਾਹੀਂ ਮਜ਼ਲੂਮਾਂ ਨੂੰ ਜਾਬਰ ਅਤੇ ਜਾਬਰਾਂ ਨੂੰ ਨਿਆਂ ਕਰਨ ਵਾਲੇ ਦਿਖਾਇਆ ਜਾ ਰਿਹਾ ਹੈ।

ਨਿਆਂ ਪਸੰਦ ਸਮਾਜ ਦੀਆਂ ਸਭ ਧਿਰਾਂ ਨੂੰ ਆਉਣ ਵਾਲੇ ਸਮੇਂ ਸਬੰਧੀ ਆਪਣੀ ਰਾਏ ਅਤੇ ਨਜ਼ਰੀਏ ਨੂੰ ਹੋਰ ਸਪਸ਼ਟ ਕਰਨ ਦੀ ਲੋੜ ਹੈ। ਪ੍ਰਚਾਰ ਰਾਹੀਂ ਲੋਕਾਂ ਉਪਰ ਹੋ ਰਹੇ ਅਸਰਾਂ ਨੂੰ ਸਮਝਣ ਦੀ ਲੋੜ ਹੈ। ਆਉਣ ਵਾਲੇ ਸਮੇਂ ਵਿੱਚ ਇਸ ਝੂਠ ਦੀ ਹਨੇਰੀ ਨੇ ਹੋਰ ਜ਼ੋਰ ਫ਼ੜਨਾ ਹੈ, ਹੁਣ ਸਮਾਂ ਹੈ ਕਿ ਲੋਕਾਈ ਏਸ ਝੂਠ ਦੇ ਪਸਾਰੇ ਸਿਨੇਮੇ, ਫ਼ੋਨ, ਮਨੋਰੰਜਨ ਨੂੰ ਤਿਆਗ ਕੇ ਸੱਚ ਦੇ ਥੰਮ ਨੂੰ ਫ਼ੜੇ ਤਾਂ ਇਸ ਹਨ੍ਹੇਰੀ ਤੋਂ ਬਚ ਕੇ ਨਿਕਲਿਆ ਜਾ ਸਕਦਾ ਹੈ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਮੁੱਖ ਚੋਣ ਘੋਸ਼ਣਾ ਪੱਤਰਾਂ 'ਚੋਂ ਸਿੱਖਿਆ ਗਾਇਬ ਕਿਉਂ ?



ਗੁਰਮੀਤ ਸਿੰਘ ਪਲਾਹੀ
9815802070

ਲੋਕ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਆਪਣਾ ਚੋਣ ਮੈਨੀਫੈਸਟੋ ਜਾਰੀ ਕਰ ਰਹੀਆਂ ਹਨ। ਵੱਡੇ-ਵੱਡੇ ਲੋਕ ਲੁਭਾਉਣੇ ਵਾਇਦੇ, ਗਰੰਟੀਆਂ, ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਵਿਕਾਸ, ਪ੍ਰੀਵਰਤਨ, ਸੰਵਿਧਾਨਿਕ ਰਾਖੀ, ਗਰੀਬੀ ਹਟਾਓ, ਰੁਜ਼ਗਾਰ ਦੇਣ, ਔਰਤਾਂ ਦੇ ਸਸ਼ਕਤੀਕਰਨ, ਇੱਕ ਰਾਸ਼ਟਰ ਇੱਕ ਚੋਣ, ਘੱਟ ਗਿਣਤੀ ਦੀ ਸੁਰੱਖਿਆ, ਸਮਾਜਿਕ ਸੁਰੱਖਿਆ ਆਦਿ ਚੋਣ ਮੈਨੀਫੈਸਟੋ ਦਾ ਧੁਰਾ ਬਣਾਏ ਜਾ ਰਹੇ ਹਨ। ਪਰ ਲੋਕਾਂ ਲਈ ਸਿੱਖਿਆ ਅਤੇ ਹਰ ਇੱਕ ਲਈ ਬਰਾਬਰ ਦੀ ਸਿੱਖਿਆ ਦੀ ਗਰੰਟੀ, ਪਾਰਟੀਆਂ ਦੇ ਚੋਣ ਮੈਨੀਫੈਸਟੋ ਵਿਚੋਂ ਲੁਪਤ ਹੈ।



ਦੇਸ਼ ਨੂੰ ਅੰਗਰੇਜ਼ ਸਾਮਰਾਜ ਦੀ ਗੁਲਾਮੀ ਤੋਂ ਆਜ਼ਾਦ ਹੋਇਆਂ ਪੌਣੀ ਸਦੀ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਕੁਝ ਸਿਆਸੀ ਪਾਰਟੀਆਂ, ਜਿਹੜੀਆਂ ਇੱਕ ਸਦੀ ਤੋਂ ਵੱਧ ਦਾ ਸਿਆਸੀ ਸਫ਼ਰ ਪੂਰਾ ਕਰ ਚੁੱਕੀਆਂ ਹਨ, ਉਹ ਦੇਸ਼ ਦੀਆਂ ਹਾਕਮ ਬਣ ਦੇਸ਼ 'ਚੋਂ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਖ਼ਤਮ ਕਰਨ ਅਤੇ ਦੇਸ਼ ਦੇ ਵਿਕਾਸ ਲਈ ਯਤਨਸ਼ੀਲ ਰਹੀਆਂ ਹਨ। ਸਮੇਂ-ਸਮੇਂ ਮਨੁੱਖ ਦੀਆਂ ਬੁਨਿਆਦੀ ਲੋੜਾਂ ਸਿਹਤ, ਸਿੱਖਿਆ, ਚੰਗਾ ਵਾਤਾਵਰਨ ਮੁਹੱਈਆ ਕਰਨ ਲਈ ਉਹਨਾਂ ਵਲੋਂ ਨੀਤੀਆਂ ਨਿਰਧਾਰਤ ਕੀਤੀਆਂ ਗਈਆਂ ਹਨ।

ਆਓ ਵੇਖੀਏ ਮਨੁੱਖ ਦੀ ਮੁੱਖ ਲੋੜ ਸਿੱਖਿਆ ਦਾ ਸਫ਼ਰ ਭਾਰਤ ਦੇਸ਼ 'ਚ ਕਿੰਨਾ ਕੁ ਤਹਿ ਹੋਇਆ ਹੈ ਅਤੇ ਸਿਆਸੀ ਪਾਰਟੀਆਂ ਭਾਰਤੀਆਂ ਦੀ ਇਸ ਬੁਨਿਆਦੀ ਲੋੜ ਨੂੰ ਕਿੰਨੀ ਕੁ ਸੰਜੀਦਗੀ ਨਾਲ ਪੱਲੇ ਬੰਨੀ ਬੈਠੀਆਂ ਹਨ।

ਦੇਸ਼ ਵਿੱਚ ਫਿਲਹਾਲ ਲਗਭਗ 400 ਯੂਨੀਵਰਸਿਟੀਆਂ ਅਤੇ 20,000 ਉੱਚ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਹਨ। ਇਹਨਾਂ ਵਿੱਚ 7 ਲੱਖ ਤੋਂ ਜ਼ਿਆਦਾ ਕਾਲਜ/ਯੂਨੀਵਰਸਿਟੀਆਂ ਵਿੱਚ ਡੇਢ ਕਰੋੜ (ਇੱਕ ਕਰੋੜ 50 ਲੱਖ) ਤੋਂ ਜਿਆਦਾ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਹਨ। ਪਰ ਇਹ ਤੱਥ ਹੈਰਾਨੀ ਕਰਨ ਵਾਲਾ ਹੈ ਕਿ ਕੋਈ ਵੀ ਯੂਨੀਵਰਸਿਟੀ ਜਾਂ ਸਿੱਖਿਆ ਸੰਸਥਾ ਉਸ ਪੱਧਰ ਦੀ ਸਿੱਖਿਆ ਦੇਣ ਦੇ ਕਾਬਲ ਨਹੀਂ, ਜਿਸਦੇ ਕਾਰਨ ਉਸਨੂੰ ਦੁਨੀਆ ਦੇ ਅੱਵਲ ਇੱਕ ਸੌ ਯੂਨੀਵਰਸਿਟੀਆਂ 'ਚ ਸ਼ਾਮਲ ਕੀਤਾ ਜਾ ਸਕੇ। ਅੱਛੀ ਸਿੱਖਿਆ ਦੇਣ ਦੀ ਇਸ ਤੋਟ ਕਾਰਨ ਉੱਚੀ ਗੁਣਵੱਤਾ ਸਿੱਖਿਆ ਪ੍ਰਾਪਤ ਕਰਨ ਦੇ ਮੰਤਵ ਨਾਲ ਹਰ ਸਾਲ ਭਾਰਤ ਵਿੱਚੋਂ ਡੇਢ ਤੋਂ ਪੌਣੇ ਦੋ ਲੱਖ ਵਿਦਿਆਰਥੀ ਵਿਦੇਸ਼ਾਂ 'ਚ ਉੱਚ ਸਿੱਖਿਆ ਲਈ ਜਾਣ ਵਾਸਤੇ ਮਜ਼ਬੂਰ ਹਨ।

ਕੁਝ ਵਰ੍ਹੇ ਪਹਿਲਾਂ 'ਐਸੋਚੈਮ' ਨੇ ਟਾਟਾ ਇਨਸਟੀਚੀਊਟ ਆਫ਼ ਸੋਸ਼ਲ ਸਾਇੰਸਿਜ਼ ਦੇ ਨਾਲ ਮਿਲਕੇ ਇੱਕ ਸਰਵੇਖਣ ਤਿਆਰ ਕੀਤਾ ਹੈ। ਉਸ ਵਿੱਚ ਦੱਸਿਆ ਗਿਆ ਹੈ ਕਿ ਭਾਰਤੀ ਮਾਪੇ ਹਰ ਸਾਲ ਆਪਣੇ ਬੱਚਿਆਂ ਦੀ ਸਿੱਖਿਆ ਉਤੇ ਛੇ ਤੋਂ ਸੱਤ ਅਰਬ ਡਾਲਰ ਖ਼ਰਚ ਕਰਦੇ ਹਨ। ਦੇਸ਼ ਦੀ ਉੱਚ ਸਿੱਖਿਆ ਦੀ ਵਿਦੇਸ਼ੀ ਯੂਨੀਵਰਸਿਟੀਆਂ 'ਤੇ ਨਿਰਭਰਤਾ, ਜਾਇਜ਼ ਨਹੀਂ ਹੈ। ਇਸ ਗੰਭੀਰ ਮਸਲੇ ਵੱਲ ਕਦੇ ਸਿਆਸੀ ਧਿਰਾਂ ਨੇ ਧਿਆਨ ਨਹੀਂ ਦਿੱਤਾ। ਉਲਟਾ ਉੱਚ ਸਿੱਖਿਆ ਖੇਤਰ ਨੂੰ ਸਮੇਂ-ਸਮੇਂ ਦੀਆਂ ਸਿਆਸੀ ਧਿਰਾਂ ਨੇ ਆਪਣੇ ਗਲੋਂ ਲਾਹੁਣ ਦਾ ਹੀ ਯਤਨ ਕੀਤਾ।

ਸਿੱਖਿਆ, ਉੱਚ ਸਿੱਖਿਆ ਨਾਲ ਜੜ੍ਹੋਂ ਜੁੜਿਆ ਇੱਕ ਮੁੱਦਾ ਭਾਸ਼ਾ ਦਾ ਹੈ। ਅਸੀਂ ਭਾਸ਼ਾਵਾਂ ਦੇ ਮਾਧਿਅਮ ਰਾਹੀਂ ਜਿਥੇ ਕੁਦਰਤੀ ਅਤੇ ਸਮਾਜਿਕ ਵਰਤਾਰਿਆਂ ਨਾਲ ਸਾਂਝ ਪਾਉਂਦੇ ਹਾਂ, ਉਥੇ ਭਾਸ਼ਾ ਹੀ ਮਾਧਿਆਮ ਹੈ, ਜਿਸ ਨਾਲ ਮਾਨਸਿਕ ਵਿਕਾਸ ਦਾ ਢਾਂਚਾ ਖੜਾ ਕਰਦੇ ਹਾਂ, ਕਿਉਂਕਿ ਇਸ ਵਿਕਾਸ ਦੇ ਨਾਲ ਹੀ ਸਾਡੀ ਭਾਸ਼ਾ ਜੁੜੀ ਹੁੰਦੀ ਹੈ। ਉਂਝ ਵੀ ਖੇਤਰੀ ਭਾਸ਼ਾਵਾਂ ਅਤੇ ਬੋਲੀਆਂ ਸਾਡਾ ਸਭਿਆਚਾਰਕ ਵਿਰਸਾ ਹਨ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਵਿੱਚ 121 ਬੋਲੀਆਂ ਅਤੇ 234 ਮਾਂ ਬੋਲੀਆਂ ਹਨ। ਇਹਨਾਂ ਵਿੱਚ ਉਹ ਬੋਲੀਆਂ ਸ਼ਾਮਲ ਨਹੀਂ ਹਨ, ਜਿਹਨਾ ਨੂੰ ਬੋਲਣ ਵਾਲਿਆਂ ਦੀ ਗਿਣਤੀ 10,000 ਤੋਂ ਘੱਟ ਹੈ। ਭਾਰਤ ਵਿੱਚ ਇਹ ਸਾਰੀਆਂ ਬੋਲੀਆਂ ਅਤੇ ਸਥਾਨਕ ਬੋਲੀਆਂ ਅੰਗਰੇਜ਼ੀ ਦੇ ਪ੍ਰਭਾਵ ਨਾਲ ਇਸ ਡਿਜ਼ੀਟਲ ਯੁੱਗ 'ਚ ਖ਼ਾਸ ਕਰਕੇ ਖ਼ਤਮ ਹੋ ਰਹੀਆਂ ਹਨ ਜਾਂ ਸੰਕਟ ਵਿੱਚ ਹਨ, ਕਿਉਂਕਿ ਅੰਗਰੇਜ਼ੀ ਭਾਸ਼ਾ ਵਪਾਰ, ਪ੍ਰਬੰਧਕੀ ਖੇਤਰ, ਮੈਡੀਕਲ, ਭੌਤਿਕੀ ਸਿੱਖਿਆ ਦਾ ਪ੍ਰਮੁੱਖ ਅਧਾਰ ਬਣਾਈ ਗਈ ਹੋਈ ਹੈ। ਜਦ ਕਿ ਨਵੇਂ ਭਾਰਤ ਦੀ ਸਿਰਜਨਾ ਲਈ ਮਾਂ ਬੋਲੀਆਂ ਦੇ ਪ੍ਰਚਲਣ ਅਤੇ ਪਾਠ ਪੁਸਤਕਾਂ, ਰੁਜ਼ਗਾਰ ਅਤੇ ਤਕਨੀਕ ਦੀ ਭਾਸ਼ਾ ਬਣਾਏ ਜਾਣ ਦੀ ਲੋੜ ਸੀ, ਪਰ ਸਾਡੀਆਂ ਸਿੱਖਿਆ ਨੀਤੀਆਂ ਬਨਾਉਣ ਵਾਲੇ ਹਾਕਮ ਇਸ ਮਸਲੇ 'ਚ ਚੁੱਪੀ ਵੱਟ ਕੇ ਬੈਠੇ ਰਹੇ। ਜਿਸ ਨਾਲ ਦੇਸ਼ ਦੀ ਨੌਜਵਾਨ ਪੀੜੀ ਦਾ ਮੋਹ ਆਪਣੀ ਬੋਲੀਆਂ ਤੋਂ ਭੰਗ ਹੋਇਆ ਅਤੇ ਕਈ ਹਾਲਤਾਂ 'ਚ ਉਹ ਆਪਣੀ ਬੋਲੀ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਵੀ ਹੋਏ।

ਸਿੱਖਿਆ ਦਾ ਮੂਲ ਮੰਤਵ ਮਾਨਸਿਕ ਵਿਕਾਸ, ਉਹ ਵੀ ਆਪਣੇ ਮਨ ਦੀ ਸਾਂਝ ਵਾਲੀ ਭਾਸ਼ਾ ਨਾਲ ਹੀ ਪੂਰਨ, ਸੰਤੁਲਿਤ ਅਤੇ ਸੁਖਾਵਾਂ ਹੋ ਸਕਦਾ ਹੈ, ਜਿਸ ਤੋਂ ਭਾਰਤੀ ਹਾਕਮਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਵਿਰਵਾ ਰੱਖਿਆ ਅਤੇ ਉਹਨਾ ਸਾਹਵੇਂ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਨੂੰ ਪ੍ਰੋਸਣ ਦਾ ਹੀ ਯਤਨ ਹੋਇਆ।

ਦੇਸ਼ ਦੇ ਨਾਗਰਿਕਾਂ ਲਈ ਦੇਸ਼ ਦਾ ਸੰਵਿਧਾਨ ਦੀ ਧਾਰਾ 14, ਮੁੱਢਲਾ ਅਧਿਕਾਰ ਹੈ। ਸੰਵਿਧਾਨ 'ਚ 86ਵੀਂ ਸੋਧ ਕਰਕੇ 21-ਏ ਧਾਰਾ ਜੋੜੀ ਗਈ, ਜਿਸ ਅਨੁਸਾਰ 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫ਼ਤ ਸਿੱਖਿਆ ਦਾ ਸਮਾਧਾਨ ਕੀਤਾ ਗਿਆ। ਸੁਪਰੀਮ ਕੋਰਟ ਅਨੁਸਾਰ 'ਸਿੱਖਿਆ ਦਾ ਅਧਿਕਾਰ, ਸਾਡੀ ਜ਼ਿੰਦਗੀ ਦਾ ਅਧਿਕਾਰ ਹੈ'। ਤਦ ਵੀ ਦੇਸ਼ ਦੇ ਹਰ ਨਾਗਰਿਕ ਨੂੰ ਬਰਾਬਰ ਦੀ ਸਿੱਖਿਆ ਨਹੀਂ ਮਿਲ ਰਹੀ।

ਦੇਸ਼ ਵਿੱਚ 1968,1986,1992 ਅਤੇ 2020 'ਚ ਸਿੱਖਿਆ ਨੀਤੀਆਂ ਘੜੀਆਂ ਗਈਆਂ। 2009 'ਚ ਮੁਢਲਾ ਮੁਫ਼ਤ ਸਿੱਖਿਆ ਐਕਟ ਬਣਾਇਆ ਗਿਆ। ਕਈ ਸਿੱਖਿਆ ਕਮਿਸ਼ਨ ਬਣੇ। ਉੱਚ ਸਿੱਖਿਆ ਸੰਸਥਾਵਾਂ ਦਾ ਗਠਨ ਹੋਇਆ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਸਿੱਖਿਆ ਪ੍ਰਦਾਨ ਕਰਨ ਦੇ ਵੱਡੇ ਦਾਅਵੇ ਵੀ ਹੋਏ। ਬਹੁਤੀਆਂ ਹਾਲਤਾਂ 'ਚ ਇਹ ਦਾਅਵੇ ਖੋਖਲੇ ਹਨ। ਪ੍ਰਾਇਮਰੀ ਸਿੱਖਿਆ ਅਧਿਆਪਕਾਂ ਦੀ ਪੂਰੀ ਨਿਯੁਕਤੀ ਨਹੀਂ, ਵੱਡੀ ਗਿਣਤੀ 'ਚ ਵਿਦਿਆਰਥੀ ਘਰੇਲੂ ਮਜ਼ਬੂਰੀਆਂ ਕਾਰਨ ਸਕੂਲ ਛੱਡ ਜਾਂਦੇ ਹਨ, ਲੜਕਿਆਂ ਦੇ ਮੁਕਾਬਲੇ ਲੜਕੀਆਂ ਦਾ ਸਕੂਲਾਂ 'ਚ ਬਰਾਬਰ ਦਾ ਦਾਖ਼ਲਾ ਸਮਾਜਿਕ ਕਾਰਨਾਂ ਕਾਰਨ ਨਹੀਂ ਹੋ ਰਿਹਾ।

ਦੇਸ਼ ਵਿੱਚ ਕੁੱਲ ਸਕੂਲਾਂ ਦੀ ਗਿਣਤੀ 15,11,802 ਹੈ, ਜਿਸ ਵਿਚੋਂ 9,23,296 ਸਰਕਾਰੀ ਖੇਤਰ 5,88506 ਪ੍ਰਾਈਵੇਟ ਖੇਤਰ ਵਿੱਚ ਹਨ। 2011 ਦੀ ਮਰਦਮਸ਼ੁਮਾਰੀ ਅਨੁਸਾਰ ਸਾਖਰਤਾ ਦਰ 77.7 ਹੈ, ਜਿਸ ਵਿਚੋਂ ਮਰਦਾਂ ਦੀ ਸਾਖਰਤਾ ਦਰ 84.6 ਅਤੇ ਔਰਤਾਂ ਦੀ 70.3 ਫ਼ੀਸਦੀ ਹੈ। ਭਾਵ 30 ਫ਼ੀਸਦੀ ਔਰਤਾਂ ਲੜਕੀਆਂ ਕੋਰੀਆਂ ਅਨਪੜ੍ਹ ਹਨ। ਪ੍ਰਾਇਮਰੀ ਸਕੂਲਾਂ 'ਚ 95 ਫੀਸਦੀ ਬੱਚੇ ਦਾਖ਼ਲ ਹੁੰਦੇ ਹਨ, ਜਿਹੜੇ ਸੈਕੰਡਰੀ ਪੱਧਰ ਤੱਕ 69 ਫ਼ੀਸਦੀ ਰਹਿ ਜਾਂਦੇ ਹਨ ਅਤੇ ਪੋਸਟ ਸੈਕੰਡਰੀ ਤੱਕ ਪੁੱਜਦਿਆਂ ਇਹਨਾ ਦੀ ਦਰ 25 ਫ਼ੀਸਦੀ ਰਹਿ ਜਾਂਦੀ ਹੈ।

ਅਸਲ ਵਿੱਚ ਦੇਸ਼ ਦੀ ਪ੍ਰਾਇਮਰੀ, ਸੈਕੰਡਰੀ ਸਿੱਖਿਆ ਤੋਂ ਲੈਕੇ ਉੱਚ ਸਿੱਖਿਆ ਦਾ ਦੇਸ਼ ਵਿੱਚ ਬੁਰਾ ਹਾਲ ਹੈ। ਹਾਕਮ ਧਿਰ ਨੇ, ਭਾਵੇਂ ਉਹ ਕੇਂਦਰ ਵਿੱਚ ਰਾਜ ਕਰਦੀ ਹੈ ਜਾਂ ਸੂਬਿਆਂ ਵਿੱਚ, ਸਿੱਖਿਆ ਨੂੰ ਸਰਕਾਰੀ ਫ਼ਰਜ਼ਾਂ ਤੋਂ ਦੂਰ ਕਰਕੇ ਨਿੱਜੀ ਹੱਥਾਂ 'ਚ ਦੇ ਦਿੱਤਾ ਹੈ, ਜਿਹਨਾਂ ਵੱਲੋਂ ਸਿੱਖਿਆ ਦਾ ਵਪਾਰੀਕਰਨ ਕਰ ਦਿੱਤਾ ਹੈ। ਦੇਸ਼ ਵਿੱਚ ਪਬਲਿਕ, ਮਾਡਲ ਸਕੂਲਾਂ ਦੀ ਭਰਮਾਰ ਹੋ ਗਈ ਹੈ। ਪ੍ਰਾਈਵੇਟ, ਪ੍ਰੋਫੈਸ਼ਨਲ ਯੂਨੀਵਰਸਿਟੀਆਂ, ਕਾਲਜ ਖੋਲ੍ਹ ਕੇ ਸਰਕਾਰਾਂ ਨੇ ਸਿੱਖਿਆ ਦੇ ਨਿੱਜੀਕਰਨ ਨੂੰ ਪ੍ਰਵਾਨ ਕਰ ਲਿਆ ਹੈ, ਜੋ ਮਿਠਾਈਆਂ ਵਾਂਗਰ ਨਵੇਂ ਸਿਲੇਬਸ, ਕੋਰਸ ਬਣਾਕੇ ਡਿਗਰੀਆਂ ਵੇਚ ਰਹੇ ਹਨ। ਉਹਨਾਂ ਉਤੇ ਕੋਈ ਰੋਕ ਵੀ ਨਹੀਂ। ਇਹਨਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਸਧਾਰਨ ਮਜ਼ਦੂਰ, ਕਿਸਾਨ ਪਰਿਵਾਰਾਂ ਦੇ ਬੱਚੇ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ, ਕਿਉਂਕਿ ਉਹ ਸਾਧਨ ਵਿਹੂਣੇ ਹਨ। ਇੰਝ ਸਾਰਿਆਂ ਲਈ ਬਰਾਬਰ ਦੀ ਸਿੱਖਿਆ ਦਾ ਤਾਂ ਜਿਵੇਂ ਦਿਵਾਲਾ ਹੀ ਨਿਕਲ ਗਿਆ ਹੈ। ਵੈਸੇ ਵੀ 2020 ਦੀ ਨਵੀਂ ਸਰਕਾਰ ਦੀ ਸਿੱਖਿਆ ਨੀਤੀ ਨੇ ਸਿੱਖਿਆ ਦੇ ਨਿੱਜੀਕਰਨ, ਵਪਾਰੀਕਰਨ ਨੂੰ ਉਤਸ਼ਾਹਿਤ ਕਰਦਿਆਂ ਵਿਸ਼ਵ ਦੀਆਂ ਯੂਨੀਵਰਸਿਟੀਆਂ ਨੂੰ ਆਪਣੇ ਕੈਂਪਸ ਭਾਰਤ 'ਚ ਖੋਲ੍ਹਣ ਦੀ ਖੁੱਲ੍ਹ ਦੇ ਕੇ ਵਿਦਿਆਰਥੀਆਂ ਦੀ ਲੁੱਟ ਦਾ ਰਾਹ ਪੱਧਰਾ ਕਰ ਦਿੱਤਾ ਹੈ। ਜ਼ਰਾ ਕੁ ਕਿਆਸ ਕਰੋ ਕਿ ਇਹਨਾ ਵਿਸ਼ਵ ਪੱਧਰੀ ਯੂਨੀਵਰਸਿਟੀਆਂ 'ਚ ਕਿਹੜੇ ਵਿਦਿਆਰਥੀ ਦਾਖ਼ਲਾ ਲੈਣਗੇ ?

ਪਿਛਲੇ ਬਜ਼ਟ ਵਿੱਚ ਸਿੱਖਿਆ ਲਈ ਬਹੁਤੀਆਂ ਸੂਬਾ ਸਰਕਾਰਾਂ ਆਪਣੀ ਆਮਦਨ ਦਾ 2.5 ਫ਼ੀਸਦੀ ਤੋਂ 3.1 ਫ਼ੀਸਦੀ ਤੱਕ ਰੱਖਦੀਆਂ ਹਨ। ਭਾਰਤ ਸਰਕਾਰ ਵੱਲੋਂ ਵੀ ਕੁੱਲ ਜੀਡੀਪੀ ਦਾ 2.9 ਫ਼ੀਸਦੀ ਅਨੁਮਾਨਤ ਖ਼ਰਚਾ ਸਿੱਖਿਆ ਲਈ ਮਿਥਿਆ ਗਿਆ ਹੈ। ਭਾਰਤ ਵਰਗੇ ਮੁਲਕ ਲਈ ਇਹ ਖ਼ਰਚ ਕਿਸੇ ਵੀ ਹਾਲਤ ਵਿੱਚ ਵਾਜਬ ਨਹੀਂ ਗਿਣਿਆ ਜਾ ਸਕਦਾ, ਕਿਉਂਕਿ 100 ਫੀਸਦੀ ਸਾਖਰਤਾ ਦਰ ਅਸੀਂ ਪ੍ਰਾਪਤ ਨਹੀਂ ਕਰ ਸਕੇ। ਸਕੂਲੋਂ ਭੱਜਣ ਵਾਲੇ ਵਿਦਿਆਰਥੀਆਂ ਨੂੰ ਮੁੜ ਸਕੂਲਾਂ 'ਚ ਲਿਆਉਣ ਦਾ ਚੈਲਿੰਜ ਵੀ ਸਾਡੇ ਸਾਹਮਣੇ ਹੈ। ਉੱਚ ਸਿੱਖਿਆ 'ਚ ਜਾਣ ਵਾਲੇ ਉਤਸ਼ਾਹੀ ਵਿਦਿਆਰਥੀਆਂ ਦੀ ਗਿਣਤੀ, ਉਹਨਾਂ ਦੇ ਪਰਿਵਾਰਾਂ ਦੀ ਮਾਇਕ ਸਾਧਨਾਂ ਦੀ ਘਾਟ ਕਾਰਨ ਘਟ ਰਹੀ ਹੈ। ਪਰ ਮੌਜੂਦਾ ਸਮੇਂ ਇਹ ਹਾਕਮਾਂ ਦੀ ਚਿੰਤਾ ਨਹੀਂ ਹੈ।

ਅੱਜ ਜਦੋਂ ਅਰਥ ਸ਼ਾਸ਼ਤਰ ਦੇ ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਕਹਿੰਦੇ ਹਨ ਕਿ ਭਾਰਤ ਨੂੰ ਬੇਹਤਰ ਸਿੱਖਿਆ ਤੇ ਸਿਹਤ ਸੇਵਾ 'ਤੇ ਧਿਆਨ ਕਰਨ ਦੀ ਲੋੜ ਹੈ ਤਾਂ ਸਿਆਸੀ ਨੇਤਾ, ਹਾਕਮ ਇਸ ਸਬੰਧੀ ਚੁੱਪੀ ਵੱਟ ਕੇ ਬੈਠੇ ਹਨ।

ਜਾਪਦਾ ਹੈ ਸਿਆਸੀ ਧਿਰਾਂ ਇਸ ਸੂਖ਼ਮ ਪਰ ਅਹਿਮ ਮਨੁੱਖੀ ਲੋੜ, ਸਿੱਖਿਆ ਦੇ ਮੁੱਦੇ ਨੂੰ ਤਿਲਾਂਜਲੀ ਦੇ ਕੇ ਵੋਟਾਂ ਹਥਿਆਉਣ ਲਈ ਇਹੋ ਜਿਹਾ ਬਿਰਤਾਂਤ ਸਿਰਜ ਰਹੀਆਂ ਹਨ, ਜਿਹੜਾ ਉਹਨਾਂ ਨੂੰ 'ਰਾਜੇ' ਬਨਣ ਲਈ ਰਾਸ ਆਉਂਦਾ ਹੈ।

ਉਂਝ ਵੀ ਨੇਤਾ ਲੋਕ ਦੇਸ਼ ਦੀ ਜਨਤਾ ਨੂੰ ਪੜ੍ਹਿਆ-ਲਿਖਿਆ ਨਹੀਂ ਵੇਖਣਾ ਚਾਹੁਣਗੇ, ਕਿਉਂਕਿ ਪੜ੍ਹੇ ਲਿਖੇ ਲੋਕ ਸਵਾਲ ਕਰਨਗੇ ਤੇ ਆਪਣੇ ਹੱਕ ਮੰਗਣਗੇ, ਹਾਕਮਾਂ ਦੀ ਥਾਂ ਲੈਣ ਦੀ ਖਾਹਿਸ਼ ਪਾਲਣਗੇ। ਤਦ ਇਹ ਸਭ ਕੁਝ ਸਿਆਸੀ ਲੋਕਾਂ ਦੀ ਸੋਚ ਨੂੰ ਪ੍ਰੇਸ਼ਾਨ ਕਰੇਗਾ।

# ਲੋਕ ਸਭਾ ਚੋਣਾਂ ਵਿੱਚ ਭ੍ਰਿਸ਼ਟਾਚਾਰ ਵੱਡਾ ਮੁੱਦਾ ਤੇ ਤਾਜ਼ਾ ਚੋਣ ਸਰਵੇਖਣ



**ਅਭੈ ਕੁਮਾਰ ਦੂਬੇ**
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।




ਅੱਜ ਦੀ ਤਰੀਕ ਵਿੱਚ ਸਥਿਤੀ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਮੇਰਠ ਦੀ ਸਭਾ 'ਚ ਅਤੇ ਕੁਝ ਹੋਰ ਮੰਚਾਂ 'ਤੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਹੀ ਲੜੀਆਂ ਜਾਣਗੀਆਂ। ਇੰਝ ਲਗਦਾ ਹੈ ਕਿ ਕਰਨਾਟਕ ਦੇ ਚੋਣ ਨਤੀਜਿਆਂ ਦਾ ਮੋਦੀ ਦੇ ਮਨ 'ਤੇ ਡੂੰਘਾ ਅਸਰ ਪਿਆ ਹੈ। ਪਹਿਲੀ ਵਾਰ ਉਸ ਪ੍ਰਦੇਸ਼ 'ਚ ਭਾਜਪਾ ਦੀ ਕਿਸੇ ਸਰਕਾਰ ਦੀ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਬੁਰੀ ਤਰ੍ਹਾਂ ਨਾਲ ਹਾਰ ਹੋਈ ਸੀ। ਮੋਦੀ ਨੇ ਮੰਚ ਤੋਂ ਵਿਰੋਧੀ ਧਿਰ 'ਤੇ 80 ਫ਼ੀਸਦੀ ਭ੍ਰਿਸ਼ਟਾਚਾਰ ਦਾ ਦੋਸ਼ ਲਗਾਇਆ ਸੀ। ਵਿਰੋਧੀ ਧਿਰ ਨੇ ਭਾਜਪਾ 'ਤੇ '40 ਫ਼ੀਸਦੀ ਸਰਕਾਰ' ਭਾਵ 40 ਫ਼ੀਸਦੀ ਕਮਿਸ਼ਨ ਖਾਣ ਵਾਲੀ ਸਰਕਾਰ ਚਲਾਉਣ ਦਾ ਦੋਸ਼ ਲਗਾਇਆ ਸੀ। ਵੋਟਰਾਂ ਨੇ ਵਿਰੋਧੀਆਂ ਦੀਆਂ ਗੱਲਾਂ 'ਤੇ ਭਰੋਸਾ ਕੀਤਾ, ਮੋਦੀ ਦੀਆਂ ਗੱਲਾਂ 'ਤੇ ਨਹੀਂ। ਦੂਜਾ, ਕੇਜਰੀਵਾਲ ਦੀ ਗ੍ਰਿਫ਼ਤਾਰੀ ਨਾਲ ਇਹ ਮਸਲਾ ਅੰਤਰਰਾਸ਼ਟਰੀ ਦਿਲਚਸਪੀ ਦਾ ਵਿਸ਼ਾ ਬਣ ਗਿਆ ਹੈ। ਜਰਮਨੀ, ਅਮਰੀਕਾ ਅਤੇ ਸੰਯੁਕਤ ਰਾਸ਼ਟਰ ਵੱਲੋਂ ਉਮੀਦ ਜਤਾਈ ਗਈ ਹੈ ਕਿ ਇਸ ਮਾਮਲੇ 'ਚ ਕਾਨੂੰਨੀ ਪ੍ਰਕਿਰਿਆਵਾਂ ਦਾ ਪਾਲਣ ਕੀਤਾ ਜਾਵੇਗਾ। ਕਰਨਾਟਕ ਦੇ ਅਨੁਭਵ ਅਤੇ ਇਨ੍ਹਾਂ ਪ੍ਰਤੀਕਿਰਿਆਵਾਂ ਨੇ ਮੋਦੀ ਨੂੰ ਬਹੁਤ ਚਿੜਾ ਦਿੱਤਾ ਹੈ। ਉਹ ਇਸੇ ਮੁੱਦੇ 'ਤੇ ਆਪਣੀ ਸ੍ਰੇਸ਼ਟਤਾ ਸਾਬਤ ਕਰਨ 'ਚ ਲੱਗੇ ਹੋਏ ਹਨ।

ਏ.ਬੀ.ਪੀ.-ਸੀ. ਵੋਟਰ ਦਾ ਤਾਜ਼ਾ-ਤਰੀਨ ਸਰਵੇਖਣ ਦੱਸਦਾ ਹੈ ਕਿ ਭ੍ਰਿਸ਼ਟਾਚਾਰ ਦੇ ਮਸਲੇ 'ਤੇ ਰਾਏ ਪੂਰੀ ਤਰ੍ਹਾਂ ਨਾਲ ਵੰਡੀ ਹੋਈ ਹੈ। ਸੀ. ਵੋਟਰ ਦੇ ਸੰਸਥਾਪਕ ਯਸ਼ਵੰਤ ਦੇਸ਼ਮੁਖ ਨੇ ਆਪਣੇ ਸਰਵੇਖਣ ਦੀ ਵਿਆਖਿਆ ਕਰਦਿਆਂ ਜੋ ਅੰਕੜੇ ਪੇਸ਼ ਕੀਤੇ ਹਨ, ਉਹ ਹੈਰਾਨ ਕਰਨ ਵਾਲੇ ਹਨ। ਦੇਸ਼ਮੁਖ ਅਨੁਸਾਰ ਕੌਮੀ ਜਮ੍ਹੂਰੀ ਗੱਠਜੋੜ (ਐੱਨ.ਡੀ.ਏ.) ਦੇ ਸਮਰਥਕ ਵੋਟਰ ਵੱਡੇ ਪੱਧਰ 'ਤੇ ਕਹਿ ਰਹੇ ਹਨ ਕਿ ਵਿਰੋਧੀਆਂ 'ਤੇ ਹੋਣ ਵਾਲੀ ਕਾਰਵਾਈ ਠੀਕ ਹੈ। ਪਰ ਦੂਜੇ ਪਾਸੇ ਇਸ ਦੇ ਜਵਾਬ 'ਚ 'ਇੰਡੀਆ' ਗੱਠਜੋੜ ਦੇ ਸਮਰਥਕ ਵੀ ਕਹਿ ਰਹੇ ਹਨ ਕਿ ਵਿਰੋਧੀ ਨੇਤਾਵਾਂ ਨੂੰ ਗ਼ਲਤ ਫਸਾਇਆ ਜਾ ਰਿਹਾ ਹੈ। ਭਾਵ ਦੋਵਾਂ ਪਾਸਿਆਂ ਤੋਂ ਧਰੁਵੀਕਰਨ ਹੋ ਰਿਹਾ ਹੈ। ਜੇਕਰ ਇਹ ਅੰਕੜੇ ਸਹੀ ਹਨ ਤਾਂ ਪਿਛਲੇ 10 ਸਾਲਾਂ 'ਚ ਇਹ ਪਹਿਲੀ ਵਾਰ ਹੋਵੇਗਾ ਕਿ ਗ਼ੈਰ-ਭਾਜਪਾ ਵੋਟਰ ਕਿਸੇ ਸਵਾਲ 'ਤੇ ਇਕ ਧਰੁਵ 'ਤੇ ਨਜ਼ਰ ਆ ਰਿਹਾ ਹੈ ਅਜੇ ਤੱਕ ਮੋਦੀ ਦੀ ਜਿੱਤ ਦਾ ਸਭ ਤੋਂ ਵੱਡਾ ਕਾਰਨ ਇਹੀ ਰਿਹਾ ਹੈ ਕਿ ਉਨ੍ਹਾਂ ਦੇ ਸਮਰਥਕ ਵੋਟਰ ਤਾਂ ਇੱਕ ਥਾਂ ਇਕੱਤਰ ਹੋ ਜਾਂਦੇ ਹਨ, ਪਰ ਉਨ੍ਹਾਂ ਦੇ ਵਿਰੋਧੀ ਵੋਟਰ ਵੰਡ ਕੇ ਵੋਟ ਪਾਉਂਦੇ ਦਿਖਾਈ ਦਿੰਦੇ ਹਨ। ਇਹ ਪਹਿਲੀ ਵਾਰ ਹੈ ਕਿ ਵਿਰੋਧੀ ਧਿਰ ਬਿਨਾਂ ਕਿਸੇ ਅਸਾਧਾਰਨ ਸੰਗਠਨਾਤਮਿਕ ਗੋਲਬੰਦੀ ਦੇ ਕਿਸੇ ਇਕ ਸਵਾਲ 'ਤੇ ਮੋਦੀ ਵਿਰੋਧੀ ਵੋਟਰਾਂ ਦੇ ਇੱਕ ਮੁੱਦੇ 'ਤੇ ਜਮ੍ਹਾਂ ਹੋਣ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ। ਭਾਵ, ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾਉਣਾ ਮੋਦੀ ਨੂੰ ਮਹਿੰਗਾ ਪੈ ਸਕਦਾ ਹੈ।

ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪਹਿਲਾਂ ਤੋਂ ਪਤਾ ਸੀ ਕਿ ਪੀ.ਐਮ.ਐਲ.ਏ. ਕਾਨੂੰਨ ਦੀ ਧਾਰਾ 45 ਕਾਰਨ ਉਨ੍ਹਾਂ ਨੂੰ ਜ਼ਮਾਨਤ ਮਿਲਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੀ ਹੈ। ਇਸ ਸਥਿਤੀ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਨੇ ਪੂਰੀ ਯੋਜਨਾਬੰਦੀ ਕਰ ਲਈ ਸੀ। ਜਿਵੇਂ ਹੀ ਉਨ੍ਹਾਂ ਨੂੰ ਪਹਿਲਾ ਸੰਮਨ ਮਿਲਿਆ, ਉਨ੍ਹਾਂ ਨੇ ਕਿਹਾ ਕਿ ਇਹ ਗ਼ੈਰ-ਕਾਨੂੰਨੀ ਹੈ, ਇਸ ਲਈ ਇਸ ਦਾ ਪਾਲਣ ਨਹੀਂ ਕੀਤਾ ਜਾਵੇਗਾ। ਸੰਮਨ 'ਤੇ ਸੰਮਨ ਮਿਲਦੇ ਰਹੇ ਅਤੇ ਉਹ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦੇ ਰਹੇ। ਈ.ਡੀ. ਲਈ ਇਹ ਇੱਕ ਨਵੀਂ ਗੱਲ ਸੀ। ਪਹਿਲਾਂ ਕਿਸੇ ਨੇ ਉਨ੍ਹਾਂ ਦੇ ਸੰਮਨਾਂ ਨਾਲ ਅਜਿਹਾ ਸਲੂਕ ਨਹੀਂ ਕੀਤਾ ਸੀ। ਸ਼ੁਰੂਆਤੀ ਭਰਮ ਤੋਂ ਬਾਅਦ ਈ.ਡੀ. ਨੂੰ ਖ਼ੁਦ ਅਦਾਲਤ ਦੀ ਸ਼ਰਨ 'ਚ ਜਾਣਾ ਪਿਆ ਤਾਂ ਕਿ ਉਸ ਦੇ ਸੰਮਨਾਂ ਦੀ ਕਾਨੂੰਨੀ ਹੈਸੀਅਤ ਯਕੀਨੀ ਬਣਾਈ ਜਾ ਸਕੇ। ਪਰ ਉਮੀਦ ਦੇ ਖ਼ਿਲਾਫ਼ ਈ.ਡੀ. ਨੂੰ ਰਾਊਜ਼ ਐਵੇਨਿਊ ਕੋਰਟ ਤੋਂ ਆਪਣੇ ਹੱਕ 'ਚ ਫ਼ੈਸਲਾ ਫਟਾਫਟ ਨਹੀਂ ਮਿਲ ਸਕਿਆ। ਇਸ ਸਮੇਂ ਵੀ ਇਹ ਮਸਲਾ ਵਿਚਾਰ ਅਧੀਨ ਹੈ। ਇਸ ਤੋਂ ਬਾਅਦ ਕੇਜਰੀਵਾਲ ਗ੍ਰਿਫ਼ਤਾਰੀ ਨੂੰ ਰੁਕਵਾਉਣ ਲਈ ਹਾਈ ਕੋਰਟ ਗਏ। ਅਦਾਲਤ ਨੇ ਈ.ਜੀ. ਦੇ ਸੰਮਨਾਂ ਨੂੰ ਰੱਦ ਕਰਨ ਦਾ ਆਦੇਸ਼ ਤਾਂ ਨਹੀਂ ਦਿੱਤਾ, ਪਰ ਅਦਾਲਤ ਨੇ ਈ.ਡੀ. ਦੀ ਗੱਲ ਵੀ ਨਹੀਂ ਮੰਨੀ ਕਿ ਕੇਜਰੀਵਾਲ ਦੀ ਗੱਲ ਵਿਚਾਰ ਕਰਨ ਦੇ ਕਾਬਲ ਨਹੀਂ। ਉਸ ਨੇ ਈ.ਡੀ. ਕੋਲੋਂ ਪੁੱਛਿਆ ਕਿ ਜੇਕਰ ਕੇਜਰੀਵਾਲ ਦੇ ਖ਼ਿਲਾਫ਼ ਇੰਨੇ ਜ਼ਿਆਦਾ ਸਬੂਤ ਹਨ ਤਾਂ ਤੁਸੀਂ ਹਾਲੇ ਤੱਕ ਉਨ੍ਹਾਂ ਨੂੰ ਫੜਿਆ ਕਿਉਂ ਨਹੀਂ? ਜ਼ਰਾ ਫਾਈਲ ਤਾਂ ਦਿਖਾਓ ਕਿ ਉਨ੍ਹਾਂ ਦੇ ਖ਼ਿਲਾਫ਼ ਕੀ ਸਬੂਤ ਹਨ? ਇਸ ਤੋਂ ਬਾਅਦ ਹਾਈ ਕੋਰਟ ਨੇ 22 ਅਪ੍ਰੈਲ ਦੀ ਤਰੀਕ ਪਾ ਦਿੱਤੀ। ਇਸ ਨਾਲ ਈ.ਡੀ. ਪੇਚੀਦਗੀ 'ਚ ਫਸ ਗਈ, ਕਿਉਂਕਿ ਅਦਾਲਤ ਫਾਈਲ ਦੇਖ ਕੇ ਕਿਸੇ ਅਜਿਹੇ ਨਤੀਜੇ 'ਤੇ ਵੀ ਪਹੁੰਚ ਸਕਦੀ ਹੈ ਜੋ ਈ.ਡੀ. ਲਈ ਮੁਫ਼ੀਦ ਨਾ ਹੋਵੇ। ਇਸ ਲਈ ਜਲਦਬਾਜ਼ੀ 'ਚ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਨ ਦਾ ਫ਼ੈਸਲਾ ਲਿਆ ਗਿਆ, ਜੋ ਵੀ ਹੋਵੇ, ਅਜੇ 22 ਅਪ੍ਰੈਲ ਦੀ ਤਰੀਕ 'ਤੇ ਸੁਣਵਾਈ ਬਾਕੀ ਹੈ।

ਕੇਜਰੀਵਾਲ ਦੀ ਯੋਜਨਾ ਦਾ ਦੂਜਾ ਪਹਿਲੂ ਜੇਲ੍ਹ ਤੋਂ ਸਰਕਾਰ ਚਲਾਉਣ ਦਾ ਹੈ। ਹੁਣ ਇਹ ਭਾਜਪਾ ਨੇ ਤੈਅ ਕਰਨਾ ਹੈ ਕਿ ਉਹ ਕੇਜਰੀਵਾਲ ਨੂੰ ਜੇਲ੍ਹ ਤੋਂ ਸਰਕਾਰ ਚਲਾਉਣ ਦੇਣਗੇ ਜਾਂ ਨਹੀਂ। ਗੇਂਦ ਭਾਜਪਾ ਦੇ ਪਾਲੇ 'ਚ ਹੈ। ਉਸ ਦੇ ਸਾਹਮਣੇ ਤਿੰਨ ਰਸਤੇ ਹਨ। ਪਹਿਲਾ, ਉਹ ਕੇਜਰੀਵਾਲ ਨੂੰ ਜੇਲ੍ਹ ਤੋਂ ਸਰਕਾਰ ਚਲਾਉਣ ਦੇਣ। ਜੇਕਰ ਉਸ ਨੇ ਅਜਿਹਾ ਕੀਤਾ ਤਾਂ ਮੁੱਖ ਮੰਤਰੀ ਦੀ ਗ੍ਰਿਫ਼ਤਾਰੀ ਦਾ ਕੋਈ ਵੀ ਫੌਰੀ ਰਾਜਨੀਤਕ ਲਾਭ ਭਾਜਪਾ ਨੂੰ ਮਿਲਣ ਦੀਆਂ ਸੰਭਾਵਨਾਵਾਂ ਘੱਟ ਤੋਂ ਘੱਟ ਹੋ ਸਕਦੀਆਂ ਹਨ। ਦੂਜਾ, ਉਹ ਵਿਧਾਨ ਸਭਾ ਨੂੰ ਮੁਅੱਤਲ ਕਰ ਦੇਵੇ। ਤੀਜਾ, ਉਹ ਵਿਧਾਨ ਸਭਾ ਨੂੰ ਭੰਗ ਕਰ ਦੇਵੇ। ਇਨ੍ਹਾਂ ਦੋਵਾਂ ਕੰਮਾਂ ਨੂੰ ਕਰਨ ਲਈ ਉਪ ਰਾਜਪਾਲ ਨੂੰ ਆਪਣੀ ਰਿਪੋਰਟ ਭੇਜਣੀ ਹੋਵੇਗੀ ਕਿ ਰਾਜ 'ਚ ਸ਼ਾਸਨ-ਪ੍ਰਸ਼ਾਸਨ ਦੀ ਸੰਵਿਧਾਨਕ ਪ੍ਰਕਿਰਿਆ ਪ੍ਰਭਾਵਿਤ ਹੋ ਗਈ ਹੈ। ਦੋਵਾਂ ਹੀ ਹਾਲਤਾਂ 'ਚ ਅਗਲੇ 11 ਮਹੀਨਿਆਂ ਲਈ ਦਿੱਲੀ ਉੱਪਰ ਨੌਕਰਸ਼ਾਹਾਂ ਦੀ ਹਕੂਮਤ ਕਾਇਮ ਹੋ ਜਾਵੇਗੀ। ਇਹ ਇਕ ਅਜਿਹੀ ਹਕੂਮਤ ਹੋਵੇਗੀ, ਜੋ ਜਨਤਾ ਪ੍ਰਤੀ ਜਵਾਬਦੇਹ ਨਾ ਹੋਣ ਦੇ ਬਾਵਜੂਦ ਆਮ ਜਨਤਾ ਦੀਆਂ ਨਜ਼ਰਾਂ 'ਚ ਭਾਜਪਾ ਦੀ ਹੀ ਹੋਵੇਗੀ। ਇਸ ਦੇ ਨਕਾਰਾਤਮਿਕ ਪਹਿਲੂਆਂ ਦਾ ਠੀਕਰਾ ਭਾਜਪਾ ਦੇ ਦਰਵਾਜ਼ੇ 'ਤੇ ਹੀ ਭੰਨਿਆ ਜਾਵੇਗਾ। 2015 ਦੀਆਂ ਚੋਣਾਂ ਤੋਂ ਪਹਿਲਾਂ ਵੀ ਇਹੀ ਸਥਿਤੀ ਸੀ ਅਤੇ ਇਸ ਕਾਰਨ ਭਾਜਪਾ ਦੇ ਖ਼ਿਲਾਫ਼ ਵੱਡੀ 'ਐਂਟੀ-ਇਨਕੁੰਬੈਂਸੀ' (ਸੱਤਾ ਵਿਰੋਧੀ ਲਹਿਰ) ਜਮ੍ਹਾ ਹੋ ਗਈ ਸੀ, ਜਿਸ ਦਾ ਸਿੱਟਾ ਚੋਣਾਂ 'ਚ ਭਾਜਪਾ ਦੀਆਂ ਸਿਰਫ਼ 3 ਸੀਟਾਂ ਵਜੋਂ ਨਿਕਲਿਆ ਸੀ।

ਚੇਤੇ ਰਹੇ ਕਿ ਭਾਜਪਾ ਕੋਲ ਤਾਂ ਸਿਰਫ਼ 7 ਵਿਧਾਇਕ ਹਨ, ਜਿਨ੍ਹਾਂ ਦੇ ਦਮ 'ਤੇ ਉਹ ਹਰਮਨ-ਪਿਆਰੀ ਸਰਕਾਰ ਦਾ ਗਠਨ ਨਹੀਂ ਕਰ ਸਕਦੀ। ਕੇਜਰੀਵਾਲ ਨੇ ਆਪਣੀ ਯੋਜਨਾ ਮੁਤਾਬਿਕ ਵਿਸ਼ਵਾਸ ਮੱਤ ਵੀ ਹਾਸਿਲ ਕਰ ਰੱਖਿਆ ਹੈ। ਭਾਵ ਅਗਲੇ 6 ਮਹੀਨਿਆਂ ਤੱਕ ਭਾਜਪਾ ਬੇਭਰੋਸਗੀ ਮਤਾ ਵੀ ਨਹੀਂ ਲਿਆ ਸਕਦੀ। ਕੇਜਰੀਵਾਲ ਨੇ ਇੱਕ ਰਾਇਸ਼ੁਮਾਰੀ ਕਰਵਾ ਕੇ ਗ੍ਰਿਫ਼ਤਾਰੀ ਤੋਂ ਬਾਅਦ ਵੀ ਮੁੱਖ ਮੰਤਰੀ ਬਣੇ ਰਹਿਣ ਦੇ ਪੱਖ 'ਚ ਨਤੀਜਾ ਹਾਸਿਲ ਕਰਵਾ ਰੱਖਿਆ ਹੈ।

ਲੋਕ ਸਭਾ ਚੋਣਾਂ ਵਿਚ ਪਾਲਾ ਖਿੱਚ ਚੁੱਕਾ ਹੈ। ਮੋਦੀ ਦਾ ਖ਼ਿਆਲ ਹੈ ਕਿ ਉਨ੍ਹਾਂ ਦੇ ਉੱਪਰ ਨਿੱਜੀ ਤੌਰ 'ਤੇ ਭ੍ਰਿਸ਼ਟਾਚਾਰ ਦਾ ਕੋਈ ਇਲਜ਼ਾਮ ਨਹੀਂ ਹੈ। ਉਨ੍ਹਾਂ ਦੀ ਸਾਖ਼ ਬਹੁਤ ਉੱਚੀ ਹੈ ਅਤੇ ਉੱਤਰ, ਮੱਧ ਅਤੇ ਪੱਛਮੀ ਭਾਰਤ ਵਿੱਚ ਆਪਣੀ ਹਰਮਨ-ਪਿਆਰਤਾ ਦੇ ਜ਼ੋਰ 'ਤੇ ਉਹ ਲੋਕ ਸਭਾ ਚੋਣਾਂ ਦੁਬਾਰਾ ਜਿੱਤ ਜਾਣਗੇ। ਪਰ ਇਸ ਲਈ ਉਨ੍ਹਾਂ ਨੇ ਜੋ ਮੁੱਦਾ ਚੁਣਿਆ ਹੈ, ਉਸ 'ਚ ਗ਼ੈਰ-ਭਾਜਪਾ ਵੋਟਰਾਂ ਨੂੰ ਇਕਜੁੱਟ ਕਰਨ ਦੀ ਸਮਰੱਥਾ ਹੈ। 2019 ਦੇ ਅੰਕੜਿਆਂ ਤੋਂ ਸਾਨੂੰ ਪਤਾ ਹੀ ਹੈ ਕਿ ਮੋਦੀ ਕੋਲ ਸਿਰਫ਼ 38 ਫ਼ੀਸਦੀ ਵੋਟਾਂ ਹਨ ਅਤੇ 62 ਫ਼ੀਸਦੀ ਵੋਟਾਂ ਗ਼ੈਰ-ਭਾਜਪਾਈ ਹਨ। ਇਨ੍ਹਾਂ 'ਚੋਂ ਜੇਕਰ 10-15 ਫ਼ੀਸਦੀ ਵੋਟਾਂ ਇਧਰ-ਉਧਰ ਚਲੀਆਂ ਵੀ ਜਾਣ ਤਾਂ ਵੀ ਭਾਜਪਾ ਨੂੰ ਇਨ੍ਹਾਂ ਚੋਣਾਂ 'ਚ ਬਾਕੀ ਵੋਟਾਂ ਨਾਲ ਸਖ਼ਤ ਟੱਕਰ ਮਿਲ ਸਕਦੀ ਹੈ। ਜੇਕਰ 2019 ਦੀਆਂ ਸਾਰੀਆਂ ਵੋਟਾਂ ਮੋਦੀ ਨੂੰ ਦੁਬਾਰਾ ਮਿਲ ਵੀ ਜਾਣ ਤਾਂ ਵੀ ਵਿਰੋਧੀ ਵੋਟਾਂ ਦਾ ਧਰੁਵੀਕਰਨ ਬਹੁਤ ਸਾਰੀਆਂ ਸੀਟਾਂ ਨੂੰ ਮੋਦੀ ਤੋਂ ਖੋਹ ਸਕਦਾ ਹੈ।

# ਭਾਰਤੀ ਅਰਥਵਿਵਸਥਾ ਦੇ ਵਿਕਾਸ ਦੀ ਮਿਥ ਦੇ ਅਸਲ ਅਰਥ

**ਡਾ. ਕੁਲਵੰਤ ਸਿੰਘ**

ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਵੱਲੋਂ ਜਨਵਰੀ 2024 ਵਿੱਚ ਜਾਰੀ ਰਿਪੋਰਟ 'ਭਾਰਤੀ ਅਰਥਵਿਵਸਥਾ : ਇੱਕ ਸਮੀਖਿਆ' ਦੇ ਮੌਜੂਦਾ ਅਨੁਮਾਨਾਂ ਅਨੁਸਾਰ ਭਾਰਤ ਦੀ ਜੀ.ਡੀ.ਪੀ ਭਾਵ ਕੁੱਲ ਘਰੇਲੂ ਉਤਪਾਦ ਦੀ ਸਲਾਨਾ ਵਿਕਾਸ ਦਰ ਵਿੱਤੀ ਸਾਲ 2021-22 ਵਿੱਚ 9.1 ਫ਼ੀਸਦੀ ਅਤੇ ਸਾਲ 2022-23 ਵਿੱਚ 7.2 ਫ਼ੀਸਦੀ ਰਹੀ ਹੈ। ਜਦੋਂ ਕਿ ਸਾਲ 2023-24 ਦੌਰਾਨ ਜੀ.ਡੀ.ਪੀ ਵਿੱਚ 7.3 ਫ਼ੀਸਦੀ ਸਾਲਾਨਾ ਵਾਧੇ ਦੀ ਦਰ ਨਾਲ ਭਾਰਤੀ ਅਰਥਵਿਵਸਥਾ ਦੇ ਆਪਣੀ ਮਜ਼ਬੂਤ ਵਿਕਾਸ ਦਰ ਨੂੰ ਜਾਰੀ ਰੱਖਣ ਦਾ ਅਨੁਮਾਨ ਹੈ। ਇਸ ਸਮੇਂ ਭਾਰਤ ਜੀ-20 ਦੇਸ਼ਾਂ ਵਿਚੋਂ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੀ ਅਰਥ-ਵਿਵਸਥਾ ਵਜੋਂ ਉਭਰ ਰਿਹਾ ਹੈ। ਅੱਜ ਤੋਂ 10 ਸਾਲ ਪਹਿਲਾਂ, ਭਾਰਤ ਮੌਜੂਦਾ ਬਾਜ਼ਾਰ ਕੀਮਤਾਂ 'ਤੇ 1.9 ਟ੍ਰਿਲੀਅਨ ਅਰਥਾਤ ਇੱਕ ਲੱਖ ਨੱਬੇ ਹਜ਼ਾਰ ਕਰੋੜ ਅਮਰੀਕੀ ਡਾਲਰਾਂ ਦੀ ਜੀਡੀਪੀ ਦੇ ਨਾਲ ਦੁਨੀਆ ਦੀ 10ਵੀਂ ਸਭ ਤੋਂ ਵੱਡੀ ਅਰਥਵਿਵਸਥਾ ਸੀ। ਰਿਪੋਰਟ ਮੁਤਾਬਕ ਅੱਜ ਕਰੋਨਾ ਮਹਾਂਮਾਰੀ, ਮੈਕਰੋ ਅਸੰਤੁਲਨ ਅਤੇ ਟੁੱਟੇ-ਭੱਜੇ ਵਿੱਤੀ ਖੇਤਰ ਵਾਲੀ ਆਰਥਿਕਤਾ ਨੂੰ ਵਿਰਾਸਤ ਵਿੱਚ ਮਿਲਣ ਦੇ ਬਾਵਜੂਦ, ਭਾਰਤ ਸਾਲ 2023-24 ਦੌਰਾਨ 3.7 ਟ੍ਰਿਲੀਅਨ ਅਰਥਾਤ ਤਿੰਨ ਲੱਖ ਸੱਤਰ ਹਜ਼ਾਰ ਕਰੋੜ ਅਮਰੀਕੀ ਡਾਲਰਾਂ ਦੇ ਕੁੱਲ ਘਰੇਲੂ ਉਤਪਾਦ ਨਾਲ ਸੰਸਾਰ ਦੀ ਸਭ ਤੋਂ ਵੱਡੀ ਪੰਜਵੀ ਅਰਥਵਿਵਸਥਾ ਬਣ ਗਿਆ ਹੈ। ਸਾਲ 2030 ਤੱਕ ਭਾਰਤ ਦੇ ਸੱਤ ਟ੍ਰਿਲੀਅਨ ਅਰਥਾਤ ਸੱਤ ਲੱਖ ਕਰੋੜ ਅਮਰੀਕੀ ਡਾਲਰਾਂ ਦੀ ਅਰਥਵਿਵਸਥਾ ਬਣਨ ਦੀ ਸੰਭਾਵਨਾ ਹੈ। ਇੱਥੇ ਇਹ ਨੋਟ ਕਰਨਯੋਗ ਹੈ ਕਿ 2023 ਵਿੱਚ ਭਾਰਤ ਦੀ ਜੀ.ਡੀ.ਪੀ ਦਾ ਸਰੋਤਾਂ ਵਿੱਚ ਜ਼ਿਕਰ ਨਹੀਂ ਕੀਤਾ ਗਿਆ ਹੈ। ਅਮਰੀਕੀ ਬਿਜ਼ਨੈੱਸ ਮੈਗਜ਼ੀਨ ਦੇ ਇੱਕ ਐਡੀਸ਼ਨ 'ਫੋਰਬਸ ਇੰਡੀਆ' ਨੇ ਵੀ ਵਿੱਤੀ ਸਾਲ 2023-24 ਦੀ ਦੂਜੀ ਤਿਮਾਹੀ ਵਿੱਚ ਭਾਰਤ ਦੀ ਜੀ.ਡੀ.ਪੀ ਵਿੱਚ 7.6 ਫ਼ੀਸਦੀ ਦੇ ਵਾਧੇ ਦੀ ਪੁਸ਼ਟੀ ਕੀਤੀ ਹੈ। 'ਫੋਰਬਸ ਇੰਡੀਆ' ਜਨਵਰੀ 2024 ਦੇ ਅਨੁਸਾਰ, ਇਸ ਸਮੇਂ ਆਪਣੇ ਜੀ.ਡੀ.ਪੀ ਅੰਕੜਿਆਂ ਦੇ ਆਧਾਰ 'ਤੇ ਅਮਰੀਕਾ, ਚੀਨ, ਜਾਪਾਨ, ਜਰਮਨੀ ਅਤੇ ਭਾਰਤ ਦੁਨੀਆਂ ਦੀਆਂ ਕ੍ਰਮਵਾਰ ਸਭ ਤੋਂ ਵੱਡੀਆਂ ਪੰਜ ਅਰਥ-ਵਿਵਸਥਾਵਾਂ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜੀ.ਡੀ.ਪੀ ਨੂੰ ਦੇਸ਼ ਦੀ ਆਰਥਿਕਤਾ ਦੀ ਵਿਸ਼ਾਲਤਾ ਦਾ ਮੁੱਲਾਂਕਣ ਕਰਨ, ਵੱਖ-ਵੱਖ ਦੇਸ਼ਾਂ ਅਤੇ ਖੇਤਰਾਂ ਨਾਲ ਤੁਲਨਾ ਕਰਨ ਲਈ ਆਰਥਿਕ ਵਾਧੇ ਦੇ ਮਾਪ ਵਜੋਂ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ। ਕਿਸੇ ਵੀ ਦੇਸ਼ ਦੀ ਜੀ.ਡੀ.ਪੀ ਦਾ ਮੁਲਾਂਕਣ ਕਰਨ ਲਈ ਇਸ ਦੀ ਰਵਾਇਤੀ ਪਹੁੰਚ ਵਿੱਚ ਖ਼ਰਚ ਵਿਧੀ ਸ਼ਾਮਿਲ ਹੁੰਦੀ ਹੈ, ਜਿਸ ਅਨੁਸਾਰ ਕਿਸੇ ਦੇਸ਼ ਵਿਚ ਕਿਸੇ ਇੱਕ ਖ਼ਾਸ ਸਾਲ ਦੇ ਦੌਰਾਨ ਕੁੱਲ ਮਿਲਾ ਕੇ ਤਾਜ਼ਾ ਖਪਤਕਾਰ ਵਸਤਾਂ, ਨਵੇਂ ਨਿਵੇਸ਼ਾਂ, ਸਰਕਾਰੀ ਖਰਚਿਆਂ ਅਤੇ ਨਿਰਯਾਤ ਦੇ ਸ਼ੁੱਧ ਮੁੱਲ ਨੂੰ ਇਕੱਠਾ ਕਰਕੇ ਜੋੜ ਲਿਆ ਜਾਂਦਾ ਹੈ ਜਾਂ ਕਿਸੇ ਇੱਕ ਖਾਸ ਸਾਲ ਦੇ ਦੌਰਾਨ ਦੇਸ਼ ਵਿੱਚ ਸਮੂਹਿਕ ਤੌਰ 'ਤੇ ਪੈਦਾ ਕੀਤੀਆਂ ਵਸਤਾਂ ਅਤੇ ਸੇਵਾਵਾਂ ਦੇ ਕੁੱਲ ਬਾਜ਼ਾਰ ਮੁੱਲ ਨੂੰ ਜੋੜ ਲਿਆ ਜਾਂਦਾ ਹੈ। ਹਾਲਾਂਕਿ, ਕੁਝ ਵਿਕਾਸ ਅਰਥਸ਼ਾਸਤਰੀ ਦਲੀਲ ਦਿੰਦੇ ਹਨ ਕਿ ਜੀ.ਡੀ.ਪੀ ਕਿਸੇ ਵੀ ਦੇਸ਼ ਦੇ ਵਿਕਾਸ ਦਾ ਇੱਕ ਢੁਕਵਾਂ ਮਾਪ ਨਹੀਂ ਹੋ ਸਕਦਾ, ਕਿਉਂਕਿ ਇਹ ਮਨੁੱਖੀ, ਸਮਾਜਿਕ ਜਾਂ ਕੁਦਰਤੀ ਪੂੰਜੀ ਨੂੰ ਧਿਆਨ ਵਿੱਚ ਰੱਖਣ ਅਤੇ ਮਾਪਣ ਵਿੱਚ ਅਸਫ਼ਲ ਹੋ ਜਾਂਦਾ ਹੈ ਅਰਥਾਤ ਜੀ.ਡੀ.ਪੀ. ਵਿੱਚ ਦੇਸ਼ ਦੀ ਆਬਾਦੀ ਦੇ ਆਕਾਰ, ਦੌਲਤ ਅਤੇ ਆਮਦਨ ਦੀ ਵੰਡ ਜਾਂ ਵਾਤਾਵਰਣ ਦੀ ਗਿਰਾਵਟ ਆਦਿ ਤਬਦੀਲੀਆਂ ਦਾ ਲੇਖਾ-ਜੋਖਾ ਸ਼ਾਮਿਲ ਨਹੀਂ ਕੀਤਾ ਜਾਂਦਾ। ਇਸ ਲਈ ਵੱਖ-ਵੱਖ ਦੇਸ਼ਾਂ ਅਤੇ ਉਨ੍ਹਾਂ ਦੇ ਲੋਕਾਂ ਦੇ ਆਰਥਿਕ ਵਿਕਾਸ ਨੂੰ ਸਹੀ ਢੰਗ ਨਾਲ ਮਾਪਣ ਲਈ ਕਿਸੇ ਹੋਰ ਮਾਪ ਦੀ ਵਰਤੋਂ ਕਰਨਾ ਬਿਹਤਰ ਹੈ। ਉਦਾਹਰਨ ਦੇ ਤੌਰ ਤੇ, ਜੇਕਰ ਪ੍ਰਤੀ ਵਿਅਕਤੀ ਜੀ.ਡੀ.ਪੀ. ਦੀ ਗਣਨਾ ਕਰਨ ਲਈ ਦੇਸ਼ ਦੀ ਆਬਾਦੀ ਦੇ ਆਕਾਰ ਵਿੱਚ ਤਬਦੀਲੀਆਂ ਨੂੰ ਧਿਆਨ ਵਿੱਚ ਰੱਖਿਆ ਜਾਵੇ, ਤਾਂ ਇਸ ਸਮੇਂ ਭਾਰਤ 2,610 ਅਮਰੀਕੀ ਡਾਲਰ ਪ੍ਰਤੀ ਵਿਅਕਤੀ ਜੀ.ਡੀ.ਪੀ ਇਸ ਨੂੰ ਪ੍ਰਤੀ ਵਿਅਕਤੀ ਆਮਦਨ ਵੀ ਕਿਹਾ ਜਾ ਸਕਦਾ ਹੈ। ਨਾਲ ਦੁਨੀਆਂ ਦੀਆਂ ਸਭ ਤੋਂ ਵੱਡੀਆਂ 10 ਅਰਥਵਿਵਸਥਾਵਾਂ ਦੇ ਕਿਤੇ ਨੇੜੇ-ਤੇੜੇ ਵੀ ਖੜ੍ਹਾ ਨਜ਼ਰ ਨਹੀਂ ਆਉਂਦਾ। ਜਨਵਰੀ 2024 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ ਅਮਰੀਕਾ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ 80,410 ਅਮਰੀਕੀ ਡਾਲਰਾਂ ਦੇ ਮੁਕਾਬਲੇ 31 ਗੁਣਾ ਘੱਟ, ਕੈਨੇਡਾ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ 53.250 ਅਮਰੀਕੀ ਡਾਲਰਾਂ ਤੋਂ 20 ਗੁਣਾ ਘੱਟ ਅਤੇ ਚੀਨ ਦੀ 12,540 ਅਮਰੀਕੀ ਡਾਲਰਾਂ ਤੋਂ ਪੰਜ ਗੁਣਾ ਘੱਟ ਹੈ। ਇਸ ਦੇ ਨਾਲ ਨਾਲ ਭਾਰਤ ਵਿੱਚ ਆਮਦਨ ਅਤੇ ਦੌਲਤ-ਜਾਇਦਾਦ ਦੀ ਵੰਡ ਵਿੱਚ ਅਸਮਾਨਤਾਵਾਂ ਵੀ ਬਹੁਤ ਜ਼ਿਆਦਾ ਹਨ। ਵਿਸ਼ਵ ਡਾਟਾ ਐਟਲਸ ਮੁਤਾਬਕ ਭਾਰਤ ਵਿਚ ਸਾਲ 2022 ਦੌਰਾਨ ਪ੍ਰਤੀ ਵਿਅਕਤੀ ਅਨਾਜ ਉੱਪਰ ਹੋਣ ਵਾਲਾ ਖ਼ਰਚ ਕੇਵਲ 496.7 ਅਮਰੀਕੀ ਡਾਲਰ ਸੀ। ਜੇਕਰ ਦੇਸ਼ ਵਿਚ ਅਨਾਜ ਉਪਲੱਭਤਾ ਤੇ ਵੰਡ ਦੀ ਸਥਿਤੀ ਦੇਖੀ ਜਾਵੇ ਤਾਂ ਭਾਰਤ ਵਿੱਚ ਹਾਲਾਤ ਕੋਈ ਬਹੁਤੀ ਚੰਗੀ ਨਹੀਂ ਹੈ। 'ਵਿਸ਼ਵ ਭੁੱਖਮਰੀ ਸੂਚਕ ਅੰਕ ਰਿਪੋਰਟ 2023' ਅਨੁਸਾਰ 100 ਅੰਕਾਂ ਦੇ ਪੈਮਾਨੇ 'ਤੇ 28.7 ਅੰਕਾਂ ਨਾਲ ਸਾਲ 2023 ਵਿੱਚ ਭਾਰਤ 125 ਦੇਸ਼ਾਂ ਵਿਚੋਂ 111ਵੇਂ ਨੰਬਰ 'ਤੇ ਹੈ। ਭਾਰਤ ਸਰਕਾਰ ਦੁਆਰਾ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਅਧੀਨ ਦੇਸ਼ ਦੇ 80 ਕਰੋੜ ਗਰੀਬ ਅਤੇ ਪਰਵਾਸੀ ਨਾਗਰਿਕਾਂ ਨੂੰ ਪ੍ਰਤੀ ਰਾਸ਼ਨ ਕਾਰਡ ਪੰਜ ਕਿੱਲੋ ਮੁਫ਼ਤ ਅਨਾਜ ਪ੍ਰਦਾਨ ਕਰਨਾ ਅਤੇ ਇਸ ਯੋਜਨਾ ਦਾ ਦਸੰਬਰ 2028 ਤੱਕ ਪੰਜ ਹੋਰ ਸਾਲਾਂ ਲਈ ਵਿਸਤਾਰ ਕਰਨਾ ਭਾਰਤ ਦੇ ਟ੍ਰਿਲੀਅਨ-ਵਿਕਾਸ ਦੀ ਚਾਲ ਦੇ ਆਪਾ-ਵਿਰੋਧ ਨੂੰ ਉਜਾਗਰ ਕਰਦਾ ਹੈ। ਇਸ ਦੇ ਨਾਲ-ਨਾਲ, ਜੇਕਰ 1951 ਤੋਂ ਦੇਸ਼ ਵਿੱਚ ਸਰਗਰਮ ਸੰਸਥਾ 'ਆਕਸਫੈਮ ਇੰਡੀਆ' ਦਾ 2023 ਇੰਡੀਆ ਸਪਲੀਮੈਂਟ ਵਾਚਿਆ ਜਾਵੇ ਤਾਂ ਠੋਸ ਤੱਥ ਇਹ ਸਾਬਤ ਕਰਦੇ ਹਨ ਕਿ ਦੇਸ਼ ਵਿੱਚ ਅਮੀਰ ਅਤੇ ਗਰੀਬ ਲੋਕਾਂ ਦਰਮਿਆਨ ਪਾੜਾ ਦਿਨ-ਬ-ਦਿਨ ਵਧ ਰਿਹਾ ਹੈ, ਖ਼ਾਸ ਕਰਕੇ ਕੋਰੋਨਾ ਮਹਾਂਮਾਰੀ ਦੇ ਮੱਦੇਨਜ਼ਰ। ਸਪਲੀਮੈਂਟ ਅਨੁਸਾਰ ਦੇਸ਼ ਦੀ ਹੇਠਲੀ ਸਭ ਤੋਂ ਗਰੀਬ 50 ਫੀਸਦੀ ਆਬਾਦੀ ਨੇ ਰਾਸ਼ਟਰੀ ਆਮਦਨ ਅਤੇ ਕੁੱਲ ਦੌਲਤ ਦੇ ਆਪਣੇ ਹਿੱਸੇ ਵਿੱਚ ਮਹੱਤਵਪੂਰਨ ਗਿਰਾਵਟ ਸਹਿਣ ਕੀਤੀ ਹੈ। 2020 ਤੱਕ ਗਰੀਬਾਂ ਦੀ ਆਮਦਨੀ ਦਾ ਦੇਸ਼ ਦੀ ਰਾਸ਼ਟਰੀ ਆਮਦਨ ਵਿੱਚ ਹਿੱਸਾ ਸਿਰਫ਼ 13 ਫ਼ੀਸਦੀ ਅਤੇ ਕੁੱਲ ਦੌਲਤ ਵਿੱਚ ਹਿੱਸਾ ਕੇਵਲ 3 ਫੀਸਦੀ ਤੋਂ ਵੀ ਘੱਟ ਰਹਿ ਜਾਣ ਦਾ ਅਨੁਮਾਨ ਹੈ। ਸਿੱਟੇ ਵਜੋਂ ਘੱਟ ਆਮਦਨੀ ਕਾਰਨ ਗਰੀਬ ਲੋਕਾਂ ਵਿਚ ਮਾੜੀ ਖ਼ੁਰਾਕ, ਕੁਪੋਸ਼ਣ, ਕਰਜ਼ੇ ਦਾ ਬੋਝ ਅਤੇ ਮੌਤਾਂ ਦੀ ਗਿਣਤੀ ਵਧੀ ਹੈ। ਜਦੋਂ ਕਿ ਇਸ ਦੇ ਉਲਟ, ਸਿਖ਼ਰਲੇ ਅਮੀਰ 30 ਫ਼ੀਸਦੀ ਲੋਕ ਕੁੱਲ ਦੌਲਤ ਦੇ 90 ਫ਼ੀਸਦੀ ਤੋਂ ਵੀ ਵੱਧ ਹਿੱਸੇ ਦੇ ਮਾਲਕ ਹਨ। ਸਿਖ਼ਰਲੇ 10 ਫ਼ੀਸਦੀ ਅਮੀਰ ਲੋਕਾਂ ਦੇ ਹੱਥਾਂ ਵਿੱਚ ਦੇਸ਼ ਦੀ 80 ਫ਼ੀਸਦੀ ਤੋਂ ਵੀ ਵੱਧ ਦੌਲਤ ਕੇਂਦਰਿਤ ਹੈ। ਸਭ ਤੋਂ ਅਮੀਰ ਚੋਟੀ ਦੇ 5 ਫ਼ੀਸਦੀ ਲੋਕਾਂ ਕੋਲ ਲਗਭਗ 62 ਫ਼ੀਸਦੀ ਅਤੇ ਚੋਟੀ ਦੇ ਇੱਕ ਫ਼ੀਸਦੀ ਅਮੀਰ ਲੋਕਾਂ ਕੋਲ ਭਾਰਤ ਦੀ ਕੁੱਲ ਦੌਲਤ ਦਾ 40.6 ਫ਼ੀਸਦੀ ਹਿੱਸਾ ਕੇਂਦਰਿਤ ਹੈ। ਤੇਜ਼ੀ ਨਾਲ ਵਿਕਾਸ ਕਰ ਰਹੀ ਸੰਸਾਰ ਦੀ ਪੰਜਵੀਂ ਵੱਡੀ ਅਰਥਵਿਵਸਥਾ ਹੋਣ ਦੇ ਬਾਵਜੂਦ, ਅਜੇ ਵੀ ਭਾਰਤ ਵਿੱਚ ਇਸ ਸਮੇਂ ਵਿਸ਼ਵ ਭਰ ਵਿੱਚ ਸਭ ਤੋਂ ਵੱਧ 22.89 ਕਰੋੜ ਗਰੀਬ ਲੋਕਾਂ ਦੀ ਹੈਰਾਨੀਜਨਕ ਗਿਣਤੀ ਹੈ।

(ਬਾਕੀ ਸਫ਼ਾ 31 'ਤੇ)

# ਭੀੜ-ਤੰਤਰ ਬਣਦਾ ਜਾ ਰਿਹੈ ਭਾਰਤੀ ਲੋਕਤੰਤਰ

## ਰੁੱਤਾਂ ਵਾਂਗੂ ਬਦਲਦੇ ਨੇ ਸਰਕਾਰ ਦੇ ਰੂਪ



ਭਾਰਤ ਦੀ ਸਭ ਤੋਂ ਵੱਡੀ ਪੰਚਾਇਤ ਮੰਨੀ ਜਾਂਦੀ 'ਲੋਕ ਸਭਾ' ਲਈ ਵੋਟਾਂ ਪੈਣ ਦਾ ਅਮਲ ਸ਼ੁਰੂ ਹੋ ਚੁੱਕਿਆ ਹੈ। ਲੋਕਤੰਤਰ ਦੇ ਇਸ ਮੇਲੇ ਵਿੱਚ ਚੋਣਾਂ ਲੜ ਰਹੀਆਂ ਸਾਰੀਆਂ ਸਿਆਸੀ ਪਾਰਟੀਆਂ ਆਪੋ ਆਪਣੀ ਸਿਆਸੀ ਡੁਗਡੁਗੀ ਵਜਾ ਰਹੀਆਂ ਹਨ। ਕਾਂਗਰਸ, ਭਾਜਪਾ ਸਮੇਤ ਹੋਰਨਾਂ ਸਿਆਸੀ ਪਾਰਟੀਆਂ ਵੱਲੋਂ ਆਮ ਲੋਕਾਂ ਨੂੰ ਅਨੇਕਾਂ ਗਾਰੰਟੀਆਂ ਦੇਣ ਦੇ ਵਾਅਦੇ ਕੀਤੇ ਜਾ ਰਹੇ ਹਨ। ਸਾਰੀਆਂ ਹੀ ਸਿਆਸੀ ਪਾਰਟੀਆਂ ਆਪੋ ਆਪਣੀ ਜਿੱਤ ਹੋਣ ਦੇ ਦਾਅਵੇ ਵੀ ਕਰ ਰਹੀਆਂ ਹਨ। ਦੂਜੇ ਪਾਸੇ ਭਾਰਤ ਦੇ ਕੁਝ ਇਲਾਕਿਆਂ ਵਿੱਚ ਲੋਕ ਸਭਾ ਲਈ ਵੋਟਾਂ ਪੈਣ ਦੇ ਬਾਵਜੂਦ ਭਾਰਤ ਦੇ ਵੱਡੀ ਗਿਣਤੀ ਵੋਟਰਾਂ ਨੇ ਚੁੱਪ ਧਾਰੀ ਹੋਈ ਹੈ। ਲੋਕ ਸਭਾ ਚੋਣਾਂ ਦੌਰਾਨ ਇਸ ਸਮੇਂ ਤੱਕ ਭਾਰਤ ਵਿੱਚ ਕਿਸੇ ਵੀ ਪਾਰਟੀ ਦੇ ਹੱਕ ਵਿੱਚ ਹਵਾ ਨਹੀਂ ਚੱਲੀ, ਨਾ ਹੀ ਵੋਟਰਾਂ ਨੇ ਕਿਸੇ ਵੀ ਸਿਆਸੀ ਪਾਰਟੀ ਦਾ ਖੁੱਲ੍ਹ ਕੇ ਸਮਰਥਨ ਕੀਤਾ ਹੈ, ਜਿਸ ਕਾਰਨ ਸਿਆਸੀ ਮਾਹਿਰਾਂ ਨੂੰ ਵੀ ਇਹਨਾਂ ਚੋਣਾਂ ਦੇ ਨਤੀਜਿਆਂ ਸਬੰਧੀ ਅੰਦਾਜ਼ੇ ਲਗਾਉਣੇ ਮੁਸ਼ਕਿਲ ਹੋ ਗਏ ਹਨ।

ਅੰਤਰਰਾਸ਼ਟਰੀ ਰਾਜਨੀਤੀ ਦੇ ਇਤਿਹਾਸ ਦੇ ਪੰਨੇ ਫਰੋਲਦਿਆਂ ਪਤਾ ਚਲਦਾ ਹੈ ਕਿ 'ਫ਼ਾਸੀਜ਼ਮ' ਦਾ ਜਨਮਦਾਤਾ ਮੰਨੇ ਜਾਂਦੇ ਯੂਨਾਨ ਦੇ ਮਹਾਨ ਦਾਰਸ਼ਨਿਕ ਪਲੈਟੋ ਨੇ 'ਸਾਮਵਾਦ ਦਾ ਸਿਧਾਂਤ' ਪੇਸ਼ ਕਰਦਿਆਂ ਕਿਹਾ ਸੀ ਕਿ 'ਆਦਰਸ਼ ਰਾਜ' ਦੀ ਸਥਾਪਨਾ ਲਈ ਹਰ ਨਿੱਜੀ ਚੀਜ਼ ਦਾ ਖ਼ਾਤਮਾ ਜ਼ਰੂਰੀ ਹੈ। ਦੂਜੇ ਪਾਸੇ ਮਿਸੀਡੋਨੀਆ ਦੇ ਸਮੁੰਦਰੀ ਕੰਢੇ ਵਸੇ ਛੋਟੇ ਜਿਹੇ ਨਗਰ ਸਟੇਗਿਰਾ ਵਿੱਚ 384 ਈ.ਪੂ. ਨੂੰ ਜਨਮੇ ਅਤੇ ਪਲੈਟੋ ਦੇ ਚੇਲੇ ਅਰਸਤੂ ਨੇ ਆਪਣੀ ਕਿਤਾਬ 'ਪੋਲਿਟਿਕਸ' ਵਿੱਚ ਰਾਜਨੀਤੀ ਬਾਰੇ ਵਡਮੁੱਲੇ ਵਿਚਾਰ ਪੇਸ਼ ਕਰਦਿਆਂ ਕਿਹਾ ਸੀ ਕਿ 'ਰੁੱਤਾਂ ਵਾਂਗ ਹੀ ਸਰਕਾਰ ਦੇ ਰੂਪ ਬਦਲਦੇ ਹਨ।' ਅਰਸਤੂ ਦਾ ਕਹਿਣਾ ਸੀ, 'ਸੰਵਿਧਾਨ ਅਤੇ ਸਰਕਾਰ ਸ਼ਬਦਾਂ ਦਾ ਇੱਕੋ ਹੀ ਅਰਥ ਹੈ ਅਤੇ ਅਸਲ ਵਿੱਚ ਸੰਵਿਧਾਨ ਹੀ ਸਰਕਾਰ ਹੈ।' ਲੋਕਤੰਤਰ ਬਾਰੇ ਅਰਸਤੂ ਦਾ ਕਹਿਣਾ ਹੈ ਕਿ ਇਹ ਤਾਂ 'ਭੀੜ-ਤੰਤਰ' ਹੁੰਦਾ ਹੈ। ਅਰਸਤੂ ਅਨੁਸਾਰ, 'ਅਸਲ ਵਿੱਚ ਲੋਕਤੰਤਰ ਵਿੱਚ ਅਜਿਹੇ ਵਿਅਕਤੀ ਸ਼ਾਸਨ ਕਰਦੇ ਹਨ ਜੋ ਸਿਰਫ਼ ਨਿੱਜੀ ਹਿੱਤਾਂ ਦੀ ਪੂਰਤੀ ਕਰਦੇ ਹਨ। ਲੋਕਤੰਤਰ ਵਿੱਚ ਰਾਜ ਸੱਤਾ ਅਜਿਹੇ ਲੋਕਾਂ ਦੇ ਹੱਥ ਵਿੱਚ ਹੁੰਦੀ ਹੈ ਜੋ ਗ਼ਰੀਬ ਨਹੀਂ ਹੁੰਦੇ।'

ਪ੍ਰਸਿੱਧ ਲੇਖਕ ਜਾਰਜ ਬਰਨਾਰਡ ਸ਼ਾਹ ਨੇ ਲੋਕਤੰਤਰ ਦੀ ਪਰਿਭਾਸ਼ਾ ਆਪਣੇ ਹੀ ਅੰਦਾਜ਼ ਵਿੱਚ ਦਿੰਦਿਆਂ ਕਿਹਾ ਸੀ ਕਿ "ਲੋਕਤੰਤਰ ਵਿੱਚ ਲੋਕਾਂ ਦੀ, ਲੋਕਾਂ ਦੇ ਲਈ ਸਰਕਾਰ ਤਾਂ ਹੁੰਦੀ ਹੈ ਪਰ ਇਹ ਲੋਕਾਂ ਵੱਲੋਂ ਸਰਕਾਰ ਨਹੀਂ ਹੁੰਦੀ।"

ਭਾਰਤ ਵਿੱਚ ਬਰਨਾਰਡ ਸ਼ਾਹ ਦੀ ਉਪਰੋਕਤ ਗੱਲ ਬਿਲਕੁਲ ਢੁੱਕਦੀ ਹੈ। ਹਰ ਚੋਣ ਵਿੱਚ ਨੇਤਾ ਤਾਂ ਜਿੱਤ ਜਾਂਦੇ ਹਨ ਪਰ ਆਮ ਲੋਕ ਹਾਰ ਜਾਂਦੇ ਹਨ, ਲੋਕਾਂ ਨੂੰ ਵਾਰ ਵਾਰ ਹਾਰ ਕੇ ਵੀ ਇਹ ਸਮਝ ਨਹੀਂ ਆਈ ਕਿ ਉਹਨਾਂ ਵੱਲੋਂ ਖੁਦ ਆਪਣੀਆਂ ਵੋਟਾਂ ਪਾ ਕੇ ਚੁਣੀ ਗਈ ਸਰਕਾਰ ਉਹਨਾਂ ਦੀ ਆਪਣੀ ਸਰਕਾਰ ਨਹੀਂ ਹੁੰਦੀ ਸਗੋਂ ਹਰ ਪਾਰਟੀ ਦਾ ਇਕੋ ਇੱਕ ਸਿਧਾਂਤ ਲੋਕਾਂ ਨੂੰ ਪ੍ਰੇਰ ਕੇ ਵੋਟਾਂ ਲੈ ਕੇ ਰਾਜ ਸੱਤਾ ਪ੍ਰਾਪਤ ਕਰਨਾ ਹੁੰਦਾ ਹੈ, ਇਹ ਹੀ ਕਾਰਨ ਹੈ ਕਿ ਸੱਤਾ ਸੁੱਖ ਮਿਲਦਿਆਂ ਸਾਰੀਆਂ ਪਾਰਟੀਆਂ ਨੂੰ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਵਾਅਦੇ ਭੁੱਲ ਜਾਂਦੇ ਹਨ। ਇਹ ਇੱਕ ਕੁਸੈਲੀ ਹਕੀਕਤ ਹੈ ਕਿ ਅੱਜ ਦੀ ਰਾਜਨੀਤੀ ਵੀ ਪੂੰਜੀਪਤੀਆਂ ਦਾ ਹੱਥ-ਠੋਕਾ ਬਣ ਕੇ ਰਹਿ ਗਈ ਹੈ। ਭਾਰਤੀ ਲੋਕਤੰਤਰ ਹੁਣ ਹੌਲੀ ਹੌਲੀ ਇੱਕ ਤਰਾਂ ਭੀੜ ਤੰਤਰ ਦਾ ਰੂਪ ਅਖਤਿਆਰ ਕਰਦਾ ਜਾ ਰਿਹਾ ਹੈ। ਵੱਖ ਵੱਖ ਥਾਂਵਾਂ 'ਤੇ ਕਿਸੇ ਨਾ ਕਿਸੇ ਕਾਰਨ ਇਕੱਤਰ ਹੁੰਦੀਆਂ ਭੀੜਾਂ ਅਤੇ ਸਿਆਸੀ ਰੈਲੀਆਂ ਵਿੱਚ ਇਕੱਤਰ ਹੁੰਦੀਆਂ ਭੀੜਾਂ ਨੂੰ ਵੋਟਾਂ ਵਿੱਚ ਬਦਲਣ ਦਾ ਯਤਨ ਹਰ ਸਿਆਸੀ ਪਾਰਟੀ ਵੱਲੋਂ ਕੀਤਾ ਜਾਂਦਾ ਹੈ। ਹਰ ਤਰਾਂ ਦੀਆਂ ਚੋਣਾਂ ਵੇਲੇ ਚੋਣ ਲੜਨ ਵਾਲੇ ਉਮੀਦਵਾਰਾਂ ਵੱਲੋਂ ਆਪਣਾ ਚੋਣ ਪ੍ਰਚਾਰ ਘੱਟ ਅਤੇ ਦੂਜੇ ਖਾਸ ਕਰਕੇ ਵਿਰੋਧੀ ਉਮੀਦਵਾਰਾਂ ਵਿਰੁੱਧ ਨਿੱਜੀ ਦੂਸ਼ਣ ਬਾਜੀ ਵਧੇਰੇ ਕੀਤੀ ਜਾਂਦੀ ਹੈ, ਇਸ ਰੌਲ਼ੇ ਰੱਪੇ ਵਿੱਚ ਆਮ ਲੋਕਾਂ ਦੇ ਮੁੱਦੇ ਖੁੱਡੇ ਲਾਈਨ ਲੱਗ ਕੇ ਰਹਿ ਜਾਂਦੇ ਹਨ। ਆਮ ਲੋਕ ਵੀ ਚੋਣਾਂ ਮੌਕੇ ਸਿਆਸੀ ਆਗੂਆਂ ਦੀ ਅਜਿਹੀ ਬਿਆਨਬਾਜ਼ੀ ਚਸਕੇ ਲੈ ਕੇ ਪੜ੍ਹਦੇ ਸੁਣਦੇ ਆਪਣੇ ਅਸਲੀ ਮੁੱਦਿਆਂ ਨੂੰ ਭੁੱਲ ਜਾਂਦੇ ਹਨ, ਜਿਸ ਦਾ ਲਾਭ ਹਰ ਪਾਰਟੀ ਦੇ ਸਿਆਸੀ ਆਗੂ ਉਠਾਉਂਦੇ ਹਨ।

ਲੋਕਤੰਤਰ ਵਿੱਚ ਸੱਤਾ ਦੀ ਪੌੜੀ 'ਤੇ ਪਹਿਲਾ ਕਦਮ ਵੋਟਰਾਂ ਦੀ ਕਿਰਪਾ ਨਾਲ ਹੀ ਰੱਖਿਆ ਜਾਂਦਾ ਹੈ, ਜਿਸ ਲਈ ਸਿਆਸੀ ਆਗੂਆਂ ਵੱਲੋਂ ਚੋਣਾਂ ਦੌਰਾਨ ਵੋਟਰਾਂ ਨੂੰ ਮਾਂ ਬਾਪ ਦਾ ਦਰਜ਼ਾ ਦਿੱਤਾ ਜਾਂਦਾ ਹੈ, ਫਿਰ ਵੀ ਇਹ ਜ਼ਰੂਰੀ ਨਹੀਂ ਕਿ ਹਰ ਵੋਟਰ 'ਮੋਗੈਂਬੋ ਖੁਸ਼ ਹੂਆ' ਦੀ ਤਰਜ਼ 'ਤੇ ਵੋਟ ਪਾਉਣ ਲਈ ਪੋਲਿੰਗ ਸਥਾਨ 'ਤੇ ਪਹੁੰਚੇ। ਚੋਣਾਂ ਸਮੇਂ ਦੌਰਾਨ ਹਰ ਵੋਟਰ ਆਪਣੀ ਮਹੱਤਤਾ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਕਿ ਏਅਰ ਕੰਡੀਸ਼ਨਡ ਕਮਰਿਆਂ ਵਿੱਚ ਰਹਿਣ ਵਾਲੇ ਅਤੇ ਏ.ਸੀ. ਵਾਹਨਾਂ ਵਿੱਚ ਸਫ਼ਰ ਕਰਨ ਵਾਲੇ ਸਿਆਸੀ ਲੋਕ ਉਸ ਦਾ ਉਦੋਂ ਤੱਕ ਪਿੱਛਾ ਕਰਦੇ ਹਨ ਜਦੋਂ ਤੱਕ ਉਹ ਆਪਣੀ ਵੋਟ ਨਹੀਂ ਪਾ ਦਿੰਦਾ ਅਤੇ ਉਸਦੀ ਉਂਗਲੀ 'ਤੇ ਸਿਆਹੀ ਦਾ ਵਿਸ਼ੇਸ਼ ਨਿਸ਼ਾਨ ਨਹੀਂ ਲੱਗ ਜਾਂਦਾ। ਉਂਗਲੀ 'ਤੇ ਸਿਆਹੀ ਲੱਗਦੇ ਹੀ ਵੋਟਰ ਦੀ 'ਆਓ ਭਗਤ' ਕਰਨ ਦਾ ਡਰਾਮਾ ਰੁਕ ਜਾਂਦਾ ਹੈ। ਇਸ ਤੋਂ ਬਾਅਦ ਵੋਟਰਾਂ ਨੂੰ ਘਰਾਂ ਤੋਂ ਪੋਲਿੰਗ ਸਥਾਨ ਤੱਕ ਲਿਜਾਣ ਵਾਲੇ ਸਿਆਸੀ ਵਰਕਰ ਵੋਟਰਾਂ ਨੂੰ ਪਛਾਣਨ ਤੋਂ ਵੀ ਇਨਕਾਰੀ ਹੋ ਜਾਂਦੇ ਹਨ ਅਤੇ ਕਹਿਣ ਲੱਗ ਜਾਂਦੇ ਹਨ ਕਿ "ਹਮ ਆਪ ਕੇ ਹੈ ਕੌਣ?" ਕੁਝ ਬੁੱਧੀਜੀਵੀ ਕਹਿੰਦੇ ਹਨ ਕਿ ਲੋਕ ਸਭਾ ਚੋਣਾਂ ਦੌਰਾਨ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਬਹੁਤ ਸੋਚ ਸਮਝ ਕੇ ਕਰਨੀ ਚਾਹੀਦੀ ਹੈ ਤਾਂ ਕਿ ਦੇਸ਼ ਨੂੰ ਸਹੀ ਤਰੀਕੇ ਨਾਲ ਵਿਕਸਤ ਮੁਲਕ ਬਣਾਉਣ ਵਾਲੀ ਤੇ ਲੋਕ ਭਲਾਈ ਦੇ ਕੰਮ ਕਰਨ ਵਾਲੀ ਸਰਕਾਰ ਹੋਂਦ ਵਿੱਚ ਆਵੇ। ਪਿਛਲੀਆਂ ਚੋਣਾਂ ਦਾ ਇਤਿਹਾਸ ਦੱਸਦਾ ਹੈ ਕਿ ਇਹਨਾਂ ਚੋਣਾਂ ਦੌਰਾਨ ਨੇਤਾ ਤਾਂ ਜਿੱਤ ਜਾਂਦੇ ਹਨ ਪਰ ਆਮ ਲੋਕ ਹਾਰ ਜਾਂਦੇ ਹਨ ਭਾਵ ਸਰਕਾਰ ਕਿਸੇ ਵੀ ਪਾਰਟੀ ਦੀ ਬਣੇ ਪਰ ਆਮ ਲੋਕਾਂ ਦੇ ਮਸਲੇ ਉਸੇ ਤਰਾਂ ਲਮਕਦੇ ਰਹਿ ਜਾਂਦੇ ਹਨ। ਲੋਕ ਸਭਾ ਚੋਣਾਂ ਦੌਰਾਨ ਵੋਟਰਾਂ ਨੂੰ ਭਾਈ ਵੀਰ ਸਿੰਘ ਦੀ ਕਵਿਤਾ ਤੋਂ ਸਿੱਖਿਆ ਲੈਣੀ ਚਾਹੀਦੀ ਹੈ-

"ਧੋਬੀ ਕੱਪੜੇ ਧੋਂਦੇ ਨੂੰ,
ਹੋ ਵੀਰਾ ਹੁਸ਼ਿਆਰ,
ਤੇਰੇ ਪਿੱਛੇ ਆ ਰਿਹਾ
ਮੂੰਹ ਅੱਡੀ ਸੰਸਾਰ।"

# ਕਿਵੇਂ ਹੱਲ ਹੋਣਗੇ ਪੰਜਾਬ ਦੇ ਵੱਡੇ ਮਸਲੇ?

## ਆਪਣੀ ਹੋਂਦ ਬਚਾਉਣ ਲਈ ਜੂਝਦਾ ਨਜ਼ਰ ਆ ਰਿਹਾ ਹੈ ਪੰਜਾਬ ਦਾ ਅਮੀਰ ਸੱਭਿਆਚਾਰ ਅਤੇ ਵਿਰਸਾ

ਧਰਮਜੀਤ ਸਿੰਘ

ਕਿਸੇ ਵੀ ਦੇਸ਼ ਜਾਂ ਸੂਬੇ ਦਾ ਭਵਿੱਖ ਰੋਸ਼ਨ ਹੋਣ ਦੀ ਤਦ ਹੀ ਆਸ ਹੁੰਦੀ ਹੈ ਜਦੋਂ ਉਸ ਦੀ ਨੌਜਵਾਨ ਸ਼ਕਤੀ ਸਮਾਜ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਵੇ ਪ੍ਰੰਤੂ ਪੰਜਾਬ ਦੇ ਨੌਜਵਾਨਾਂ ਵਿੱਚ ਆਪਣੀ ਮਾਤ-ਭੂਮੀ ਨੂੰ ਤਿਆਗ ਕੇ ਹਰ ਜਾਇਜ਼-ਨਾਜਾਇਜ਼ ਢੰਗ ਨਾਲ ਵਿਦੇਸ਼ ਜਾ ਕੇ ਵਸਣ ਦੇ ਭਾਰੂ ਹੋਏ ਰੁਝਾਨ ਨੇ ਸੂਬੇ ਦੇ ਭਵਿੱਖ 'ਤੇ ਪ੍ਰਸ਼ਨ-ਚਿੰਨ੍ਹ ਲਗਾ ਦਿੱਤਾ ਹੈ। ਭ੍ਰਿਸ਼ਟਾਚਾਰ, ਨਸ਼ਿਆਂ ਦਾ ਅੱਤਵਾਦ, ਅਮਨ-ਕਾਨੂੰਨ ਦੀ ਚਿੰਤਾਜਨਕ ਸਥਿਤੀ ਅਤੇ ਬੇਰੁਜ਼ਗਾਰੀ ਦੇ ਦੈਂਤ ਨੇ ਨੌਜਵਾਨ ਪੀੜ੍ਹੀ ਨੂੰ ਨਿਰਾਸ਼ਾ ਦੇ ਸਾਗਰ ਵਿੱਚ ਡੁਬੋ ਦਿੱਤਾ ਹੈ। ਜ਼ਿਆਦਾਤਰ ਮੁੰਡਿਆਂ-ਕੁੜੀਆਂ ਦੇ ਮਨਾਂ ਅੰਦਰ ਇਹ ਧਾਰਨਾ ਦ੍ਰਿੜ੍ਹ ਹੋ ਗਈ ਹੈ ਕਿ ਜੇ ਉਨ੍ਹਾਂ ਨੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨਾ ਹੈ ਤਾਂ ਵਿਦੇਸ਼ੀ ਧਰਤੀ 'ਤੇ ਪੈਰ ਧਰਨਾ ਪਵੇਗਾ, ਖ਼ਤਰਾ ਸਹੇੜਨਾ ਪਵੇਗਾ। ਇਹ ਪ੍ਰਤਿਭਾਸ਼ਾਲੀ ਨੌਜਵਾਨਾਂ ਦੇ ਪਰਵਾਸ ਦਾ ਹੀ ਨਤੀਜਾ ਹੈ ਕਿ ਉੱਚ ਪਦਵੀਆਂ 'ਤੇ ਪੰਜਾਬੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਸਰਦੇ-ਪੁੱਜਦੇ ਮਾਪੇ ਵੀ ਪੈਦਾ ਹੋਏ ਨਾਂਹ-ਪੱਖੀ ਹਾਲਾਤ ਕਾਰਨ ਮਜਬੂਰਨ ਆਪਣੀ ਬੁਢਾਪੇ ਦੀ ਡੰਗੋਰੀ ਨੂੰ ਅੱਖਾਂ ਤੋਂ ਓਹਲੇ ਕਰ ਰਹੇ ਹਨ। ਬੇਤਹਾਸ਼ਾ ਪਰਵਾਸ ਕਾਰਨ ਸੂਬੇ ਦਾ ਕੀਮਤੀ ਸਰਮਾਇਆ ਵਿਦੇਸ਼ੀ ਖ਼ਜ਼ਾਨੇ ਭਰ ਰਿਹਾ ਹੈ ਜਦਕਿ ਸਾਡਾ ਖੀਸਾ ਖ਼ਾਲੀ ਹੁੰਦਾ ਜਾ ਰਿਹਾ ਹੈ। ਆਲੀਸ਼ਾਨ ਘਰ ਸੁੰਨੇ ਹੋਈ ਜਾ ਰਹੇ ਹਨ ਅਤੇ ਉਨ੍ਹਾਂ ਦੀ ਰਾਖੀ ਪਰਵਾਸੀ ਮਜ਼ਦੂਰਾਂ ਦੇ ਹਵਾਲੇ ਹੈ। ਪਹਿਲਾਂ ਖੇਤੀਬਾੜੀ ਕਰਜ਼ੇ ਲਏ ਜਾਂਦੇ ਸਨ ਜਦਕਿ ਹੁਣ ਸਟੱਡੀ ਕਰਜ਼ੇ ਲਏ ਜਾ ਰਹੇ ਹਨ। ਅੱਜ-ਕੱਲ੍ਹ ਉਨ੍ਹਾਂ ਮਾਪਿਆਂ ਨੂੰ ਹੀ ਕਾਮਯਾਬ ਸਮਝਿਆ ਜਾਣ ਲੱਗਾ ਹੈ ਜਿਨ੍ਹਾਂ ਦੀ ਔਲਾਦ ਵਿਦੇਸ਼ ਵਿੱਚ ਵਸਦੀ ਹੈ। ਬਾਰ੍ਹਵੀਂ ਪਾਸ ਕਰਨ ਮਗਰੋਂ ਨੌਜਵਾਨ ਮੁੰਡੇ-ਕੁੜੀਆਂ ਆਈਲੈਟਸ ਸੈਂਟਰਾਂ ਵਿੱਚ ਦਾਖ਼ਲੇ ਲੈ ਰਹੇ ਹਨ ਤਾਂ ਜੋ ਉਹ ਆਪਣੀ ਮਾਤ-ਭੂਮੀ ਨੂੰ ਜਲਦ ਅਲਵਿਦਾ ਆਖ ਸਕਣ। ਪੰਜਾਬੀ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਪਾਸਪੋਰਟ ਬਣਵਾ ਰਹੇ ਹਨ। ਕਾਲਜਾਂ ਦੀ ਹੋਂਦ ਖ਼ਤਰੇ ਵਿੱਚ ਹੈ। ਸਾਡੇ ਸੁਤੰਤਰਤਾ ਸੰਗਰਾਮੀਆਂ ਨੇ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਮਹਾਨ ਕੁਰਬਾਨੀਆਂ ਦਿੱਤੀਆਂ। ਜੇਲ੍ਹਾਂ ਕੱਟੀਆਂ, ਫਾਂਸੀ ਦੇ ਰੱਸੇ ਚੁੰਮੇ, ਜਾਇਦਾਦਾਂ ਕੁਰਕ ਕਰਵਾਈਆਂ ਤੇ ਵੱਡੇ ਜੁਰਮਾਨੇ ਭਰੇ। ਇਹ ਤ੍ਰਾਸਦੀ ਹੈ ਕਿ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਦੇ ਲੋਕ ਮੁੜ ਵਿਦੇਸ਼ੀ ਹੱਥਾਂ ਵੱਲ ਤੱਕਣ ਲਈ ਮਜਬੂਰ ਹਨ। ਕੀ ਇਸ ਦਿਨ ਲਈ ਆਜ਼ਾਦੀ ਪਰਵਾਨਿਆਂ ਨੇ ਆਪਣਾ ਜੀਵਨ ਦੇਸ਼ ਦੇ ਲੇਖੇ ਲਾਇਆ ਸੀ? ਸੂਬੇ ਵਿਚ ਬੇਰੁਜ਼ਗਾਰੀ ਦਾ ਪ੍ਰਕੋਪ ਇੰਨਾ ਵਧ ਚੁੱਕਾ ਹੈ ਕਿ ਮੁੱਠੀ ਭਰ ਨੌਕਰੀਆਂ ਲਈ ਲੱਖਾਂ ਹੀ ਬਿਨੈਕਾਰ ਫਾਰਮ ਭਰਦੇ ਹਨ। ਚੌਥੇ ਦਰਜੇ ਦੀ ਨੌਕਰੀ ਹਾਸਲ ਕਰਨ ਵਾਸਤੇ ਉੱਚ-ਡਿਗਰੀ ਪ੍ਰਾਪਤ ਨੌਜਵਾਨਾਂ ਦਾ ਤਰਲੋਮੱਛੀ ਹੋਣਾ ਅਤੇ ਆਰਥਿਕ ਤੰਗੀ ਕਾਰਨ ਦਿਹਾੜੀ-ਮਜ਼ਦੂਰੀ ਕਰਨਾ ਇਸ ਤੱਥ ਦੀ ਗਵਾਹੀ ਭਰਦਾ ਹੈ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਨੌਜਵਾਨਾਂ ਦੀ ਵਿੱਦਿਆ ਤੇ ਹੁਨਰ ਦੀ ਕਦਰ ਕਰਨ ਤੋਂ ਮੁਨਕਰ ਰਹੀਆਂ ਹਨ। ਬੇਰੁਜ਼ਗਾਰ ਨੌਜਵਾਨਾਂ ਉੱਪਰ ਡਾਂਗਾਂ ਵਰ੍ਹਾਉਣ ਤੇ ਜੇਲ੍ਹਾਂ ਵਿਚ ਡੱਕਣ ਤੋਂ ਕਿਸੇ ਵੀ ਪਾਰਟੀ ਦੀ ਸਰਕਾਰ ਪਿੱਛੇ ਨਹੀਂ ਰਹੀ। ਰਾਜਨੇਤਾਵਾਂ ਵੱਲੋਂ ਆਪਣੀ ਕੁਰਸੀ ਕਾਇਮ ਰੱਖਣ ਲਈ ਮੁਫ਼ਤ ਦੀਆਂ ਯੋਜਨਾਵਾਂ ਉੱਪਰ ਤਾਂ ਕਰੋੜਾਂ ਰੁਪਏ ਖ਼ਰਚੇ ਜਾਂਦੇ ਰਹੇ ਹਨ ਪ੍ਰੰਤੂ ਪੜ੍ਹੇ-ਲਿਖੇ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਦਾ ਪ੍ਰਬੰਧ ਕਰਨ ਜਾਂ ਉਦਯੋਗ ਸਥਾਪਤ ਕਰ ਕੇ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਵੱਲ ਤਵੱਜੋ ਨਹੀਂ ਦਿੱਤੀ। ਆਮ ਕਹਾਵਤ ਹੈ 'ਵਿਹਲਾ ਮਨ ਸ਼ੈਤਾਨ ਦਾ ਘਰ'। ਭਟਕੇ ਹੋਏ ਕਈ ਨੌਜਵਾਨ ਗੈਂਗਸਟਰ, ਲੁਟੇਰਿਆਂ ਅਤੇ ਨਸ਼ਾ ਤਸਕਰਾਂ ਦੇ ਟੋਲਿਆਂ 'ਚ ਸ਼ਾਮਲ ਹੋ ਰਹੇ ਹਨ ਜਿਸ ਦੇ ਫ਼ਲਸਰੂਪ ਅਪਰਾਧ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋਈ ਜਾ ਰਿਹਾ ਹੈ। ਪੰਜਾਬ ਦੇ ਵਸਨੀਕਾਂ ਵਿੱਚ ਭੈਅ ਦੀ ਭਾਵਨਾ ਘਰ ਕਰ ਗਈ ਹੈ। ਦੂਜਾ ਵੱਡਾ ਕਹਿਰ ਨਸ਼ਿਆਂ ਦਾ ਅੱਤਵਾਦ ਢਾਹ ਰਿਹਾ ਹੈ। ਇਸ ਨੇ ਅਨੇਕ ਘਰਾਂ ਦੇ ਚਿਰਾਗ਼ ਬੁਝਾ ਦਿੱਤੇ ਹਨ। ਪੰਜਾਬ ਦੇ ਗੱਭਰੂਆਂ ਦੀਆਂ ਚੌੜੀਆਂ ਛਾਤੀਆਂ ਤੇ ਤਕੜੇ ਜੁੱਸਿਆਂ ਨੂੰ ਚਿੱਟਾ ਤੇ ਹੋਰ ਰਸਾਇਣਿਕ ਨਸ਼ਿਆਂ ਦਾ ਅਜਗਰ ਨਿਗਲੀ ਜਾ ਰਿਹਾ ਹੈ। ਚੋਣਾਂ ਵੇਲੇ ਹਰੇਕ ਸਿਆਸੀ ਪਾਰਟੀ ਸਿਆਸਤਦਾਨਾਂ, ਪੁਲਿਸ ਤੇ ਨਸ਼ਾ ਤਸਕਰਾਂ ਦਾ ਗੱਠਜੋੜ ਤੋੜਨ ਦਾ ਦਾਅਵਾ ਕਰਦੀ ਹੈ ਪਰ ਕੁਰਸੀ ਮਿਲ ਜਾਣ ਮਗਰੋਂ ਨਸ਼ੇ ਕਾਰਨ ਘਰਾਂ ਵਿੱਚ ਵਿਛੇ ਸੱਥਰ ਕਿਸੇ ਨੂੰ ਨਜ਼ਰ ਨਹੀਂ ਆਉਂਦੇ। ਪੰਜਾਬ ਦੇ ਨਿਘਾਰ ਭਰੇ ਹਾਲਾਤ ਲਈ ਸਮੇਂ-ਸਮੇਂ ਦੀਆਂ ਸੂਬਾਈ ਸਰਕਾਰਾਂ ਦੇ ਨਾਲ-ਨਾਲ ਕੇਂਦਰੀ ਸਰਕਾਰਾਂ ਵੀ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਸੂਬੇ ਨੂੰ ਕੇਵਲ ਖੇਤੀਬਾੜੀ ਦੇ ਭਰੋਸੇ ਛੱਡੀ ਰੱਖਿਆ। ਰਾਜ ਵਿੱਚ ਪੂੰਜੀ ਨਿਵੇਸ਼, ਸਨਅਤਾਂ ਤੇ ਉਦਯੋਗ ਨੂੰ ਹੁਲਾਰਾ ਦੇਣ ਲਈ ਕੇਂਦਰ ਦੀਆਂ ਸਰਕਾਰਾਂ ਨੇ ਕੋਈ ਉਪਰਾਲਾ ਨਹੀਂ ਕੀਤਾ। ਪ੍ਰਤੀ ਜੀਅ ਘਟਦੀ ਗਈ ਜ਼ਮੀਨ ਅਤੇ ਖ਼ੇਤੀ ਲਾਗਤਾਂ ਵਧ ਜਾਣ ਕਾਰਨ ਇਹ ਕਿੱਤਾ ਸਮਾਂ ਬੀਤਣ ਦੇ ਨਾਲ-ਨਾਲ ਘਾਟੇ ਵਾਲਾ ਹੁੰਦਾ ਗਿਆ। ਵੱਖ-ਵੱਖ ਕੇਂਦਰ ਸਰਕਾਰਾਂ ਨੇ ਸਾਡੇ ਗੁਆਂਢੀ ਸੂਬਿਆਂ ਨੂੰ ਜੀਅ ਭਰ ਕੇ ਸਨਅਤੀ ਰਿਆਇਤਾਂ ਦਿੱਤੀਆਂ ਜਿਸ ਦੇ ਸਿੱਟੇ ਵਜੋਂ ਇੱਥੋਂ ਦੀ ਸਨਅਤ ਵੱਡੀ ਗਿਣਤੀ 'ਚ ਓਥੇ ਪਲਾਇਨ ਕਰ ਗਈ। ਅਨੇਕ ਸਿਆਸਤਦਾਨਾਂ ਨੇ ਭ੍ਰਿਸ਼ਟਾਚਾਰ ਰਾਹੀਂ ਬੇਸ਼ੁਮਾਰ ਧਨ ਇਕੱਠਾ ਕੀਤਾ ਜਿਸ ਦੇ ਫ਼ਲਸਰੂਪ ਵਰਤਮਾਨ ਸਮੇਂ ਵਿੱਚ ਪੰਜਾਬ ਦਾ ਅਮੀਰ ਸੱਭਿਆਚਾਰ ਅਤੇ ਵਿਰਸਾ ਆਪਣੀ ਹੋਂਦ ਬਚਾਉਣ ਲਈ ਜੂਝਦਾ ਨਜ਼ਰ ਆ ਰਿਹਾ ਹੈ।




ਇਸ ਸਮੇਂ ਵੱਡੀ ਲੋੜ ਨੌਜਵਾਨ ਪੀੜ੍ਹੀ ਦਾ ਪਰਵਾਸ ਰੋਕਣ ਅਤੇ ਨਸ਼ੀਲਾ ਅੱਤਵਾਦ ਖ਼ਤਮ ਕਰਨ ਦੀ ਹੈ। ਇਹ ਤਦ ਹੀ ਸੰਭਵ ਹੋ ਸਕੇਗਾ ਜੇ ਸੱਤਾਧਾਰੀ ਤੇ ਵਿਰੋਧੀ ਪਾਰਟੀਆਂ ਦੇ ਨੇਤਾ ਸਿਰ ਜੋੜ ਕੇ ਇਨ੍ਹਾਂ ਮੁੱਦਿਆਂ 'ਤੇ ਚਿੰਤਨ ਕਰਨ। ਲੋੜ ਹੈ ਨੌਜਵਾਨ ਪੀੜ੍ਹੀ ਵਿੱਚ ਪੈਦਾ ਹੋਈ ਨਿਰਾਸ਼ਾ ਨੂੰ ਆਸ਼ਾ ਵਿੱਚ ਬਦਲਣ ਦੀ।

# ਸਨਸਨੀਖੇਜ਼, ਝੂਠੀਆਂ ਖ਼ਬਰਾਂ ਤੇ ਮੀਡੀਏ ਦਾ ਵਪਾਰੀਕਰਨ ਪ੍ਰੈੱਸ ਦੀ ਆਜ਼ਾਦੀ ਲਈ ਖ਼ਤਰਾ



ਸੁਰੇਸ਼ ਕੁਮਾਰ
ਸਾਬਕਾ ਆਈ.ਏ.ਐੱਸ. ਅਧਿਕਾਰੀ, ਪੰਜਾਬ
95010-15261

ਮੀਡੀਆ ਸੰਸਥਾਵਾਂ ਦੇ ਵਪਾਰੀਕਰਨ ਨਾਲ ਇਸ ਰੁਝਾਨ ਨੇ ਪੱਤਰਕਾਰਤਾ ਦੀ ਇਮਾਨਦਾਰੀ ਅਤੇ ਨਿਰਪੱਖਤਾ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ। ਅੱਜ ਮੀਡੀਆ ਦੇ ਕੰਮਕਾਰ ਦੇ ਅਮਲਾਂ ਨੂੰ ਜ਼ਰੂਰੀ ਸੂਚਨਾਵਾਂ ਦੇ ਵਿਸ਼ਾਲ ਵਿਸਤਾਰ ਅਤੇ ਮੀਡੀਆ ਸੰਸਥਾਵਾਂ ਦੇ ਵਪਾਰੀਕਰਨ ਦੁਆਰਾ ਆਕਾਰ ਦਿੱਤਾ ਜਾ ਰਿਹਾ ਹੈ। ਡਿਜੀਟਲ ਤਕਨਾਲੋਜੀਆਂ ਨੇ ਸੂਚਨਾ ਤੱਕ ਪਹੁੰਚ ਦਾ ਜਮਹੂਰੀਕਰਨ ਕੀਤਾ ਹੈ, ਜਿਸ ਨਾਲ ਵਿਅਕਤੀਆਂ ਨੂੰ ਖ਼ਬਰਾਂ ਦੀ ਖਪਤ ਅਤੇ ਪ੍ਰਸਾਰ 'ਚ ਸਰਗਰਮ ਭਾਗੀਦਾਰ ਬਣਨ ਦਾ ਅਧਿਕਾਰ ਮਿਲ ਗਿਆ ਹੈ। ਸੂਚਨਾ ਦਾ ਅਧਿਕਾਰ ਕਾਨੂੰਨ (ਦ ਰਾਈਟ ਟੂ ਇਨਫਰਮੇਸ਼ਨ ਐਕਟ) ਨੇ ਵੀ ਇਸ ਦੇ ਵਿਕਾਸ 'ਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਹਾਲਾਂ ਕਿ ਇਸ ਨਾਲ ਝੂਠੀਆਂ ਖ਼ਬਰਾਂ ਅਤੇ ਗ਼ਲਤ ਜਾਣਕਾਰੀ ਦਾ ਪ੍ਰਸਾਰ ਵੀ ਹੋਇਆ ਹੈ, ਜੋ ਖ਼ਬਰਾਂ ਤਿਆਰ ਕਰਨ ਦੀਆਂ ਅਸਪੱਸ਼ਟ ਪ੍ਰਕਿਰਿਆਵਾਂ ਅਤੇ ਆਬਾਦੀ ਦੇ ਕੁਝ ਹਿੱਸਿਆਂ 'ਚ ਨਵੀਆਂ ਤਕਨੀਕਾਂ ਪ੍ਰਤੀ ਵਿਆਪਕ ਉਦਾਸੀਨਤਾ ਕਾਰਨ ਹੋਰ ਵਧ ਗਿਆ ਹੈ।

ਮੀਡੀਆ ਦਾ ਵਪਾਰੀਕਰਨ, ਹਾਲਾਂ ਕਿ ਕੋਈ ਨਵੀਂ ਘਟਨਾ ਨਹੀਂ ਹੈ, ਪਰ ਹੁਣ ਇਹ ਬੇਮਿਸਾਲ ਪੱਧਰ 'ਤੇ ਪਹੁੰਚ ਗਿਆ ਹੈ। ਵੱਡੀਆਂ ਕਾਰਪੋਰੇਸ਼ਨਾਂ ਮੀਡੀਆ ਸਮੱਗਰੀ 'ਤੇ ਕਾਫ਼ੀ ਕੰਟਰੋਲ ਅਤੇ ਪ੍ਰਭਾਵ ਪਾ ਰਹੀਆਂ ਹਨ। ਬੀਤੇ ਜ਼ਮਾਨੇ ਦੇ ਉਲਟ, ਉਹ ਮੀਡੀਆ ਸੰਸਥਾਵਾਂ ਦੇ ਮਾਲਕ ਹਨ ਅਤੇ ਉਨ੍ਹਾਂ ਦੇ ਕੰਮ ਨੂੰ ਪ੍ਰਭਾਵੀ ਢੰਗ ਨਾਲ ਪ੍ਰਭਾਵਿਤ ਕਰਦੇ ਹਨ, ਜੋ ਕਿ ਸਿਰਫ਼ ਪੇਸ਼ੇਵਰ ਪੱਤਰਕਾਰਾਂ ਦਾ ਕੰਮ ਹੋਣਾ ਚਾਹੀਦਾ ਹੈ। ਮੀਡੀਆ ਅਤੇ ਵਪਾਰਕ ਹਿੱਤਾਂ ਦੇ ਮੇਲ-ਜੋਲ ਨੇ ਪੱਤਰਕਾਰਤਾ ਅਤੇ ਵਕਾਲਤ ਵਿਚਲੀਆਂ ਰੇਖਾਵਾਂ ਨੂੰ ਫਿੱਕਾ ਪਾ ਦਿੱਤਾ ਹੈ, ਜਿਸ ਨਾਲ ਖ਼ਬਰਾਂ ਦੀ ਰਿਪੋਰਟਿੰਗ ਦੀ ਇਮਾਨਦਾਰੀ ਅਤੇ ਨਿਰਪੱਖਤਾ ਬਾਰੇ ਚਿੰਤਾਵਾਂ ਵਧ ਗਈਆਂ ਹਨ। ਮੀਡੀਆ ਸਟਾਰਟ-ਅੱਪਸ ਦਾ ਉਭਾਰ, ਖ਼ਾਸ ਤੌਰ 'ਤੇ ਗ਼ੈਰ-ਪੇਸ਼ੇਵਰਾਂ ਅਤੇ 'ਫਲਾਈ-ਬਾਇ-ਨਾਈਟ ਆਪਰੇਟਰਾਂ' (ਉਹ ਉਦਯੋਗਪਤੀ ਜੋ ਬਹੁਤ ਜਲਦੀ ਪੈਸਾ ਕਮਾਉਣਾ ਚਾਹੁੰਦੇ ਹਨ)

ਦੁਆਰਾ, ਜੋ ਸਿਰਫ਼ ਵਪਾਰਕ ਹਿੱਤਾਂ ਲਈ ਇਨ੍ਹਾਂ ਅਦਾਰਿਆਂ ਨੂੰ ਚਲਾਉਂਦੇ ਹਨ, ਮੀਡੀਆ ਪੇਸ਼ੇ ਦੇ ਮਾਣ ਨੂੰ ਫਿੱਕਾ ਪਾਉਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਇਨ੍ਹਾਂ ਚੁਨੌਤੀਆਂ ਲਈ ਮੀਡੀਆ ਭਾਈਚਾਰੇ ਅੰਦਰ ਸਮੂਹਿਕ ਸਵੈ-ਪੜਚੋਲ ਅਤੇ ਪੱਤਰਕਾਰਤਾ ਪ੍ਰਤੀ ਇਮਾਨਦਾਰੀ ਨੂੰ ਕਾਇਮ ਰੱਖਣ ਲਈ, ਜੇਕਰ ਜ਼ਰੂਰੀ ਹੋਵੇ ਤਾਂ ਨਿਆਂਯੁਕਤ ਸਰਕਾਰੀ ਦਖ਼ਲ ਦੀ ਲੋੜ ਹੈ।

ਸਰਕਾਰੀ ਨੀਤੀਆਂ ਅਤੇ ਫ਼ੈਸਲਿਆਂ ਦੀ ਆਲੋਚਨਾ ਕਰਨਾ, ਜਵਾਬਦੇਹੀ ਤੈਅ ਕਰਨਾ ਅਤੇ ਜਨਤਕ ਹਿੱਤਾਂ ਦੀ ਵਕਾਲਤ ਕਰਨ ਦੀ ਮੀਡੀਆ ਦੀ ਸਭ ਤੋਂ ਉੱਪਰਲੀ ਜ਼ਿੰਮੇਵਾਰੀ ਹੈ। ਤੱਥਾਂ ਦੇ ਆਧਾਰਿਤ ਸਬੂਤਾਂ ਅਤੇ ਨਿਰਪੱਖ ਵਿਸ਼ਲੇਸ਼ਣ 'ਤੇ ਆਧਾਰਿਤ ਉਸਾਰੂ ਆਲੋਚਨਾ, ਸਰਕਾਰੀ ਸ਼ਕਤੀ ਦੇ ਉੱਪਰ ਇਕ ਮਹੱਤਵਪੂਰਨ ਪੜਚੋਲ ਦੇ ਰੂਪ



'ਚ ਕੰਮ ਕਰਦੀ ਹੈ ਅਤੇ ਪਾਰ-ਦਰਸ਼ਤਾ ਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਦੀ ਹੈ। ਵਿਸ਼ਵ ਵਿਆਪੀ ਤੌਰ 'ਤੇ ਇਸ ਨੂੰ ਜਮਹੂਰੀਅਤ ਦੇ ਪ੍ਰਮੁੱਖ ਪ੍ਰਦਰਸ਼ਕ ਸੂਚਕ ਵਜੋਂ ਦੇਖਿਆ ਜਾਂਦਾ ਹੈ। ਇਸ ਦੇ ਨਾਲ ਹੀ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਵਿਵਸਥਾ ਨੂੰ ਨਿਸ਼ਾਨਾ ਬਣਾਉਣ ਵਾਲੇ ਰੈਗੂਲੇਟਰੀ ਉਪਾਵਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਜਾਂ ਅਸਹਿਮਤੀ ਨੂੰ ਦਬਾਏ ਬਿਨਾਂ ਨਿਰਣਾਇਕ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਫਿਰ ਵੀ, ਨਿਗਰਾਨ ਵਜੋਂ ਮੀਡੀਆ ਦੀ ਭੂਮਿਕਾ ਚੁਨੌਤੀਆਂ ਤੋਂ ਬਿਨਾਂ ਨਹੀਂ ਹੈ। ਕੌਮੀ ਸੁਰੱਖਿਆ ਅਤੇ ਜਨਤਕ ਵਿਵਸਥਾ ਨੂੰ ਨਿਸ਼ਾਨਾ ਬਣਾਉਣ ਵਾਲੇ ਰੈਗੂਲੇਟਰੀ ਉਪਾਵਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਜਾਂ ਅਸਹਿਮਤੀ ਨੂੰ ਦਬਾਏ ਬਿਨਾਂ ਨਿਰਣਾਇਕ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਪਰ ਜਾਇਜ਼ ਰੈਗੂਲੇਟਰੀ ਉਪਾਵਾਂ ਅਤੇ ਕੌਮੀ ਸੁਰੱਖਿਆ ਦੀ ਆੜ 'ਚ ਅਸਹਿਮਤੀ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਵਿਚਕਾਰ ਅੰਤਰ ਇੱਕ ਵਿਵਾਦਪੂਰਨ ਮੁੱਦਾ ਬਣਿਆ ਹੋਇਆ ਹੈ। ਕੌਮੀ ਹਿੱਤਾਂ ਦੇ ਨਾਲ ਮੀਡੀਆ ਦੀ ਸੁਤੰਤਰਤਾ ਨੂੰ ਸੰਤੁਲਿਤ ਕਰਨ ਵਾਲਾ ਆਦਰਸ਼ ਚੋਣ ਜ਼ਾਬਤਾ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਅਕਸਰ ਅਸਫਲ ਰਹੀਆਂ ਹਨ, ਜੋ ਮੀਡੀਆ-ਸਰਕਾਰ ਸੰਬੰਧਾਂ ਦੀ ਗੁੰਝਲਦਾਰ ਅਤੇ ਬਹੁਪੱਖੀ ਪ੍ਰਕਿਰਤੀ ਨੂੰ ਦਰਸਾਉਂਦੀਆਂ ਹਨ।

ਸ਼ਾਸਨ ਨੂੰ ਨਿਯਮਤ ਕਰਨ 'ਚ ਮੀਡੀਆ ਦੀ ਭੂਮਿਕਾ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਸਲਾਹਿਆ ਜਾਣਾ ਚਾਹੀਦਾ ਹੈ, ਪਰ ਜ਼ਿੰਮੇਦਾਰ ਪੱਤਰਕਾਰਤਾ ਅਤੇ ਸਨਸਨੀਖੇਜ਼ ਪੱਤਰਕਾਰਤਾ ਵਿਚਾਲੇ ਫ਼ਰਕ ਕਰਨਾ ਵੀ ਜ਼ਰੂਰੀ ਹੈ। ਲਾਭ ਦੇ ਉਦੇਸ਼ਾਂ ਜਾਂ ਪੱਖਪਾਤਪੂਰਨ ਏਜੰਡੇ ਨਾਲ ਪ੍ਰੇਰਿਤ ਸਨਸਨੀਖੇਜ਼ ਪੱਤਰਕਾਰਤਾ, ਮੀਡੀਆ ਪੇਸ਼ੇ ਦੀ ਵਿਸ਼ਵਾਸ ਯੋਗਤਾ ਅਤੇ ਇਮਾਨਦਾਰੀ ਨੂੰ ਕਮਜ਼ੋਰ ਕਰਦੀ ਹੈ, ਜਿਸ ਨਾਲ ਚੌਥੇ ਥੰਮ੍ਹ 'ਚ ਜਨਤਾ ਦਾ ਵਿਸ਼ਵਾਸ ਘੱਟ ਹੋ ਜਾਂਦਾ ਹੈ। ਇਸ ਤੋਂ ਇਲਾਵਾ ਝੂਠੀਆਂ ਖ਼ਬਰਾਂ ਅਤੇ ਕੂੜ-ਪ੍ਰਚਾਰ ਲੋਕਤੰਤਰਿਕ ਪ੍ਰਕਿਰਿਆ ਲਈ ਗੰਭੀਰ ਖ਼ਤਰਾ ਪੈਦਾ ਕਰਦੇ ਹਨ, ਜਿਸ ਨਾਲ ਝੂਠ ਦਾ ਮੁਕਾਬਲਾ ਕਰਨ ਅਤੇ ਪੱਤਰਕਾਰਤਾ 'ਚ ਸੱਚਾਈ ਅਤੇ ਸਟੀਕਤਾ ਦੇ ਸਿਧਾਂਤਾਂ ਨੂੰ ਬਣਾਈ ਰੱਖਣ ਲਈ ਸਾਂਝੀ ਕਾਰਵਾਈ ਦੀ ਜ਼ਰੂਰਤ ਹੁੰਦੀ ਹੈ।

ਲੋਕਾਂ ਦੀ ਰਾਏ ਨੂੰ ਆਕਾਰ ਦੇਣ ਅਤੇ ਧਾਰਨਾਵਾਂ ਬਣਾਉਣ ਵਿੱਚ ਮੀਡੀਆ ਦੀ ਭੂਮਿਕਾ, ਭਾਵੇਂ ਕਿ ਭਾਰਤ ਵਰਗੇ ਉਦਾਰ ਲੋਕਤੰਤਰ 'ਚ ਮਹੱਤਵਪੂਰਨ ਹੈ, ਸਚਾਈ, ਸ਼ੁੱਧਤਾ ਅਤੇ ਨਿਰਪੱਖਤਾ ਦੀਆਂ ਨੈਤਿਕ ਲੋੜਾਂ ਨੂੰ ਪੂਰੀ ਤਰ੍ਹਾਂ ਧਿਆਨ 'ਚ ਰੱਖਦੇ ਹੋਏ, ਜ਼ਿੰਮੇਵਾਰੀ ਨਾਲ ਨਿਭਾਈ ਜਾਣੀ ਚਾਹੀਦੀ ਹੈ। ਕੌਮੀ ਸੁਰੱਖਿਆ ਦੀ ਰਾਖੀ ਲਈ ਰੈਗੂਲੇਟਰੀ ਉਪਾਵਾਂ ਨੂੰ ਸੰਤੁਲਿਤ ਬਣਾਇਆ ਜਾਣਾ ਚਾਹੀਦਾ ਹੈ, ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਦੀ ਸਹਿਣਸ਼ੀਲਤਾ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਸਨਸਨੀਖੇਜ਼ ਅਤੇ ਝੂਠੀਆਂ ਖ਼ਬਰਾਂ ਨਾਲ ਨਜਿੱਠਣ ਲਈ ਸਾਂਝੀ ਕਾਰਵਾਈ ਦੀ ਜ਼ਰੂਰਤ ਹੈ, ਜਿਸ ਨਾਲ ਇਹ ਯਕੀਨੀ ਹੋ ਸਕੇ ਕਿ ਚੌਥਾ ਥੰਮ੍ਹ ਅੱਤਿਆਚਾਰ ਖ਼ਿਲਾਫ਼ ਇੱਕ ਸੁਰੱਖਿਆ ਕਵਚ ਦੇ ਰੂਪ ਵਿੱਚ ਕੰਮ ਕਰਦਾ ਰਹੇ ਅਤੇ ਸੱਤਾ ਦੇ ਗਲਿਆਰਿਆਂ ਵਿੱਚ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕਰਦਾ ਰਹੇ।

# ਫ਼ਾਰਮਾਸਿਊਟੀਕਲ ਕੰਪਨੀਆਂ ਦੇ ਭ੍ਰਿਸ਼ਟਾਚਾਰ, ਠੱਗੀ ਤੇ ਮੁਨਾਫ਼ਾਖੋਰੀ ਬਾਰੇ ਸਰਕਾਰ ਚੁੱਪ ਕਿਉਂ ?



ਡਾ. ਅਰੁਣ ਮਿੱਤਰਾ

ਦਵਾਈਆਂ ਬਣਾਉਣ ਵਾਲੀਆਂ (ਫ਼ਾਰਮਾਸਿਊਟੀਕਲ) ਕੰਪਨੀਆਂ ਦੁਨੀਆਂ ਭਰ ਵਿੱਚ ਵਿਵਾਦ ਦਾ ਕਾਰਨ ਬਣੀਆਂ ਹੋਈਆਂ ਹਨ। ਦੁਨੀਆਂ ਭਰ ਵਿੱਚ ਇਹ ਕੰਪਨੀਆਂ ਲੋਕਾਂ ਦੀ ਸਿਹਤ ਦੀ ਕੀਮਤ 'ਤੇ ਭਾਰੀ ਮੁਨਾਫ਼ਾ ਕਮਾ ਰਹੀਆਂ ਹਨ ਜਦੋਂ ਕਿ ਇਸ ਉਦਯੋਗ ਵਿੱਚ ਬਹੁਤ ਜ਼ਿਆਦਾ ਮੁਨਾਫ਼ਾਖੋਰੀ ਨੂੰ ਤਰਜੀਹ ਨਹੀਂ ਹੋਣੀ ਚਾਹੀਦੀ। ਫ਼ਾਰਮਾਸਿਊਟੀਕਲ ਕੰਪਨੀਆਂ ਦੁਆਰਾ ਕਮਾਏ ਅਥਾਹ ਮੁਨਾਫ਼ੇ ਨੂੰ ਸਾਬਤ ਕਰਨ ਲਈ ਕਾਫ਼ੀ ਅੰਕੜੇ ਮੌਜੂਦ ਹਨ। ਕੋਵਿਡ ਮਹਾਂਮਾਰੀ ਦੇ ਦੌਰਾਨ ਜਦੋਂ ਲੋਕ ਵੱਡੀ ਗਿਣਤੀ ਵਿੱਚ ਮਰ ਰਹੇ ਸਨ, ਟੀਕਾ (ਵੈਕਸੀਨਾਂ) ਬਣਾਉਣ ਵਾਲੀਆਂ ਕੰਪਨੀਆਂ ਨੇ ਭਾਰੀ ਮੁਨਾਫ਼ਾ ਕਮਾਇਆ। ਇੰਨਾ ਹੀ ਨਹੀਂ, ਉਨ੍ਹਾਂ ਨੇ ਬਹੁਤ ਸਾਰੇ ਵਿਕਾਸਸ਼ੀਲ ਦੇਸ਼ਾਂ ਨੂੰ, ਜਿਨ੍ਹਾਂ ਕੋਲ ਵੈਕਸੀਨ ਬਣਾਉਣ ਲਈ ਸਰੋਤ ਜਾਂ ਤਕਨੀਕੀ ਜਾਣਕਾਰੀ ਨਹੀਂ ਸੀ, ਇਨ੍ਹਾਂ ਕੰਪਨੀਆਂ ਦੁਆਰਾ ਲਾਈਆਂ ਗਈਆਂ ਸ਼ਰਤਾਂ ਨੂੰ ਸਵੀਕਾਰ ਕਰਨ ਲਈ ਮਜਬੂਰ ਕੀਤਾ ਗਿਆ। ਇਨ੍ਹਾਂ ਵਿੱਚ ਵੈਕਸੀਨ ਪ੍ਰਤੀ ਕਿਸੇ ਵੀ ਪ੍ਰਤੀਕੂਲ ਪ੍ਰਤੀਕਿਰਿਆ ਦੇ ਮਾਮਲੇ ਵਿੱਚ ਕੰਪਨੀ ਦੀ ਕੋਈ ਸਿਵਲ ਦੇਣਦਾਰੀ ਦੀ ਧਾਰਾ ਸ਼ਾਮਲ ਹੈ, ਭਾਵ ਕਿ ਜੇ ਵੈਕਸੀਨ ਦਾ ਕੋਈ ਪ੍ਰਤੀਕੂਲ ਪ੍ਰਭਾਵ ਪਏ ਤਾਂ ਵੈਕਸੀਨ ਬਣਾਉਣ ਵਾਲੀ ਕੰਪਨੀ ਦੀ ਇਸ ਬਾਰੇ ਕੋਈ ਜ਼ਿੰਮੇਦਾਰੀ ਨਹੀਂ ਹੋਏਗੀ। ਉਨ੍ਹਾਂ ਨੇ ਸਰਕਾਰਾਂ ਨੂੰ ਗਾਰੰਟੀ ਵਜੋਂ ਆਪਣੀਆਂ ਜਾਇਦਾਦਾਂ ਗਿਰਵੀ ਰੱਖਣ ਲਈ ਵੀ ਮਜਬੂਰ ਕੀਤਾ।

ਇਸ ਮਾਮਲੇ ਵਿੱਚ ਭਾਰਤ ਕੋਈ ਬਿਹਤਰ ਨਹੀਂ ਰਿਹਾ। ਅਪਰਨਾ ਗੋਪਾਲਨ ਨੇ 19 ਜੂਨ 2021 ਨੂੰ 'ਦ ਇੰਟਰਸੈਪਟ' ਵਿੱਚ ਪ੍ਰਕਾਸ਼ਿਤ ਇੱਕ ਲੇਖ ਵਿੱਚ ਦੱਸਿਆ ਹੈ ਕਿ ਪ੍ਰਾਈਵੇਟ ਹਸਪਤਾਲਾਂ ਨੂੰ ਵੇਚੀ ਗਈ ਹਰੇਕ ਖੁਰਾਕ ਲਈ, ਸੀਰਮ ਨੇ 2,000% ਤਕ ਅਤੇ ਭਾਰਤ ਬਾਇਓਟੈਕ ਨੇ 4,000% ਤਕ ਦਾ ਮੁਨਾਫ਼ਾ ਕਮਾਇਆ, ਜਿਸ ਨੂੰ 'ਸੁਪਰ ਲਾਭ' ਮੰਨਿਆ ਜਾ ਸਕਦਾ ਹੈ। ਭਾਰਤ ਵਿੱਚ ਮਹਾਂਮਾਰੀ ਦੇ ਪਹਿਲੇ ਸਾਲ ਵਿੱਚ 38 ਨਵੇਂ ਅਰਬਪਤੀ ਬਣੇ ਸਨ, ਜਦੋਂ ਕਿ ਦੇਸ਼ ਦੇ 140 ਅਰਬਪਤੀਆਂ ਦੀ ਸੰਯੁਕਤ ਦੌਲਤ ਵਿੱਚ 90.4% ਦਾ ਵਾਧਾ ਹੋਇਆ ਸੀ।

ਸਿਹਤ ਕਾਰਕੁਨਾਂ ਦੁਆਰਾ ਦਵਾਈਆਂ ਦੀਆਂ ਕੀਮਤਾਂ 'ਤੇ ਬਹੁਤ ਰੌਲਾ ਪਾਉਣ ਤੋਂ ਬਾਅਦ ਭਾਰਤ ਸਰਕਾਰ ਨੇ 16 ਸਤੰਬਰ 2015 ਨੂੰ ਦਵਾਈਆਂ ਦੀ ਵਿਕਰੀ ਵਿੱਚ ਉੱਚ ਵਪਾਰ ਮਾਰਜਿਨ (ਮੁਨਾਫ਼ਾ) 'ਤੇ ਇੱਕ ਕਮੇਟੀ ਬਣਾਈ। ਕਮੇਟੀ ਨੇ 9 ਦਸੰਬਰ 2015 ਨੂੰ ਆਪਣੀ ਰਿਪੋਰਟ ਸੌਂਪੀ। ਕਮੇਟੀ ਨੇ ਦੱਸਿਆ ਕਿ ਕੁਝ ਦਵਾਈਆਂ 'ਤੇ ਮੁਨਾਫ਼ਾ 5000% ਤਕ ਸੀ। ਇੱਕ ਉਪਾਅ ਦੇ ਤੌਰ 'ਤੇ ਇਸਨੇ ਵਪਾਰ ਮਾਰਜਿਨਾਂ ਨੂੰ ਕੈਪਿੰਗ (ਵੱਧ ਤੋਂ ਵੱਧ ਕਿੰਨਾ ਮੁਨਾਫ਼ਾ ਕਮਾਇਆ ਜਾ ਸਕੇ) ਕਰਨ ਦੀ ਸਿਫ਼ਾਰਿਸ਼ ਕੀਤੀ ਅਤੇ ਵਪਾਰ ਦੀ ਕੀਮਤ ਦੇ ਸੰਦਰਭ ਵਿੱਚ ਗ੍ਰੇਡ ਕੀਤੇ ਵਪਾਰਕ ਮਾਰਜਿਨ ਦੇ ਬਾਰੇ ਪ੍ਰਸਤਾਵ ਦਿੱਤੇ। ਉਨ੍ਹਾਂ ਦੇ ਪ੍ਰਸਤਾਵ ਦੇ ਅਨੁਸਾਰ ਉਤਪਾਦ 'ਤੇ 2 ਰੁਪਏ ਪ੍ਰਤੀ ਯੂਨਿਟ ਜਿਵੇਂ ਕਿ ਪ੍ਰਤੀ ਟੈਬਲੇਟ, ਕੈਪਸੂਲ, ਸ਼ੀਸ਼ੀ, ਟੀਕਾ, ਟਿਊਬ ਆਦਿ ਦੇ ਮੁੱਲ ਦੇ ਨਾਲ ਵਪਾਰਕ ਮਾਰਜਿਨ ਦੀ ਕੈਪਿੰਗ ਦੀ ਸਿਫ਼ਾਰਸ਼ ਨਹੀਂ ਕੀਤੀ ਗਈ ਸੀ। ਪਰ ਉੱਚ ਯੂਨਿਟ ਕੀਮਤ 'ਤੇ, ਭਾਵ 2 ਰੁਪਏ 20 ਰੁਪਏ ਪ੍ਰਤੀ ਯੂਨਿਟ ਤੇ 50% ਦੀ ਕੈਪਿੰਗ ਅਤੇ



20 ਰੁਪਏ ਪ੍ਰਤੀ ਯੂਨਿਟ ਕੀਮਤ ਤੋਂ 50 ਤਕ 40% ਦੀ ਕੈਪਿੰਗ ਅਤੇ 50 ਰੁਪਏ ਪ੍ਰਤੀ ਯੂਨਿਟ ਤੋਂ ਉੱਪਰ ਵਪਾਰ ਮਾਰਜਿਨ 'ਤੇ 35% ਦੀ ਕੈਪਿੰਗ ਦੀ ਸਿਫ਼ਾਰਸ਼ ਕੀਤੀ। ਕਮੇਟੀ ਦੇ ਦਸੰਬਰ 2015 ਵਿੱਚ ਰਿਪੋਰਟ ਸੌਂਪਣ ਦੇ ਬਾਵਜੂਦ ਅੱਜ ਤਕ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ।

ਵਿਸ਼ਵ ਸਿਹਤ ਅਸੈਂਬਲੀ ਨੇ 1988 ਵਿੱਚ ਸਿਫ਼ਾਰਸ਼ ਕੀਤੀ ਸੀ ਕਿ ਫ਼ਾਰਮਾਸਿਊਟੀਕਲ ਮਾਰਕੀਟਿੰਗ ਤੌਰ ਤਰੀਕਿਆਂ (ਕੰਪਨੀਆਂ ਦੁਆਰਾ ਦਵਾਈਆਂ ਕਿਸ ਢੰਗ ਨਾਲ ਵੇਚੀਆਂ ਜਾਣ) ਨੂੰ ਨਿਯੰਤਰਿਤ, ਸੁਚਾਰੂ ਅਤੇ ਨੈਤਿਕ ਬਣਾਇਆ ਜਾਣਾ ਚਾਹੀਦਾ ਹੈ। ਉਸ ਦੀ ਪਾਲਣਾ ਵਜੋਂ ਫ਼ਾਰਮਾਸਿਊਟੀਕਲ ਵਿਭਾਗ ਭਾਰਤ ਸਰਕਾਰ ਨੇ 19 ਮਾਰਚ, 2012 ਨੂੰ ਫ਼ਾਰਮਾਸਿਊਟੀਕਲ ਕੰਪਨੀਆਂ ਲਈ ਯੂਨੀਫ਼ਾਰਮ ਕੋਡ ਫ਼ਾਰ ਫ਼ਾਰਮਾਸਿਊਟੀਕਲ ਮਾਰਕਿਟਿੰਗ ਪ੍ਰੈਕਟਿਸਜ਼ (ਯੂ.ਸੀ.ਪੀ.ਐੱਮ.ਪੀ) ਨਾਮਕ ਇੱਕ ਕੋਡ ਬਣਾਇਆ। ਇਸ ਵਿੱਚ ਮੁੱਖ ਤੌਰ 'ਤੇ ਸਿਰਫ਼ ਸਬੂਤ ਅਧਾਰਤ ਦਵਾਈਆਂ ਨੂੰ ਉਤਸ਼ਾਹਿਤ ਕਰਨਾ ਅਤੇ ਬੇਲੋੜੇ ਤੇ ਗੈਰ ਪ੍ਰਮਾਣਿਤ ਦਾਅਵਿਆਂ ਤੋਂ ਗੁਰੇਜ਼ ਕਰਨਾ ਅਤੇ ਤਰਕਹੀਣ ਮਿਸ਼ਰਣਾਂ ਤੋਂ ਬਚਣਾ, ਜੋ ਨੁਕਸਾਨਦੇਹ ਹੋ ਸਕਦੇ ਹਨ, ਦੀ ਗੱਲ ਕਹੀ ਗਈ। ਹਾਲਾਂਕਿ ਯੂ.ਸੀ.ਪੀ.ਐੱਮ.ਪੀ ਵਿੱਚ ਕਿਹਾ ਗਿਆ ਕਿ ਕੋਡ 6 ਮਹੀਨਿਆਂ ਦੀ ਮਿਆਦ ਲਈ ਸਵੈਇੱਛਤ ਹੋਵੇਗਾ ਜਿਸ ਤੋਂ ਬਾਅਦ ਇਸਦੀ ਸਮੀਖਿਆ ਕੀਤੀ ਜਾਵੇਗੀ ਅਤੇ ਜੇਕਰ ਇਹ ਪਾਇਆ ਜਾਂਦਾ ਹੈ ਕਿ ਫ਼ਾਰਮਾਸਿਊਟੀਕਲ ਕੰਪਨੀਆਂ ਦੁਆਰਾ ਇਸਦਾ ਸਹੀ ਢੰਗ ਨਾਲ ਪਾਲਣ ਨਹੀਂ ਕੀਤਾ ਜਾ ਰਿਹਾ ਹੈ ਤਾਂ ਇਸ ਨੂੰ ਲਾਜ਼ਮੀ ਬਣਾਇਆ ਜਾਵੇਗਾ। ਹਾਲਾਂਕਿ ਵਿਸ਼ਵ ਵਿਆਪੀ ਤਜਰਬੇ ਨੇ ਦਿਖਾਇਆ ਹੈ ਕਿ ਸਵੈ-ਇੱਛਤ ਕੋਡਾਂ ਦਾ ਅਭਿਆਸ ਬਹੁਤ ਘੱਟ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਪਾਬੰਦ ਕੀਤਾ ਜਾਣਾ ਚਾਹੀਦਾ ਹੈ।

ਹੁਣ ਸਰਕਾਰ 12 ਮਾਰਚ 2024 ਨੂੰ ਇੱਕ ਨਵਾਂ ਯੂ.ਸੀ.ਪੀ.ਐੱਮ.ਪੀ ਲੈ ਕੇ ਆਈ ਹੈ। ਪਰ ਇਹ ਨਵਾਂ ਕੋਡ ਵੀ ਕੰਪਨੀਆਂ ਲਈ ਲਾਜ਼ਮੀ ਨਹੀਂ ਹੈ। ਇਸ ਨੇ ਕੰਪਨੀਆਂ ਨੂੰ ਫ਼ਿਰ ਸਵੈ-ਇੱਛਾ ਨਾਲ ਕੋਡ ਦੇ ਨਿਯਮਾਂ ਨੂੰ ਲਾਗੂ ਕਰਨ ਲਈ ਕਿਹਾ ਹੈ। ਕੰਪਨੀਆਂ ਨੂੰ ਨੈਤਿਕ ਕਮੇਟੀਆਂ ਬਣਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਦੀਆਂ ਐਸੋਸੀਏਸ਼ਨਾਂ ਨੂੰ ਵੀ ਨੈਤਿਕ ਕਮੇਟੀਆਂ ਬਣਾਉਣ ਲਈ ਕਿਹਾ ਗਿਆ ਹੈ। ਪਰ ਇਨ੍ਹਾਂ ਕਮੇਟੀਆਂ ਵਿੱਚ ਸਪਸ਼ਟ ਤੌਰ 'ਤੇ ਹਿਤਾਂ ਦਾ ਟਕਰਾਅ ਹੈ। ਇਸ ਲਈ ਇਹ ਸਿਰਫ਼ ਇੱਕ ਵਿਖਾਵਾ ਹੈ। ਦਿਲਚਸਪ ਗੱਲ ਇਹ ਹੈ ਕਿ ਦੋਸ਼ੀ ਪਾਏ ਜਾਣ ਦੀ ਹਾਲਤ ਵਿੱਚ ਕੰਪਨੀਆਂ ਨੂੰ ਸਜ਼ਾ ਸਿਰਫ਼ ਐਸੋਸੀਏਸ਼ਨ ਦੀ ਮੈਂਬਰਸ਼ਿੱਪ ਗੁਆਉਣੀ ਤੈਅ ਕੀਤੀ ਗਈ ਹੈ।

ਦਵਾਈਆਂ ਦੀ ਕੀਮਤਾਂ ਨੂੰ ਕੰਟਰੋਲ ਕਰਨ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਜਨਤਕ ਖੇਤਰ ਵਿੱਚ ਦਵਾਈ ਨਿਰਮਾਣ ਸਥਾਪਤ ਕਰਨ ਲਈ ਕਦਮ ਪੁੱਟੇ ਸਨ। 1961 ਵਿੱਚ ਇੰਡੀਅਨ ਡਰੱਗਜ਼ ਐਂਡ ਫ਼ਾਰਮਾਸਿਊਟੀਕਲ ਲਿਮਟਿਡ (ਆਈ ਡੀ ਪੀ ਐੱਲ) ਦਾ ਉਦਘਾਟਨ ਕਰਦੇ ਹੋਏ ਉਹਨਾਂ ਨੇ ਸਾਵਧਾਨ ਕਰਦੇ ਹੋਏ ਕਿਹਾ ਸੀ ਦਵਾਈ ਉਦਯੋਗ ਜਨਤਕ ਖੇਤਰ ਵਿੱਚ ਹੋਣਾ ਚਾਹੀਦਾ ਹੈ। ਮੇਰੇ ਖਿਆਲ ਵਿੱਚ ਦਵਾਈ ਉਦਯੋਗ ਦੀ ਪ੍ਰਕਿਰਤੀ ਦਾ ਉਦਯੋਗ ਕਿਸੇ ਵੀ ਤਰ੍ਹਾਂ ਨਿੱਜੀ ਖੇਤਰ ਵਿੱਚ ਨਹੀਂ ਹੋਣਾ ਚਾਹੀਦਾ ਹੈ। ਇਸ ਉਦਯੋਗ ਵਿੱਚ ਜਨਤਾ ਦਾ ਬਹੁਤ ਜ਼ਿਆਦਾ ਸ਼ੋਸ਼ਣ ਹੋ ਰਿਹਾ ਹੈ। ਆਈ. ਡੀ. ਪੀ. ਐੱਲ. ਨੇ ਰਣਨੀਤਕ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਈ। ਇਸਦੀ ਭੂਮਿਕਾ ਨੂੰ ਮਾਣਤਾ ਦਿੰਦੇ ਹੋਏ ਵਿਸ਼ਵ ਸਿਹਤ ਸੰਗਠਨ ਨੇ ਪ੍ਰਸ਼ੰਸਾ ਕੀਤੀ ਕਿ ਆਈ ਡੀ ਪੀ ਐੱਲ ਨੇ 10 ਸਾਲਾਂ ਵਿੱਚ ਉਹ ਪ੍ਰਾਪਤੀ ਕੀਤੀ ਹੈ ਜੋ ਹੋਰਾਂ ਨੇ 50 ਸਾਲਾਂ ਵਿੱਚ ਪ੍ਰਾਪਤ ਕੀਤਾ ਹੈ। ਵਿਕਸਿਤ ਦੇਸ਼ਾਂ ਦੁਆਰਾ ਆਈ ਡੀ ਪੀ ਐੱਲ ਉਤਪਾਦਾਂ ਦੀ ਗੁਣਵੱਤਾ ਲਈ ਬਹੁਤ ਧਿਆਨ ਨਾਲ ਜਾਂਚ ਕੀਤੀ ਗਈ ਹੈ ਅਤੇ ਉਹਨਾਂ ਵਿੱਚੋਂ ਬਹੁਤ ਸਾਰੇ ਇੱਥੋਂ ਖਰੀਦਣਾ ਚਾਹੁੰਦੇ ਹਨ।

(ਬਾਕੀ ਸਫ਼ਾ 31 'ਤੇ)



# ਪੰਜਾਬ, ਪੰਜਾਬੀ ਤੇ ਪੰਜਾਬੀਅਤ ਤੋਂ ਦੂਰ ਨਾ ਹੋ ਜਾਵੇ ਨੌਜਵਾਨ ਪੀੜ੍ਹੀ




ਰਿਸ਼ੀ-ਮੁਨੀਆਂ, ਗੁਰੂ ਸਾਹਿਬਾਨ, ਪੀਰਾਂ- ਫ਼ਕੀਰਾਂ ਅਤੇ ਪੰਜ ਦਰਿਆਵਾਂ ਦੀ ਧਰਤੀ ਕਹੇ ਜਾਂਦੇ ਪੰਜਾਬ ਦਾ ਦੁਨੀਆਂ ਦੇ ਇਤਿਹਾਸ ਵਿੱਚ ਨਿਵੇਕਲਾ ਅਤੇ ਉੱਚਾ ਸਥਾਨ ਹੈ। ਦੁਨੀਆਂ ਭਰ ਦੇ ਕਿਸੇ ਵੀ ਹਿੱਸੇ ਵਿੱਚ ਸੱਤ ਸਮੁੰਦਰ ਪਾਰ ਕਰਕੇ ਪੰਜਾਬੀ ਜਿਥੇ ਵੀ ਗਏ ਹਨ, ਉਥੇ ਹੀ ਉਹਨਾਂ ਨੇ ਆਪਣੀ ਯੋਗਤਾ, ਸਖ਼ਤ ਮਿਹਨਤ ਅਤੇ ਤਰੱਕੀ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਝੰਡੇ ਗੱਡੇ ਹਨ। ਇਹ ਹੀ ਕਾਰਨ ਹੈ ਕਿ ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ 'ਮਿੰਨੀ ਪੰਜਾਬ' ਵਸੇ ਹੋਏ ਹਨ। ਦੂਜੇ ਪਾਸੇ ਅਸਲੀਅਤ ਇਹ ਵੀ ਹੈ ਕਿ ਸਾਡੇ ਮਾਣਮੱਤੇ ਅਤੇ ਸ਼ਾਨਾਮੱਤੇ ਵਿਰਸੇ ਵਾਲੇ ਪੰਜਾਬ ਦੀ ਨੌਜਵਾਨ ਪੀੜ੍ਹੀ ਕੁਝ ਹੱਦ ਤੱਕ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੋਂ ਹੀ ਦੂਰ ਹੁੰਦੀ ਜਾ ਰਹੀ ਹੈ।

ਪੰਜਾਬ ਦੇ ਵੱਖ- ਵੱਖ ਇਲਾਕਿਆਂ ਦਾ ਦੌਰਾ ਕਰਕੇ ਦੇਖਿਆ ਤਾਂ ਇਹ ਗੱਲ ਉਭਰ ਦੇ ਸਾਹਮਣੇ ਆਈ ਕਿ ਪੰਜਾਬ ਦੇ ਵੱਡੀ ਗਿਣਤੀ ਨੌਜਵਾਨਾਂ ਦਾ ਪੰਜਾਬ ਵਿੱਚ ਹੁਣ ਦਿਲ ਨਹੀਂ ਲੱਗਦਾ, ਪੰਜਾਬ ਦੇ ਵੱਡੀ ਗਿਣਤੀ ਮੁੰਡੇ ਕੁੜੀਆਂ ਆਈਲੈਟਸ ਕਰਕੇ ਪੜ੍ਹਾਈ ਅਤੇ ਰੁਜ਼ਗਾਰ ਲਈ ਵਿਦੇਸ਼ ਜਾਣਾ ਚਾਹੁੰਦੇ ਹਨ। ਜਿਸ ਦਾ ਸਬੂਤ ਥਾਂ ਥਾਂ ਖੁੱਲ੍ਹੇ ਆਈਲੈਟਸ ਕੇਂਦਰਾਂ ਤੋਂ ਵੀ ਮਿਲ ਜਾਂਦਾ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨ ਮੁੰਡੇ ਕੁੜੀਆਂ ਵੱਲੋਂ ਬਣਾਏ ਜਾ ਰਹੇ ਆਪਣੇ ਪਾਸਪੋਰਟ ਵੀ ਇਹੀ ਕਹਾਣੀ ਕਹਿ ਰਹੇ ਹਨ ਕਿ ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਹਰ ਤਰਾਂ ਦਾ ਤਰੀਕਾ ਅਪਨਾਅ ਕੇ ਪੰਜਾਬ ਨੂੰ ਛੱਡ ਕੇ ਵਿਦੇਸ਼ ਜਾਣਾ ਚਾਹੁੰਦੇ ਹਨ।

ਜਿਹੜੇ ਨੌਜਵਾਨ ਪੰਜਾਬ ਤੋਂ ਵਿਦੇਸ਼ ਨਹੀਂ ਗਏ, ਉਹਨਾਂ ਦਾ ਵੀ ਪਹਿਰਾਵਾ ਅਤੇ ਬੋਲੀ ਸੁਣ ਕੇ ਵੀ ਪਤਾ ਚੱਲ ਜਾਂਦਾ ਹੈ ਕਿ ਇਹ ਨੌਜਵਾਨ ਹੁਣ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੋਂ ਦੂਰ ਹੁੰਦੇ ਜਾ ਰਹੇ ਹਨ। ਵੱਡੀ ਗਿਣਤੀ ਨੌਜਵਾਨ ਮੁੰਡੇ ਕੁੜੀਆਂ ਪੰਜਾਬ ਦਾ ਰਵਾਇਤੀ ਪਹਿਰਾਵਾ ਪਾਉਣ ਦੀ ਥਾਂ ਪੱਛਮੀ ਪਹਿਰਾਵਾ ਪਾਉਣ ਨੂੰ ਤਰਜੀਹ ਦਿੰਦੇ ਹਨ। ਪੰਜਾਬ ਦੇ ਵੱਖ- ਵੱਖ ਸ਼ਹਿਰਾਂ ਵਿੱਚ ਵੱਡੀ ਗਿਣਤੀ ਪੰਜਾਬੀ ਨੌਜਵਾਨ ਮੁੰਡੇ ਕੁੜੀਆਂ ਆਪਸ ਵਿੱਚ ਬੋਲ ਚਾਲ ਸਮੇਂ ਅਕਸਰ ਅੰਗ੍ਰੇਜ਼ੀ ਅਤੇ ਹਿੰਦੀ ਦੀ ਰਲਵੀਂ ਮਿਲਵੀਂ ਭਾਸ਼ਾ ਵਧੇਰੇ ਬੋਲਦੇ ਹਨ, ਇਹਨਾਂ ਨੂੰ ਸ਼ਾਇਦ ਪੰਜਾਬੀ ਬੋਲਣ ਤੋਂ ਸੰਗ ਜਿਹੀ ਆਉਂਦੀ ਹੈ। ਨੌਜਵਾਨਾਂ ਨਾਲ ਗੱਲਬਾਤ ਕਰਕੇ ਇਹ ਗੱਲ ਸਾਹਮਣੇ ਆਈ ਕਿ ਵੱਡੀ ਗਿਣਤੀ ਨੌਜਵਾਨ ਅੰਗ੍ਰੇਜ਼ੀ ਅਤੇ ਹਿੰਦੀ ਬੋਲਣ ਨੂੰ ਆਧੁਨਿਕਤਾ ਸਮਝਦੇ ਹਨ ਅਤੇ ਪੰਜਾਬੀ ਉਹਨਾਂ ਨੂੰ ਪੇਂਡੂ ਜਾਂ ਪਿਛੜੀ ਹੋਈ ਲੱਗਦੀ ਹੈ।







ਅਸੀਂ ਕਿਸੇ ਵੀ ਬੋਲੀ ਤੇ ਭਾਸ਼ਾ ਦੇ ਵਿਰੁੱਧ ਨਹੀਂ, ਹਰ ਇਨਸਾਨ ਨੂੰ ਇੱਕ ਤੋਂ ਵੱਧ ਭਾਸ਼ਾਵਾਂ ਤੇ ਬੋਲੀਆਂ ਦੀ ਜਾਣਕਾਰੀ ਹੋਣੀ ਚੰਗੀ ਗੱਲ ਹੈ, ਪਰ ਆਪਣੀ ਮਾਂ ਬੋਲੀ ਤੋਂ ਹੀ ਮੁਨਕਰ ਹੋ ਜਾਣਾ ਠੀਕ ਨਹੀਂ ਮੰਨਿਆ ਜਾਂਦਾ। ਜਿਹੜੀ ਬੋਲੀ ਵਿੱਚ ਇਹਨਾਂ ਨੌਜਵਾਨਾਂ ਨੂੰ ਬਚਪਣ ਸਮੇਂ ਇਹਨਾਂ ਦੀਆਂ ਮਾਵਾਂ ਨੇ ਲੋਰੀਆਂ ਦੇ ਕੇ ਪਾਲਿਆ ਹੁੰਦਾ ਹੈ, ਉਸੇ ਬੋਲੀ ਨੂੰ ਬੋਲਣ ਦੀ ਥਾਂ ਵੱਡੀ ਗਿਣਤੀ ਨੌਜਵਾਨ ਅੰਗ੍ਰੇਜ਼ੀ ਅਤੇ ਹਿੰਦੀ ਦੀ ਵਰਤੋ ਕਰਦੇ ਹਨ। ਪਬਲਿਕ ਅਤੇ ਇੰਗਲਿਸ਼ ਮੀਡੀਅਮ ਵਾਲੇ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਜੇ ਕੋਈ ਦੁਕਾਨਦਾਰ ਕਿਸੇ ਵਸਤੂ ਦਾ ਭਾਅ ਪੰਜਾਬੀ ਵਿੱਚ ਬਿਆਲੀ, ਬਵੰਜਾ ਰੁਪਏ ਜਾਂ ਪਚਾਨਵੇਂ ਰੁਪਏ ਬੋਲਦਾ ਹੈ ਤਾਂ ਇਹਨਾਂ ਬੱਚਿਆਂ ਨੂੰ ਪਤਾ ਨਹੀਂ ਲੱਗਦਾ ਕਿ ਦੁਕਾਨਦਾਰ ਨੇ ਕਿੰਨੇ ਪੈਸੇ ਮੰਗੇ ਹਨ। ਇਹ ਬੱਚੇ ਜਦੋਂ ਚੁੱਪ ਚਾਪ ਅਤੇ ਉਲਝਣ ਭਰੀਆਂ ਨਜ਼ਰਾਂ ਨਾਲ ਦੁਕਾਨਦਾਰ ਵੱਲ ਦੇਖਦੇ ਹਨ ਤਾਂ ਦੁਕਾਨਦਾਰ ਸਾਰੀ ਗੱਲ ਸਮਝ ਕੇ ਇੰਗਲਿਸ਼ ਵਿੱਚ ਇਹਨਾਂ ਨੂੰ ਦਸ ਦਿੰਦਾ ਹੈ ਕਿ ਉਹਨਾਂ ਵੱਲੋਂ ਖਰੀਦੀ ਜਾ ਰਹੀ ਵਸਤੂ ਕਿੰਨੇ ਰੁਪਏ ਦੀ ਹੈ। ਇਹ ਬੱਚੇ ਪਬਲਿਕ ਅਤੇ ਵੱਡੇ ਸਕੂਲਾਂ ਵਿੱਚ ਪੜ੍ਹ ਲਿਖ ਕੇ ਅੰਗ੍ਰੇਜ਼ੀ ਦੇ ਮਾਹਿਰ ਬਣ ਜਾਂਦੇ ਹਨ ਪਰ ਪੰਜਾਬੀ ਤੋਂ ਅਕਸਰ ਕੋਰੇ ਹੀ ਰਹਿ ਜਾਂਦੇ ਹਨ।

ਇਹ ਵੀ ਦੇਖਣ ਵਿੱਚ ਆਇਆ ਹੈ ਕਿ ਕਈ ਵੱਡੇ ਸ਼ਹਿਰਾਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸ਼ੁੱਧ ਪੰਜਾਬੀ ਬੋਲਣ ਵਾਲੇ ਵਿਦਿਆਰਥੀ ਨੂੰ ਅਕਸਰ ਉਸ ਦੇ ਦੋਸਤ ਮਿੱਤਰ ਹੀ ਦੇਹਾਤੀ ਜਾਂ ਪੇਂਡੂ ਕਹਿੰਦੇ ਹਨ, ਜਿਸ ਕਰਕੇ ਹਰ ਵਿਦਿਆਰਥੀ ਵਿਦਿਅਕ ਅਦਾਰਿਆਂ ਵਿੱਚ ਵੀ ਪੰਜਾਬੀ ਘੱਟ ਬੋਲਦੇ ਹਨ ਅਤੇ ਅੰਗ੍ਰੇਜ਼ੀ ਵਧੇਰੇ ਬੋਲਦੇ ਹਨ ਭਾਵੇਂ ਕਿ ਉਹਨਾਂ ਨੂੰ ਅੰਗ੍ਰੇਜ਼ੀ ਵੀ ਚੰਗੀ ਤਰਾਂ ਨਹੀਂ ਆਉਂਦੀ ਹੁੰਦੀ।

ਪੰਜਾਬ ਵਿੱਚ ਅਜਿਹੇ ਲੋਕ ਵੀ ਰਹਿੰਦੇ ਹਨ ਜੋ ਕਿ ਘਰ ਤੋਂ ਬਾਹਰ ਪੰਜਾਬੀ ਬੋਲਦੇ ਹਨ ਪਰ ਆਪਣੇ ਘਰ ਵਿੱਚ ਉਹ ਆਪਣੇ ਬੱਚਿਆਂ ਨਾਲ ਹਿੰਦੀ ਅਤੇ ਇੰਗਲਿਸ਼ ਵਿੱਚ ਗੱਲਬਾਤ ਕਰਦੇ ਹਨ ਤਾਂ ਕਿ ਉਹਨਾਂ ਦੇ ਬੱਚਿਆਂ ਨੂੰ ਇੰਗਲਿਸ਼ ਬੋਲਣ ਦੀ ਆਦਤ ਪਵੇ, ਇਸ ਤਰਾਂ ਉਹਨਾਂ ਦੇ ਬੱਚੇ ਪੰਜਾਬੀ ਤੋਂ ਦੂਰ ਹੋ ਜਾਂਦੇ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਅਜਿਹੇ ਲੋਕ ਵੀ ਰਹਿੰਦੇ ਹਨ ਜੋ ਕਿ ਜੰਮੇ ਜਾਏ ਪੰਜਾਬ ਵਿੱਚ ਹੀ ਹਨ ਪਰ ਪੰਜਾਬੀ ਨੂੰ ਮਾਂ ਬੋਲੀ ਮੰਨਣ ਤੋਂ ਹੀ ਇਨਕਾਰੀ ਹਨ।

ਨੱਬੇ ਦੇ ਦਹਾਕੇ ਵਿੱਚ ਪੰਜਾਬ 'ਚ ਹਰ ਪਾਸੇ ਪੱਗਾਂ ਵਾਲੇ ਨੌਜਵਾਨ ਹੀ ਵਧੇਰੇ ਨਜ਼ਰ ਆਉਂਦੇ ਸਨ ਪਰ ਇਸ ਸਮੇਂ ਪੰਜਾਬ ਵਿੱਚ ਹਰ ਪਾਸੇ ਪੱਗਾਂ ਵਾਲੇ ਨੌਜਵਾਨਾਂ ਦੀ ਗਿਣਤੀ ਘੱਟ ਹੁੰਦੀ ਜਾ ਰਹੀ ਹੈ। ਹਾਂ! ਕੁਝ ਸ਼ਹਿਰਾਂ ਵਿੱਚ ਟ੍ਰੈਫ਼ਿਕ ਪੁਲਿਸ ਦੀ ਸਖ਼ਤੀ ਕਾਰਨ ਦੋ ਪਹੀਆ ਚਾਲਕ ਸਿੱਖ (ਮੋਨੇ) ਨੌਜਵਾਨ ਸਿਰਾਂ 'ਤੇ ਹੈਲਮਟ ਲੈਣ ਦੀ ਥਾਂ ਪੱਗਾਂ ਜ਼ਰੂਰ ਬੰਨ੍ਹਦੇ ਵੇਖੇ ਗਏ ਹਨ, ਜਿਸ ਕਰਕੇ ਅਜਿਹੇ ਨੌਜਵਾਨਾਂ ਦੇ ਮਾਪੇ ਵੀ ਖੁਸ਼ ਨਜ਼ਰ ਆਉਂਦੇ ਹਨ ਕਿ ਭਾਵੇਂ ਟ੍ਰੈਫ਼ਿਕ ਪੁਲਿਸ ਵੱਲੋਂ ਬਿਨਾਂ ਹੈਲਮਟ ਦੋ ਪਹੀਆ ਵਾਹਨ ਚਲਾਉਣ ਲਈ ਚਲਾਨ ਕਰਵਾਉਣ ਦੀ ਥਾਂ ਉਹਨਾਂ ਦੇ ਬੱਚੇ ਸਿਰਾਂ 'ਤੇ ਦਸਤਾਰਾਂ ਤਾਂ ਸਜਾਉਣ ਲੱਗ ਪਏ ਹਨ। ਹਰ ਵਿਅਕਤੀ ਨੂੰ ਇੱਕ ਤੋਂ ਵਧੇਰੇ ਭਾਸ਼ਾਵਾਂ ਅਤੇ ਬੋਲੀਆਂ ਦਾ ਗਿਆਨ ਹੋਣਾ ਉਸ ਦੀ ਯੋਗਤਾ ਵਿੱਚ ਵਾਧਾ ਕਰਦਾ ਹੈ ਪਰ ਹਰ ਵਿਅਕਤੀ ਨੂੰ ਆਪਣੀ ਮਾਂ ਬੋਲੀ ਵਿੱਚ ਮਾਹਿਰ ਹੋਣਾ ਵੀ ਜ਼ਰੂਰੀ ਹੈ। ਵੱਡੀ ਗਿਣਤੀ ਪੰਜਾਬੀ ਨੌਜਵਾਨ ਭਾਵੇਂ ਅੰਗ੍ਰੇਜ਼ੀ ਅਤੇ ਹਿੰਦੀ ਵਿੱਚ ਗੱਲਬਾਤ ਕਰਨ ਪਰ ਉਹ ਸੋਚਦੇ ਤਾਂ ਪੰਜਾਬੀ ਵਿੱਚ ਹੀ ਹਨ। ਪੰਜਾਬੀ ਭਾਸ਼ਾ ਦਾ ਆਪਣਾ ਇਤਿਹਾਸ ਹੈ ਅਤੇ ਪੰਜਾਬੀ ਵਿੱਚ ਬਹੁਤ ਉਚਪਾਇ ਦੀਆਂ ਰਚਨਾਵਾਂ ਦੀ ਰਚਨਾ ਹੋ ਚੁੱਕੀ ਹੈ। ਇਸ ਲਈ ਪੰਜਾਬੀਆਂ ਨੂੰ ਪੰਜਾਬੀ ਬੋਲਣ ਵਿੱਚ ਮਾਣ ਮਹਿਸੂਸ ਹੋਣਾ ਚਾਹੀਦਾ ਹੈ ਪਰ ਜਿਸ ਤਰੀਕੇ ਨਾਲ ਪੰਜਾਬ ਦੀ ਨੌਜਵਾਨ ਪੀੜ੍ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਤੋਂ ਕੁਝ ਹੱਦ ਤੱਕ ਦੂਰ ਹੁੰਦੀ ਜਾ ਰਹੀ ਹੈ, ਉਹ ਚਿੰਤਾ ਦਾ ਵਿਸ਼ਾ ਹੈ।

## ਪੰਜਾਬੀਅਤ ਦੇ ਅਲੰਬਰਦਾਰ



ਦੂਜੇ ਪਾਸੇ ਪੰਜਾਬ ਵਿੱਚ ਉਹਨਾਂ ਨੌਜਵਾਨ ਮੁੰਡੇ ਕੁੜੀਆਂ ਦੀ ਵੀ ਵੱਡੀ ਗਿਣਤੀ ਹੈ, ਜੋ ਕਿ ਪੂਰੀ ਤਰਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਣਾਏ ਹੋਏ ਹਨ। ਇਹ ਨੌਜਵਾਨ ਮੁੰਡੇ ਕੁੜੀਆਂ ਹਰ ਦਿਨ ਪੰਜਾਬੀ ਪਹਿਰਾਵਾ ਹੀ ਪਾਉਣ ਨੂੰ ਤਰਜੀਹ ਦਿੰਦੇ ਹਨ ਅਤੇ ਗੱਲਬਾਤ ਵੀ ਪੰਜਾਬੀ ਵਿੱਚ ਕਰਨ ਨੂੰ ਆਪਣੀ ਸ਼ਾਨ ਸਮਝਦੇ ਹਨ। ਅਜਿਹੇ ਨੌਜਵਾਨ ਮੁੰਡੇ ਕੁੜੀਆਂ ਕਰਕੇ ਹੀ ਪੰਜਾਬੀਅਤ ਅੱਜ ਵੀ ਜਿੰਦਾ ਹੈ। ਇਹ ਨੌਜਵਾਨ ਮੁੰਡੇ ਕੁੜੀਆਂ ਭਾਵੇਂ ਅੰਗ੍ਰੇਜ਼ੀ, ਹਿੰਦੀ ਅਤੇ ਹੋਰ ਭਾਸ਼ਾਵਾਂ ਤੋਂ ਵੀ ਜਾਣੂੰ ਹੁੰਦੇ ਹਨ ਪਰ ਇਹ ਆਪਣੀ ਮਾਂ ਬੋਲੀ ਪੰਜਾਬੀ ਦੀ ਹਮੇਸ਼ਾ ਸੁੱਖ ਮੰਗਦੇ ਹਨ ਅਤੇ ਪੰਜਾਬੀ ਬੋਲੀ ਨੂੰ ਸਤਿਕਾਰ ਕਰਦੇ ਹਨ। ਅਜਿਹੇ ਨੌਜਵਾਨ ਮੁੰਡੇ ਕੁੜੀਆਂ ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸ਼ਾਨ ਹਨ।



# ਲੋਕ ਸਭਾ ਚੋਣਾਂ 'ਚ ਵਾਤਾਵਰਨ ਪ੍ਰਦੂਸ਼ਣ ਅਤੇ ਜ਼ਮੀਨਦੋਜ਼ ਪਾਣੀ ਕਿਉਂ ਨਹੀਂ ਬਣ ਰਹੇ ਮੁੱਖ ਮੁੱਦੇ?

## ਸਿਆਸੀ ਧਿਰਾਂ ਵਾਤਾਵਰਨ ਦੇ ਮੁੱਦੇ ਨੂੰ ਆਪਣੇ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕਰਨ : ਫੂਲਕਾ

## ਲੋਕ ਪੱਖੀ ਸਿਆਸਤ ਨੂੰ ਉਭਾਰਨ ਲਈ ਬੁੱਧੀਜੀਵੀ ਤੇ ਕਿਸਾਨ ਸੰਸਥਾਵਾਂ ਅੱਗੇ ਆਉਣ



ਪੰਜਾਬ ਦੀ ਵੱਡੀ ਸਮੱਸਿਆ ਵਾਤਾਵਰਨ ਪ੍ਰਦੂਸ਼ਣ ਅਤੇ ਦਿਨੋ-ਦਿਨ ਧਰਤੀ ਹੇਠਲੇ ਪਾਣੀ ਦੀ ਨਿੱਘਰਦੀ ਜਾ ਰਹੀ ਪੱਧਰ ਦੀ ਹੈ। ਖਾਦਾਂ, ਕੀਟਨਾਸ਼ਕਾਂ ਅਤੇ ਨਦੀਨ-ਨਾਸ਼ਕ ਦੀ ਲਗਾਤਾਰ ਹੋ ਰਹੀ ਵਧੇਰੇ ਵਰਤੋਂ ਨਾਲ ਪੰਜਾਬ ਇੱਕ ਲੁਪਤ ਹੋਣ ਵਾਲੀ ਸੱਭਿਅਤਾ ਲੱਗਣ ਲੱਗ ਪਿਆ ਹੈ। ਪੰਜਾਬ ਦੇ ਕਈ ਪਿੰਡ ਅਜਿਹੇ ਹਨ, ਜਿੱਥੇ ਪੀਣ ਯੋਗ ਪਾਣੀ ਨਾ ਹੋਣ ਕਾਰਨ ਪ੍ਰਦੂਸ਼ਿਤ ਪਾਣੀ ਨਾਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ। ਇਨ੍ਹਾਂ ਪਿੰਡਾਂ ਵਿਚਲੀ ਸਮੱਸਿਆ ਸਿਆਸੀ ਪਾਰਟੀਆਂ ਲਈ ਕੋਈ ਮੁੱਦਾ ਨਹੀਂ ਰਹੀ, ਪਿੰਡਾਂ ਦੀਆਂ ਗਲੀਆਂ-ਨਾਲੀਆਂ ਨੂੰ ਵਿਕਾਸ ਦੱਸਣ ਵਾਲੀਆਂ ਸਿਆਸੀ ਪਾਰਟੀਆਂ ਵਲੋਂ ਕੈਂਸਰ ਪੀੜਤਾਂ ਦੀ ਕੋਈ ਸਾਰ ਨਹੀਂ ਲਈ ਜਾਂਦੀ। ਵਰਲਡ ਹੈੱਲਥ ਆਰਗੇਨਾਈਜ਼ੇਸ਼ਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ 'ਚ ਧਰਤੀ ਹੇਠਲਾ ਪਾਣੀ ਸਾਡੇ ਦੁਆਰਾ ਵੱਡੇ ਪੱਧਰ 'ਤੇ ਬੇਲੋੜੀਆਂ ਅਤੇ ਜ਼ਰੂਰਤ ਤੋਂ ਜ਼ਿਆਦਾ ਕੀਤੀਆਂ ਜਾਂਦੀਆਂ ਜ਼ਹਿਰੀਲੀਆਂ ਸਪਰੇਆਂ ਦੀ ਵਰਤੋਂ ਫੈਕਟਰੀਆਂ 'ਚੋਂ ਨਿਕਲਦੇ ਜ਼ਹਿਰੀਲੇ ਗੰਧਲੇ ਪਾਣੀ ਨੂੰ ਧਰਤੀ ਹੇਠ ਸੁੱਟਣ ਨਾਲ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਗਿਆ ਹੈ ਅਤੇ ਇਸ ਨਾਲ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਜਿਵੇਂ ਗੁਰਦਿਆਂ ਦਾ ਖ਼ਰਾਬ ਹੋਣਾ, ਚਮੜੀ ਰੋਗ, ਫੇਫੜੇ ਰੋਗ ਅਤੇ ਕੈਂਸਰ ਆਦਿ ਵਰਗੀਆਂ ਬਿਮਾਰੀਆਂ ਨਾਲ ਮਨੁੱਖੀ ਜੀਵਨ ਜਕੜਿਆ ਜਾ ਰਿਹਾ ਹੈ। ਹੁਣ ਤਾਂ ਦੇਸ਼ ਦੀਆਂ ਅਤੇ ਵਿਦੇਸ਼ ਦੀਆਂ ਬਹੁਤ ਸਾਰੀਆਂ ਏਜੰਸੀਆਂ ਨੇ ਖ਼ਤਰੇ ਦੀ ਇਹ ਘੰਟੀ ਖੜਕਾਉਣੀ ਸ਼ੁਰੂ ਕਰ ਦਿੱਤੀ ਹੈ ਕਿ ਜੇਕਰ ਖੇਤੀਬਾੜੀ ਅਤੇ ਹੋਰ ਕੰਮਾਂ-ਕਾਰਾਂ ਲਈ ਇਸੇ ਤਰ੍ਹਾਂ ਬੇਦਰੇਗੀ ਨਾਲ ਧਰਤੀ ਹੇਠਲਾ ਪਾਣੀ ਟਿਊਬ-ਵੈੱਲਾਂ ਰਾਹੀਂ ਕੱਢਿਆ ਜਾਂਦਾ ਰਿਹਾ ਤਾਂ ਇਥੇ 10 ਤੋਂ 15 ਸਾਲਾਂ ਵਿੱਚ ਧਰਤੀ ਹੇਠਲਾ ਪਾਣੀ ਖ਼ਤਮ ਹੋ ਜਾਵੇਗਾ। ਇਥੇ ਖੇਤੀਬਾੜੀ ਅਤੇ ਸਨਅਤ ਤਾਂ ਕੀ, ਲੋਕਾਂ ਅਤੇ ਪਾਲਤੂ ਪਸ਼ੂਆਂ ਦੇ ਪੀਣ ਲਈ ਵੀ ਪਾਣੀ ਨਸੀਬ ਨਹੀਂ ਹੋਵੇਗਾ। ਅਜਿਹੀ ਸਥਿਤੀ ਵਿੱਚ ਪੰਜਾਬ ਦਾ, ਇਥੇ ਵਸਦੇ ਲੋਕਾਂ ਦਾ ਕੀ ਬਣੇਗਾ? ਇਹ ਇਕ ਵੱਡਾ ਤੇ ਚਿੰਤਾ ਵਾਲਾ ਸਵਾਲ ਹੈ। ਉੱਤੋਂ ਸੁਪ੍ਰੀਮ ਕੋਰਟ ਵੱਲੋਂ ਹਰ ਹਾਲਤ ਵਿੱਚ ਸਤਲੁਜ ਯਮੁਨਾ ਲਿੰਕ ਨਹਿਰ ਪੁੱਟਣ ਦਾ ਆਇਆ ਤਾਜ਼ਾ ਫ਼ਰਮਾਨ ਚਿੰਤਾ ਵਿੱਚ ਹੋਰ ਵੀ ਵਾਧਾ ਕਰਨ ਵਾਲਾ ਹੈ। ਪਰ ਇਹ ਮੁੱਦੇ ਹਾਲੇ ਤੱਕ ਲੋਕ ਸਭਾ ਚੋਣਾਂ ਵਿੱਚ ਮੁੱਖ ਮੁੱਦੇ ਨਹੀਂ ਬਣੇ।

ਡਾਕਟਰ ਬਲਬੀਰ ਸਿੰਘ ਭੌਰਾ ਅਕਾਲ ਆਈ ਹਸਪਤਾਲ ਜਲੰਧਰ ਦਾ ਕਹਿਣਾ ਹੈ ਕਿ ਸਿਰਫ਼ ਗੱਲ ਇਕੱਲੇ ਪੰਜਾਬ ਦੀ ਹੀ ਕਰ ਲਈਏ ਤਾਂ ਪਿਛਲੇ 70 ਸਾਲਾਂ ਤੋਂ ਦੁਨੀਆਂ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਫਾਇਦਾ ਪਹੁੰਚਾਉਣ ਲਈ ਪੰਜਾਬ ਦੇ ਲੋਕ ਹਿਤਾਂ ਸਮੇਤ ਵਾਤਾਵਰਨ ਨੂੰ ਵਿਕਾਸ ਦੀ ਥਾਂ ਵਿਨਾਸ਼ ਦੀ ਭੱਠੀ ਵਿੱਚ ਝੋਕਿਆ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਸਮੇਤ ਪੂਰੇ ਭਾਰਤ ਅਤੇ ਸੰਸਾਰ ਵੱਲੋਂ ਅਪਣਾਏ ਗਏ ਮਾਡਲ ਦਾ ਹੀ ਸਿੱਟਾ ਹੈ ਜਿਸ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਪੈਦਾਵਾਰ ਅਤੇ ਵੱਧ ਤੋਂ ਵੱਧ ਪਦਾਰਥਾਂ ਦੀ ਖਪਤ ਦੀ ਦੌੜ ਦਾ ਚੱਕਰ ਹੀ ਅਖੌਤੀ ਵਿਕਾਸ ਦਾ ਨਾਂਅ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਇਹ ਮੌਜੂਦਾ ਵਿਕਾਸ ਪੰਜਾਬ ਦੇ ਦਰਿਆਵਾਂ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰ ਰਿਹਾ ਹੈ। ਦਰਿਆ ਪਲੀਤ ਹੋ ਗਏ ਹਨ। ਦਰਿਆਵਾਂ ਵਿੱਚ ਵਸਦੇ ਜੀਵ-ਜੰਤੂ ਖ਼ਤਮ ਹੋ ਰਹੇ ਹਨ। ਹਵਾ ਪ੍ਰਦੂਸ਼ਣ ਕਾਰਨ ਮਨੁੱਖ ਸਾਹ ਲੈਣ ਦੇ ਕਾਬਲ ਨਹੀਂ ਰਿਹਾ। ਪੰਜਾਬ 'ਚੋਂ ਬਹੁਤ ਸਾਰੇ ਜੰਗਲ ਤਾਂ ਪਹਿਲਾਂ ਹੀ ਖ਼ਤਮ ਕੀਤੇ ਜਾ ਚੁੱਕੇ ਹਨ, ਪਰ ਹੁਣ ਸੜਕਾਂ ਚੌੜੀਆਂ ਕਰਨ ਦੇ ਬਹਾਨੇ ਪੰਛੀਆਂ ਦਾ ਵਸੇਬਾ ਬਣੇ ਸੜਕਾਂ ਕਿਨਾਰੇ ਲੱਗੇ ਦਰਖ਼ਤ ਖ਼ਤਮ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਦਰਖ਼ਤਾਂ ਦੀ ਥਾਂ ਨਵੇਂ ਬੂਟੇ ਜਾਂ ਤਾਂ ਲਗਾਏ ਨਹੀਂ ਜਾ ਰਹੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਬਦਲਵੀਂ ਲੋਕ ਪੱਖੀ ਸਿਆਸਤ ਨੂੰ ਉਭਾਰਨ ਵਾਲੇ ਬੁੱਧੀਜੀਵੀ ਅਤੇ ਕਿਸਾਨ ਸੰਸਥਾਵਾਂ ਨੂੰ ਸਾਹਮਣੇ ਆਉਣਾ ਚਾਹੀਦਾ।

ਸੁਪ੍ਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਐੱਚ.ਐੱਸ. ਫੂਲਕਾ ਨੇ ਕਿਹਾ ਕਿ ਅੱਜ ਪੰਜਾਬ ਦੇ ਸਿਆਸਤਦਾਨਾਂ ਵੱਲੋਂ ਪੰਜਾਬ ਦੀ ਹੋਂਦ ਨਾਲ ਜੁੜੇ ਮੁੱਦਿਆਂ ਨੂੰ ਛੱਡ ਕੇ ਹੋਰਨਾਂ ਮੁੱਦਿਆਂ ਨੂੰ ਚੁੱਕਿਆ ਜਾ ਰਿਹਾ ਹੈ ਜਦੋਂ ਕਿ ਪੰਜਾਬ ਦੀ ਜ਼ਮੀਨ ਬੰਜਰ ਹੁੰਦੀ ਜਾ ਰਹੀ ਅਤੇ ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ ਹੈ। ਇਹ ਦੋਵੇਂ ਮੁੱਦੇ ਪੰਜਾਬ ਦੇ ਸਭ ਤੋਂ ਅਹਿਮ ਮੁੱਦੇ ਹਨ, ਪਰ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਇਨ੍ਹਾਂ ਦੋਵਾਂ ਮੁੱਦਿਆਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਧਰਤੀ ਹੇਠਲਾ ਪਾਣੀ 500-500 ਫੁੱਟ 'ਤੇ ਪਹੁੰਚ ਗਿਆ ਹੈ ਅਤੇ ਆਉਣ ਵਾਲੇ 10-15 ਸਾਲਾਂ ਵਿੱਚ ਸਾਡੇ ਕੋਲ ਪੀਣ ਲਈ ਪਾਣੀ ਨਹੀਂ ਰਹਿਣਾ। ਇਸ ਸੰਕਟ ਦੇ ਬਾਵਜੂਦ ਰਾਜਸੀ ਪਾਰਟੀਆਂ ਪੰਜਾਬ ਤੇ ਪੰਜਾਬੀਆਂ ਦੀ ਹੋਂਦ ਨਾਲ ਜੁੜੇ ਮੁੱਦਿਆਂ ਨੂੰ ਛੱਡ ਕੇ ਹੋਰਨਾਂ ਮੁੱਦਿਆਂ 'ਤੇ ਬਹਿਸ ਕਰਨ ਲੱਗੀਆਂ ਹੋਈਆਂ ਹਨ।

ਫੂਲਕਾ ਨੇ ਮੰਗ ਕੀਤੀ ਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਵਾਤਾਵਰਨ ਦੀ ਸੰਭਾਲ ਦੇ ਮੁੱਦੇ ਨੂੰ ਆਪਣੇ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕਰਨ ਤਾਂ ਜੋ ਇਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਸਕੇ। ਫੂਲਕਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਅੱਗੇ ਪੰਜਾਬ ਦੀ ਬੰਜਰ ਹੋ ਰਹੀ ਜ਼ਮੀਨ ਤੇ ਧਰਤੀ ਹੇਠਲੇ ਪਾਣੀ ਦੇ ਮੁੱਦੇ ਨੂੰ ਚੁੱਕਣ ਤਾਂ ਜੋ ਇਨ੍ਹਾਂ ਮੁੱਦਿਆਂ ਨੂੰ ਹੱਲ ਕੀਤਾ ਜਾ ਸਕੇ।

# ਧਰਤੀ ਦੀ ਸਤ੍ਹਾ ਤੋਂ 700 ਕਿਲੋਮੀਟਰ ਹੇਠਾਂ ਮੌਜੂਦ ਹੈ ਸਭ ਤੋਂ ਵੱਡਾ ਸਮੁੰਦਰ

## ਸਾਰੇ ਸਮੁੰਦਰਾਂ ਨਾਲੋਂ 3 ਗੁਣਾ ਜ਼ਿਆਦੈ ਪਾਣੀ ➢ 500 ਭੂਚਾਲਾਂ ਦਾ ਅਧਿਐਨ ਕਰਨ ਤੋਂ ਬਾਅਦ ਕੀਤੀ ਗਈ ਖੋਜ

ਸਭ ਤੋਂ ਵੱਡਾ ਸਮੁੰਦਰ ਧਰਤੀ ਦੀ ਸਤ੍ਹਾ ਤੋਂ 700 ਕਿਲੋਮੀਟਰ ਹੇਠਾਂ ਮੌਜੂਦ ਹੈ। ਅਮਰੀਕਾ ਦੇ ਇਲੀਨੋਇਸ ਰਾਜ ਦੇ ਖੋਜਕਰਤਾਵਾਂ ਨੇ ਇਸ ਦੀ ਖੋਜ ਕੀਤੀ ਹੈ। ਇਸ ਵਿੱਚ ਸਾਰੇ ਸਮੁੰਦਰਾਂ ਦੇ ਕੁੱਲ ਪਾਣੀ ਨਾਲੋਂ ਤਿੰਨ ਗੁਣਾ ਜ਼ਿਆਦਾ ਪਾਣੀ ਹੈ। ਧਰਤੀ 'ਤੇ ਪਾਣੀ ਕਿੱਥੋਂ ਆਇਆ, ਇਸ ਖੋਜ ਦੌਰਾਨ ਵਿਗਿਆਨੀਆਂ ਨੂੰ ਇਸ ਸਮੁੰਦਰ ਬਾਰੇ ਪਤਾ ਲੱਗਾ।

ਇਹ ਸਾਗਰ ਧਰਤੀ ਦੀ ਸਤ੍ਹਾ ਦੇ ਹੇਠਾਂ ਇੱਕ ਨੀਲੀ ਚੱਟਾਨ ਵਿੱਚ ਛੁਪਿਆ ਹੋਇਆ ਹੈ। ਖੋਜ ਟੀਮ ਦੇ ਵਿਗਿਆਨੀ ਸਟੀਵ ਜੈਕਬਸਨ ਨੇ ਕਿਹਾ ਕਿ ਇਹ ਚੱਟਾਨ ਸਪੰਜ ਵਰਗੀ ਹੈ ਜੋ ਪਾਣੀ ਨੂੰ ਸੋਖਦੀ ਰਹਿੰਦੀ ਹੈ। 2 ਹਜ਼ਾਰ ਸੀਸਮੋਮੀਟਰਾਂ ਰਾਹੀਂ 500 ਭੂਚਾਲਾਂ ਦਾ ਅਧਿਐਨ ਕਰਨ ਤੋਂ ਬਾਅਦ ਇਸ ਸਮੁੰਦਰ ਦੀ ਖੋਜ ਕੀਤੀ ਗਈ ਹੈ।



ਅਸਲ ਵਿੱਚ, ਜਦੋਂ ਧਰਤੀ ਦੇ ਹੇਠਾਂ ਉੱਠਦੀਆਂ ਲਹਿਰਾਂ ਇੱਕ ਨਮੀ ਵਾਲੀ ਚੱਟਾਨ ਵਿੱਚੋਂ ਲੰਘਦੀਆਂ ਹਨ, ਤਾਂ ਉਹਨਾਂ ਦੀ ਗਤੀ ਹੌਲੀ ਹੋ ਜਾਂਦੀ ਹੈ। ਸੀਸਮੋਮੀਟਰ ਰਾਹੀਂ ਇਨ੍ਹਾਂ ਲਹਿਰਾਂ ਦਾ ਅਧਿਐਨ ਕਰਨ ਤੋਂ ਬਾਅਦ ਸਮੁੰਦਰ ਦੀ ਖੋਜ ਕੀਤੀ ਗਈ।

ਕੀ ਪਾਣੀ ਧਰਤੀ ਦੀ ਸਤ੍ਹਾ ਦੇ ਹੇਠਾਂ ਤੋਂ ਆਇਆ ਸੀ?

ਇਸ ਖੋਜ ਦੀ ਜਾਣਕਾਰੀ ਸਭ ਤੋਂ ਪਹਿਲਾਂ ਸਾਲ 2014 ਵਿੱਚ ਦਿੱਤੀ ਗਈ ਸੀ। ਇਹ ਗੱਲ ਇੱਕ ਵਿਗਿਆਨਕ ਪੇਪਰ 'ਡੀਹਾਈਡਰੇਸ਼ਨ ਮੈਲਟਿੰਗ ਐਟ ਦਿ ਟਾਪ ਆਫ਼ ਦਿ ਲੋਅਰ ਮੈਨਟਲ' ਵਿੱਚ ਦੱਸੀ ਗਈ ਹੈ। ਹਾਲਾਂ ਕਿ ਹੁਣ ਇਹ ਖੋਜ ਵਾਇਰਲ ਹੋ ਰਹੀ ਹੈ। ਇਸ ਸਾਗਰ ਦੇ ਉਭਰਨ ਤੋਂ ਬਾਅਦ, ਧਰਤੀ 'ਤੇ ਪਾਣੀ ਦੀ ਉਤਪੱਤੀ ਨੂੰ ਲੈ ਕੇ ਇੱਕ ਨਵੀਂ ਥਿਊਰੀ ਸਾਹਮਣੇ ਆਈ ਹੈ।



ਦਰਅਸਲ, ਕਈ ਰਿਪੋਰਟਾਂ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਧੂਮਕੇਤੂ ਦੇ ਧਰਤੀ ਨਾਲ ਟਕਰਾਉਣ ਤੋਂ ਬਾਅਦ, ਇਸ ਦੇ ਪ੍ਰਭਾਵ ਕਾਰਨ ਪਾਣੀ ਪੈਦਾ ਹੋਇਆ ਸੀ। ਹਾਲਾਂ ਕਿ, ਧਰਤੀ ਦੀ ਸਤ੍ਹਾ ਦੇ ਹੇਠਾਂ ਮੌਜੂਦ ਸਮੁੰਦਰ ਤੋਂ, ਇਹ ਸੰਭਵ ਹੈ ਕਿ ਸਮੇਂ ਦੇ ਨਾਲ ਧਰਤੀ ਦੇ ਹੇਠਾਂ ਤੋਂ ਸਮੁੰਦਰ ਉਭਰਿਆ ਹੋਵੇ।

ਵਿਗਿਆਨੀ ਜੈਕਬਸਨ ਨੇ ਦੱਸਿਆ ਕਿ ਇਸ ਸਮੁੰਦਰ ਦਾ ਧਰਤੀ ਦੇ ਹੇਠਾਂ ਰਹਿਣਾ ਜ਼ਰੂਰੀ ਹੈ ਕਿਉਂਕਿ ਜੇਕਰ ਇਹ ਸਤ੍ਹਾ ਤੋਂ ਬਾਹਰ ਨਿਕਲਦਾ ਹੈ ਤਾਂ ਧਰਤੀ 'ਤੇ ਸਿਰਫ਼ ਪਾਣੀ ਹੀ ਹੋਵੇਗਾ। ਜ਼ਮੀਨ ਦੇ ਨਾਂ 'ਤੇ ਪਹਾੜਾਂ ਦੀਆਂ ਉੱਚੀਆਂ ਚੋਟੀਆਂ ਹੀ ਬਚ ਸਕਣਗੀਆਂ।

# 140 ਕਰੋੜ ਭਾਰਤੀਆਂ ਦੀ ਅਗਨ ਪ੍ਰੀਖਿਆ ਨੇ ਲੋਕ ਸਭਾ ਚੋਣਾਂ

## ਭਾਰਤੀ ਲੋਕਾਂ ਨੂੰ ਹਮੇਸ਼ਾ ਸਿਆਸਤਦਾਨਾਂ ਨੇ ਵਰਤਿਆ



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ।
9592093472







ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਦਾਅਵੇ ਵਾਲੇ ਭਾਰਤ ਦੀ ਸੰਘੀ ਸਰਕਾਰ ਲਈ 2024 ਦਾ ਚੋਣ ਦੰਗਲ ਭਖ ਗਿਆ ਹੈ। ਲੋਕਤੰਤਰ ਦੇ ਅਰਥ ਭਾਰਤੀ ਸੰਵਿਧਾਨ ਵਿੱਚ ਲੋਕਾਂ ਦੀ ਸਰਕਾਰ, ਲੋਕਾਂ ਰਾਹੀਂ, ਲੋਕਾਂ ਲਈ ਹਨ। ਸੰਨ 1950 ਤੋਂ ਸੰਵਿਧਾਨ ਲਾਗੂ ਦੱਸਿਆ ਜਾ ਰਿਹਾ ਹੈ। ਪਹਿਲਾਂ ਪਹਿਲ ਸੂਬਾਈ ਰਾਜਨੀਤਕ ਧਿਰਾਂ ਸੂਬਿਆਂ ਲਈ ਚੋਣ ਸਰਗਰਮੀ ਦਾ ਵੱਡਾ ਹਿੱਸਾ ਰਹੀਆਂ ਹਨ। ਕੇਵਲ ਰਾਸ਼ਟਰੀ ਕਾਂਗਰਸ ਹੀ ਦੇਸ਼ ਵਿਆਪੀ ਰਾਜਸੀ ਧਿਰ ਸੀ ਪ੍ਰਮੁੱਖ ਰੂਪ ਵਿੱਚ ਬਾਕੀ ਸਭ ਵਧੇਰੇ ਕਰਕੇ ਸੂਬਿਆਂ ਤੱਕ ਹੀ ਰਾਜਨੀਤੀ ਕਰਦੀਆਂ ਧਿਰਾਂ ਰਹੀਆਂ। ਸੰਘੀ ਢਾਂਚੇ ਦੀ ਮਜ਼ਬੂਤੀ ਲਈ ਭਾਰਤੀ ਕੇਂਦਰੀ ਸੱਤਾ ਵਾਲਿਆਂ ਕਦੀ ਵੀ ਇਮਾਨਦਾਰੀ ਨਹੀਂ ਦਿਖਾਈ। ਲਗਾਤਾਰ ਸੂਬਿਆਂ ਨੂੰ ਕਮਜ਼ੋਰ ਕਰਨ ਤੇ ਖੇਤਰੀ ਸਿਆਸੀ ਧਿਰਾਂ ਨੂੰ ਖਤਮ ਕਰਨ ਵਾਸਤੇ ਕੰਮ ਹੋਇਆ ਹੈ। ਖੇਤਰੀ ਸੂਬਾਈ ਰਾਜਸੀ ਧਿਰਾਂ ਵੀ ਬਹੁਤੀਆਂ ਕੇਂਦਰੀ ਸੱਤਾ ਦੀ ਲਾਲਸਾ ਕਾਰਨ ਸੂਬਿਆਂ ਦੇ ਹੱਕ ਅਧਿਕਾਰਾਂ ਨਾਲ ਖੜ੍ਹੀਆਂ ਨਹੀਂ ਰਹੀਆਂ। ਕੇਂਦਰੀਕਰਨ ਵਾਸਤੇ ਕੇਂਦਰੀ ਹਕੂਮਤ ਦੀ ਹਾਂ ਵਿੱਚ ਹਾਂ ਭਰਕੇ ਪੈਰਾਂ 'ਤੇ ਖੁਦ ਕੁਹਾੜਾ ਮਾਰਨ ਤੋਂ ਗੁਰੇਜ਼ ਨਹੀਂ ਕਰ ਸਕੀਆਂ। ਸੂਬਾਈ ਰਾਜਸੀ ਧਿਰਾਂ ਦਾ ਕਮਜ਼ੋਰ ਹੋਣਾ ਵਰਤਮਾਨ ਸਮੇਂ ਦੀਆਂ ਬਹੁਤੀਆਂ ਦੁਸ਼ਵਾਰੀਆਂ ਦਾ ਆਧਾਰ ਬਣਦਾ ਆ ਰਿਹਾ ਹੈ। ਭਾਰਤੀ ਲੋਕਾਂ ਨੂੰ ਹਮੇਸ਼ਾਂ ਸਿਆਸਤਦਾਨਾਂ ਨੇ ਵਰਤਿਆ ਹੈ ਖੁਦ ਭਾਰਤੀ ਲੋਕਾਂ ਨਾਲ ਖੜ੍ਹੇ ਹੋਣ ਤੋਂ ਭੱਜਿਆ ਹੈ। ਭਾਰਤੀ ਲੋਕਾਂ ਨੂੰ ਆਮ ਜ਼ਿੰਦਗੀ ਦੀਆਂ ਬੁਨਿਆਦੀ ਸਹੂਲਤਾਂ ਦੇਣ ਵਾਲੇ ਫਰਜ਼ ਦੀ ਪਾਲਣਾ ਕੇਂਦਰੀ ਹਕੂਮਤਾਂ ਨਹੀਂ ਕਰ ਪਾਈਆਂ। ਵਿੱਦਿਆ ਸਿਹਤ ਤੇ ਰੁਜ਼ਗਾਰ ਹੀ ਮੁੱਖ ਲੋੜਾਂ ਸਨ ਤੇ ਹਨ ਜੋ ਅੱਜ ਤੱਕ ਭਾਰਤੀ ਲੋਕਾਂ ਨੂੰ ਨਹੀਂ ਮਿਲੀਆਂ।

ਸੱਤਾਧਾਰੀਆਂ ਨੇ ਲੋਕ ਸੇਵਕ ਬਣਨ ਦੀ ਥਾਂ ਹਾਕਮ ਹੋਣ ਜਾਂ ਅਖਵਾਉਣ ਵਾਲੀ ਸੋਚ ਨੂੰ ਪਾਲਿਆ ਤੇ ਸੰਭਾਲਿਆ ਹੈ। ਪਿੰਡ ਦੀ ਪੰਚਾਇਤ ਤੋਂ ਲੈ ਕੇ ਸੂਬਾ ਤੇ ਕੇਂਦਰ ਤੱਕ ਅਧਿਕਾਰ ਵੰਡਣ ਦੀ ਥਾਂ ਖੋਹਣ ਵਾਲੀ ਬਿਰਤੀ ਭਾਰੂ ਆ ਰਹੀ ਹੈ। ਗਵਾਂਢੀ ਮੁਲਕਾਂ ਨਾਲ ਸਬੰਧ ਸੁਖਾਵੇਂ ਬਣਾਉਣ ਲਈ ਵੀ ਠੀਕ ਨੀਤੀਆਂ ਨਹੀਂ ਅਪਣਾਈਆਂ ਗਈਆਂ। ਹਥਿਆਰਾਂ ਦੀ ਪ੍ਰਮੁੱਖਤਾ ਨੂੰ ਪਹਿਲ ਦੇਣੀ ਗਲਤ ਧਾਰਨਾ ਦਾ ਘਾਤਕ ਰਸਤਾ ਫੜਿਆ। ਸੱਤਾ ਦੀ ਮਾਰੂ ਭੁੱਖ ਭਾਰਤੀ ਸਿਆਸਤਦਾਨ ਵਿੱਚ ਬਹੁਤ ਤੇਜ਼ੀ ਨਾਲ ਵਧੀ ਹੈ। ਖਾਨਦਾਨੀ ਰੁਝਾਨ ਦਾ ਸਿਆਸਤਦਾਨਾਂ ਵਿੱਚ ਵਧਣਾ ਵੀ ਵਰਤਮਾਨ ਦੇ ਨਿਘਾਰ ਦਾ ਵੱਡਾ ਕਾਰਨ ਰਿਹਾ ਹੈ। ਚੋਣਾਂ ਮੌਕੇ ਵਰਤਮਾਨ ਸਮੇਂ ਦੇਸ਼ ਦੇ ਹਾਲਾਤ ਅਤਿ ਨਾ ਖੁਸ਼ਗਵਾਰ ਹਨ। ਸੱਤਾਧਾਰੀ ਧਿਰ ਪਿਛਲੇ 10 ਸਾਲਾਂ ਤੋਂ ਲੋਕ ਪੱਖੀ ਸਰਕਾਰ ਨਾ ਚਲਾ ਕੇ ਆਪਣੇ 70 ਸਾਲ ਪਹਿਲਾਂ ਤੋਂ ਪਰਚਾਰੇ ਜਾ ਰਹੇ ਹਿੰਦੂਤਵੀ ਰਾਜ ਕਲਪਨਾ ਨੂੰ ਸਾਕਾਰ ਕਰਨ ਲਈ ਵਧੇਰੇ ਰੁਚਿਤ ਵੇਖਣ ਲਈ ਮਿਲੀ ਹੈ।

ਭਾਰਤੀਆਂ ਦੇ ਭਾਈਚਾਰੇ ਦੀ ਬਰਾਬਰਤਾ ਨੂੰ ਨਫ਼ਰਤੀ ਢੰਗ ਤਰੀਕਿਆਂ ਨਾਲ ਜ਼ਰ ਜ਼ਰਾ ਕੀਤਾ ਹੈ। ਆਪਸੀ ਸਾਂਝ ਦੀ ਥਾਂ ਦੂਰੀਆਂ ਪੈਦਾ ਕਰਨ ਦੇ ਯਤਨ ਵਧੇਰੇ ਹੋਏ ਹਨ। ਲੋਕ ਹੱਕਾਂ ਤੇ ਮੰਗਾਂ ਨੂੰ ਦੱਬਿਆ ਕੁਚਲਿਆ ਗਿਆ ਹੈ। ਭਾਰਤ ਦੀਆਂ ਵਿਰੋਧੀ ਧਿਰ ਵਾਲੀਆਂ ਸੂਬਾ ਸਰਕਾਰਾਂ ਨੂੰ ਜਿਵੇਂ ਭੰਨਿਆ ਤੋੜਿਆ ਹੈ ਇਸ ਨਾਲ ਲੋਕ ਦਿਲਾਂ ਵਿੱਚ ਖੌਫ਼ ਪੈਦਾ ਹੋਇਆ ਹੈ। ਜਿਸ ਲੋਕਤੰਤਰ ਨੂੰ ਸੰਸਾਰ ਸਾਹਮਣੇ ਰੱਖ ਕੇ ਕਦੀ ਭਾਰਤ ਦਾ ਸਿਰ ਉੱਚਾ ਹੁੰਦਾ ਸੀ ਉਸ ਦਾ ਅਪਮਾਨ ਸੱਤਾ ਧਿਰ ਨੇ ਬਾਰੰਬਾਰ ਕਰਕੇ ਸੰਸਾਰ ਸਾਹਮਣੇ ਦੇਸ਼ ਨੂੰ ਸ਼ਰਮਿੰਦਾ ਕੀਤਾ ਹੈ।

2018 ਤੋਂ ਗੁਪਤ ਚੋਣ ਚੰਦੇ ਦਾ ਕਾਲਾ ਬਾਜ਼ਾਰੀ ਵਾਲਾ ਘਿਨੌਣਾ ਖੇਲ ਅਰੰਭ ਕੇ ਆਪਣੀ ਸਿਆਸੀ ਜੱਥੇਬੰਦੀ ਲਈ ਜਬਰਦਸਤੀ ਫੰਡ ਲਿਆ ਹੈ?

ਸਵਾਲ ਹੈ ਕੀ ਭਾਰਤੀ ਲੋਕ 2024 ਦੀਆਂ ਚੋਣਾਂ ਵਿੱਚ ਲੋਕਤੰਤਰ ਲਈ ਵੋਟ ਹੱਕ ਦੀ ਵਰਤੋਂ ਬੇਖੌਫ਼ ਕਰ ਸਕਣਗੇ? ਵਿਰੋਧੀ ਸਿਆਸੀ ਧਿਰਾਂ ਦੀ ਕਾਤਲ ਬਿਰਤੀ ਵਾਲੀ ਸੱਤਾਧਾਰੀ ਧਿਰ ਲੋਕਾਂ ਨੂੰ ਐਸਾ ਕਰਨ ਦੇਵੇਗੀ?

ਕੀ ਵਿਰੋਧੀ ਧਿਰਾਂ ਭਾਰਤੀ ਲੋਕਾਂ ਨੂੰ ਲੋਕਤੰਤਰ ਦੇ ਅਰਥ ਸਮਝਾ ਕੇ ਸਹੀ ਮੁੱਦਿਆਂ ਨੂੰ ਉਨ੍ਹਾਂ ਵਿੱਚ ਰੱਖ ਸਕਣਗੀਆਂ? ਭਾਰਤ ਅੰਦਰਲੀਆਂ ਸਮਾਜਿਕ, ਰਾਜਨੀਤਕ ਤੇ ਆਰਥਿਕ ਚੇਤਨਾ ਲਈ ਕੰਮ ਕਰ ਰਹੀਆਂ ਜੱਥੇਬੰਦੀਆਂ ਨਿਰਭਉ ਨਿਰਵੈਰ ਨਿਰਪੱਖ ਰਹਿ ਕੇ ਭਾਰਤੀ ਲੋਕਾਂ ਨੂੰ ਆਪਣੇ ਹੱਕਾਂ ਲਈ ਵੋਟ ਅਧਿਕਾਰ ਦੀ ਵਰਤੋਂ ਲਈ ਸਮਝਾ ਤੇ ਭੁਗਤਾ ਸਕਣਗੀਆਂ !

ਸਮਾਂ ਮੰਗ ਕਰਦਾ ਹੈ ਕਿ ਹਰ ਜਾਗਰੂਕ ਸ਼ਹਿਰੀ ਧੜਿਆਂ ਤੋਂ ਉਪਰ ਉੱਠ ਕੇ ਲੋਕਤੰਤਰ ਲਈ, ਲੋਕਾਂ ਨੂੰ ਜਗਾਉਣ। ਪਿੰਡਾਂ, ਸ਼ਹਿਰਾਂ , ਕਸਬਿਆਂ ਤੱਕ ਪਹੁੰਚਣਾ ਲਾਜ਼ਮੀ ਹੈ। ਇਹ ਕਿਆਸਰਾਈਆਂ ਲੱਗ ਰਹੀਆਂ ਹਨ ਜੇ ਸੱਤਾਧਾਰੀ ਧਿਰ ਭੈਅ, ਭਰਮ ਤੇ ਹੋਰ ਸਾਮ ਦਾਮ ਦੰਡ ਭੇਦ ਰਾਹੀਂ ਮੁੜ ਸੱਤਾ ਤੇ ਆ ਜਾਂਦੀ ਹੈ ਤਾਂ ਭਾਰਤ ਵਿੱਚ ਲੋਕਤੰਤਰ ਦਾ ਭਵਿੱਖ ਵੱਡੇ ਖਤਰੇ ਦੇ ਮੂੰਹ ਵਿੱਚ ਜਾ ਵੜੇਗਾ।

ਉਮੀਦ ਕਦੇ ਨਹੀਂ ਛੱਡਣੀ ਚਾਹੀਦੀ। ਲੋਕ ਚੇਤਨਾ ਲਈ ਕੰਮ ਹੋਣਾ ਚਾਹੀਦਾ ਹੈ। ਲੋਕ ਚੇਤਨਾ ਤਥਾ ਲੋਕ ਸ਼ਕਤੀ ਮਨ ਚਾਹੇ ਖ਼ੂਬ ਸੂਰਤ ਲੋਕਤੰਤਰੀ ਰਾਜ ਦੀ ਸਥਾਪਨਾ ਕਰ ਲਵੇਗੀ।

# ਉੱਤਰਾਖੰਡ ਦੇ 120 ਪਿੰਡ ਅਜਿਹੇ ਜਿਥੇ ਵੋਟਾਂ ਮੰਗਣ ਹੀ ਨਹੀਂ ਜਾਂਦੇ ਉਮੀਦਵਾਰ

## ਉਮੀਦਵਾਰਾਂ ਨੂੰ ਵੇਖੇ ਬਿਨਾਂ ਹੀ ਲੋਕ ਪਾ ਦਿੰਦੇ ਨੇ ਵੋਟਾਂ





ਉੱਤਰਾਖੰਡ ਦੀਆਂ ਪੰਜ ਲੋਕ ਸਭਾ ਸੀਟਾਂ ਲਈ ਪਹਿਲੇ ਪੜਾਅ ਯਾਨੀ ਕਿ 19 ਅਪ੍ਰੈਲ ਨੂੰ ਵੋਟਿੰਗ ਹੋਵੇਗੀ। ਪਰ, ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਸੂਬੇ ਦੇ 120 ਤੋਂ ਵੱਧ ਪਿੰਡ ਅਜਿਹੇ ਹਨ ਜਿੱਥੇ ਲੋਕ ਅੱਜ ਵੀ ਨੇਤਾਵਾਂ ਨੂੰ ਦੇਖੇ ਬਿਨਾਂ ਹੀ ਵੋਟ ਦਿੰਦੇ ਹਨ। ਆਜ਼ਾਦੀ ਤੋਂ ਬਾਅਦ ਸ਼ੁਰੂ ਹੋਈ ਸੰਸਦੀ ਪਰੰਪਰਾ ਵਿੱਚ ਅੱਜ ਤੱਕ ਕੋਈ ਵੀ ਸੰਸਦ ਮੈਂਬਰ ਜਾਂ ਉਮੀਦਵਾਰ ਇਨ੍ਹਾਂ ਪਿੰਡਾਂ ਵਿੱਚ ਵੋਟਾਂ ਮੰਗਣ ਨਹੀਂ ਪਹੁੰਚਿਆ। ਇੱਥੇ ਕੁਨੈਕਟੀਵਿਟੀ ਦੀ ਘਾਟ ਵਰਗੀਆਂ ਕਈ ਸਮੱਸਿਆਵਾਂ ਹਨ ਪਰ ਜਦੋਂ ਲੋਕ ਸਭਾ ਚੋਣਾਂ ਲੜ ਰਹੇ ਉਮੀਦਵਾਰ ਹੀ ਪਿੰਡ ਵਿੱਚ ਨਹੀਂ ਆਉਂਦੇ ਤਾਂ ਇਹਨਾਂ ਪਿੰਡਾਂ ਦੇ ਵਸਨੀਕ ਸਮੱਸਿਆਵਾਂ ਕਿਸ ਨੂੰ ਸੁਣਾਉਣ।

ਪੋਲਿੰਗ ਪਾਰਟੀਆਂ ਵੋਟਾਂ ਤੋਂ ਇੱਕ ਦਿਨ ਪਹਿਲਾਂ ਦੂਰ-ਦੁਰਾਡੇ ਦੇ ਪਹਾੜੀ ਪਿੰਡਾਂ ਵਿੱਚ ਪਹੁੰਚ ਜਾਂਦੀਆਂ ਹਨ। ਪੋਲਿੰਗ ਸਟੇਸ਼ਨ 'ਤੇ ਹੀ ਰੁਕਦੀਆਂ ਹਨ। ਖਾਣਾ ਸਕੂਲ ਦੇ ਰਸੋਈਏ ਦੁਆਰਾ ਤਿਆਰ ਕੀਤਾ ਜਾਂਦਾ ਹੈ। ਸਾਰੀਆਂ ਮਸ਼ੀਨਾਂ ਦੀ ਇੱਕ ਦਿਨ ਪਹਿਲਾਂ ਜਾਂਚ ਕੀਤੀ ਜਾਂਦੀ ਹੈ। ਪੋਲਿੰਗ ਕਰਮੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਕਿਸੇ ਵੀ ਤਰ੍ਹਾਂ ਦੇ ਪ੍ਰਬੰਧਾਂ ਵਿੱਚ ਪਿੰਡ ਦੇ ਕਿਸੇ ਵੀ ਵਿਅਕਤੀ ਦੀ ਮਦਦ ਨਾ ਲੈਣ। ਨੈਨੀਤਾਲ ਦੇ ਬੇਤਾਲਘਾਟ ਬਲਾਕ ਦੇ ਪਿੰਡ ਜਿਨੋਲੀ ਦੀ ਪ੍ਰਧਾਨ ਅਨੀਤਾ ਦੇਵੀ ਨੇ ਕਿਹਾ, ਇੱਥੇ 300 ਵੋਟਰ ਹਨ। ਪੋਲਿੰਗ ਬੂਥ ਪਿੰਡ ਤੋਂ 5 ਕਿਲੋਮੀਟਰ ਦੂਰ ਹੈ। ਉਮੀਦਵਾਰਾਂ ਦੇ ਪੋਸਟਰ ਅਤੇ ਬੈਨਰ ਲੈ ਕੇ ਵਰਕਰ ਪ੍ਰਚਾਰ ਕਰਦੇ ਹਨ। ਉਸ ਨੂੰ ਦੇਖ ਕੇ ਵੋਟ ਪਾਉਂਦੇ ਹਨ।

2019 ਦੀਆਂ ਲੋਕ ਸਭਾ ਚੋਣਾਂ ਵਿੱਚ ਦੇਸ਼ ਦੀਆਂ 50 ਸੀਟਾਂ ਅਜਿਹੀਆਂ ਸਨ ਜਿੱਥੇ 50% ਤੋਂ ਘੱਟ ਵੋਟਿੰਗ ਹੋਈ ਸੀ। ਇਸ ਸੂਚੀ 'ਚ ਅਲਮੋੜਾ ਸੀਟ 23ਵੇਂ ਸਥਾਨ 'ਤੇ ਅਤੇ ਗੜ੍ਹਵਾਲ ਸੀਟ 49ਵੇਂ ਸਥਾਨ 'ਤੇ ਸੀ।

ਪੌੜੀ ਦੇ ਜ਼ਿਲ੍ਹਾ ਮੈਜਿਸਟਰੇਟ ਅਸ਼ੀਸ਼ ਚੌਹਾਨ ਗੜ੍ਹਵਾਲੀ ਬੋਲੀ ਵਿੱਚ ਵੋਟਿੰਗ ਜਾਗਰੂਕਤਾ ਸੰਦੇਸ਼ਾਂ ਵਾਲੇ ਪੋਸਟਕਾਰਡ ਲਿਖ ਕੇ ਵੋਟਰਾਂ ਨੂੰ ਭੇਜ ਰਹੇ ਹਨ।

ਇਸ ਲਈ ਅਸੀਂ ਪ੍ਰਚਾਰ ਨਹੀਂ ਕਰ ਸਕਦੇ...

ਉੱਤਰਾਖੰਡ ਇੱਕ ਪਹਾੜੀ ਰਾਜ ਹੈ। ਇੱਥੇ ਪ੍ਰਚਾਰ ਲਈ ਵੱਧ ਤੋਂ ਵੱਧ 15-20 ਦਿਨ ਉਪਲਬਧ ਹਨ। ਜਦੋਂ ਕਿ ਹਰ ਲੋਕ ਸਭਾ ਹਲਕਾ ਲਗਭਗ 250 ਕਿਲੋਮੀਟਰ ਲੰਬਾ ਹੈ। ਅਜਿਹੇ 'ਚ ਉਮੀਦਵਾਰ ਚਾਹੇ ਵੀ ਪਿੰਡ-ਪਿੰਡ ਨਹੀਂ ਜਾ ਸਕਦੇ। ਇੱਥੇ ਵੋਟਿੰਗ ਪ੍ਰਤੀਸ਼ਤ ਹਮੇਸ਼ਾ ਰਾਸ਼ਟਰੀ ਔਸਤ ਤੋਂ ਘੱਟ ਰਹੀ ਹੈ।

# ਸਮਾਜ ਤੇ ਦੇਸ਼ ਨੂੰ ਪ੍ਰਗਤੀਸ਼ੀਲ ਤੇ ਲੋਕ ਪੱਖੀ ਬਣਾਉਣ ਲਈ ਮਹਾਂਪੁਰਖਾਂ ਦੀ ਹੋਂਦ ਅਤਿ-ਜ਼ਰੂਰੀ



ਬ੍ਰਹਮਜਗਦੀਸ਼ ਸਿੰਘ

ਵਿਸ਼ਵ ਦੇ ਧਾਰਮਿਕ ਗ੍ਰੰਥਾਂ ਵਿੱਚ ਮਨੁੱਖ ਦੇ ਨਾਲ-ਨਾਲ ਦੇਵੀ-ਦੇਵਤਿਆਂ ਅਤੇ ਦੈਂਤਾਂ-ਦੈਂਤਣੀਆਂ ਆਦਿ ਦਾ ਵੀ ਭਰਪੂਰ ਜ਼ਿਕਰ ਆਉਂਦਾ ਹੈ। ਬੇਸ਼ੱਕ ਦੇਵਤਿਆਂ ਅਤੇ ਦੈਂਤਾਂ ਦਾ ਵਰਨਣ ਪੌਰਾਣਿਕ-ਵਿਧੀ ਨਾਲ ਹੋਇਆ ਹੈ, ਜਦੋਂ ਕਿ ਮਨੁੱਖ ਇੱਕ ਇਤਿਹਾਸਕ ਵਰਤਾਰਾ ਹੈ, ਪ੍ਰੰਤੂ ਸਾਡੇ ਇੱਧਰ ਪੁਰਾਣ ਅਤੇ ਇਤਿਹਾਸ ਇੱਕ-ਦੂਜੇ ਦੇ ਸਮਾਨਾਂਤਰ ਹੀ ਚੱਲਦੇ ਆਏ ਹਨ, ਬਲਕਿ ਸਾਡਾ ਇਤਿਹਾਸ ਵੀ ਪੌਰਾਣਿਕ ਵਿਧੀ ਦੁਆਰਾ ਲਿਖਿਆ ਜਾਂਦਾ ਰਿਹਾ ਹੈ, ਜਿਸ ਨੂੰ ਵਿਦੇਸ਼ੀ ਇਤਿਹਾਸਕਾਰ ਪ੍ਰਮਾਣਿਕ ਨਹੀਂ ਮੰਨਦੇ। ਭਾਰਤੀ ਧਾਰਮਿਕ ਗ੍ਰੰਥਾਂ ਅਨੁਸਾਰ ਦੇਵਤਿਆਂ, ਦੈਂਤਾਂ ਅਤੇ ਮਨੁੱਖਾਂ ਦਾ ਰਹਿਣ-ਸਥਾਨ ਅੱਡ-ਅੱਡ ਹੈ। ਦੇਵਤੇ ਆਕਾਸ਼-ਲੋਕ ਅਤੇ ਦੈਂਤ ਪਾਤਾਲ ਲੋਕ ਵਿੱਚ ਰਹਿੰਦੇ ਹਨ, ਜਦੋਂ ਕਿ ਮਨੁੱਖਾਂ ਦਾ ਵਸੇਬਾ ਮਾਤ-ਲੋਕ ਵਿੱਚ ਹੈ ਅਤੇ ਇਹ 'ਲੋਕ' ਆਕਾਸ਼ ਅਤੇ ਪਾਤਾਲ ਦੇ ਦਰਮਿਆਨ ਸਥਿਤ ਹੈ। ਸ਼ਾਇਦ ਇਸੇ ਕਾਰਨ ਮਾਤ-ਲੋਕ ਵਿੱਚ ਰਹਿਣ ਵਾਲੇ ਪੁਰਸ਼ਾਂ ਅਤੇ ਇਸਤਰੀਆਂ ਵਿੱਚ ਕਈ ਵਾਰ ਦੇਵਤਿਆਂ ਜਾਂ ਦੈਂਤਾਂ ਦੇ ਗੁਣ-ਔਗੁਣ ਵੀ ਮਿਲ ਜਾਂਦੇ ਹਨ। ਇੱਕ ਇਤਿਹਾਸਕ ਜੀਵ ਹੋਣ ਕਾਰਨ ਪੁਰਸ਼ ਜਾਤੀ ਦਾ ਇਤਿਹਾਸ ਵਾਸਤਵਿਕ ਅਤੇ ਹਕੀਕੀ ਹੈ। ਜੀਵ-ਵਿਗਿਆਨੀਆਂ ਦੇ ਅਨੁਸਾਰ ਮਨੁੱਖ ਮਾਤ-ਲੋਕ ਵਿੱਚ ਪੈਦਾ ਹੋਣ ਵਾਲੀਆਂ ਅਨੇਕ ਜਾਤੀਆਂ (ਪਸ਼ੂ-ਪੰਛੀ ਆਦਿਕ) ਵਿਚੋਂ ਹੌਲੀ-ਹੌਲੀ ਵਿਕਸਿਤ ਹੋਇਆ। ਇਸ ਨੇ ਭਾਸ਼ਾ ਦਾ ਆਵਿਸ਼ਕਾਰ ਕਰ ਲਿਆ ਅਤੇ ਇਸ ਆਵਿਸ਼ਕਾਰ ਦੇ ਕਾਰਨ ਉਹ ਨਿਰੰਤਰ ਵਿਕਾਸ ਅਤੇ ਪ੍ਰਗਤੀ ਕਰਦਾ ਆਇਆ ਹੈ। ਹੋਰ ਜੀਵ-ਜੰਤੂ ਉਸ ਦੇ ਮੁਕਾਬਲੇ ਵਿੱਚ ਕੁਝ ਵੀ ਨਹੀਂ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਉਨ੍ਹਾਂ ਦੀ ਕੋਈ ਨਿੱਖੜਵੀਂ ਭਾਸ਼ਾ ਅਤੇ ਲਿਪੀ ਨਹੀਂ ਹੈ।

ਮਨੁੱਖ ਦਾ ਜਨਮ ਅਤੇ ਜੀਵਨ ਇੱਕ ਕੁਦਰਤੀ ਵਰਤਾਰਾ ਹੈ। ਕੁਦਰਤ ਸ੍ਰਿਸ਼ਟੀ-ਰਚਨਾ ਦੇ ਕੁਝ ਅਟੱਲ ਨਿਯਮਾਂ ਉੱਪਰ ਚੱਲਦੀ ਹੈ। ਇਸ ਵਿੱਚ ਕੁਝ ਵੀ ਆਪਹੁਦਰਾ ਜਾਂ ਅਰਥਹੀਣ ਨਹੀਂ। ਕਿਸੇ ਅਤੇ ਕਿਹੋ ਜਿਹੇ ਮਨੁੱਖ ਨੇ ਕਿੱਥੇ ਜਨਮ ਲੈਣਾ ਹੈ, ਇਸ ਤੱਥ ਨੂੰ ਕੁਦਰਤ ਨਿਰਧਾਰਤ ਕਰਦੀ ਹੈ। ਭਾਵੇਂ ਇਸ ਗੱਲ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਹੋ ਸਕਦਾ ਕਿ ਪੁਰਸ਼ ਦੇ 'ਸਪਰਮ' (ਸ਼ੁਕਰਾਣੂ) ਅਤੇ ਇਸਤਰੀ ਦੇ 'ਅੰਡੇ' ਮਿਲ ਕੇ ਇਕ ਬੱਚੇ ਦੇ ਜਨਮ ਦਾ ਕਾਰਨ ਬਣਦੇ ਹਨ। ਸਾਡੀ ਸ੍ਰਿਸ਼ਟੀ ਵਿੱਚ ਅਨੇਕ ਪ੍ਰਕਾਰ ਦੇ ਲੋਕ (ਆਦਮੀ, ਔਰਤਾਂ) ਵਸਦੇ ਹਨ ਪਰ ਕਿਸੇ ਬੱਚੇ ਨੇ ਕਿਸ ਥਾਂ/ਕਿਸ ਘਰ ਪੈਦਾ ਹੋਣਾ ਹੈ, ਇਸ ਦਾ ਆਖ਼ਰੀ ਫ਼ੈਸਲਾ ਕੁਦਰਤ ਕਰਦੀ ਹੈ। ਕਿਸੇ ਵੀ ਬੱਚੇ ਦਾ ਸੁਭਾਅ ਅਤੇ ਚਰਿੱਤਰ ਦਾ ਵਿਸ਼ਲੇਸ਼ਣ ਕਰਕੇ ਵੇਖ ਲਵੋ ਤਾਂ ਸਾਨੂੰ ਉਸ ਦੇ ਕਿਸੇ ਪਰਿਵਾਰ

(ਬਾਕੀ ਸਫ਼ਾ 30 'ਤੇ)

# ਪੰਜਾਬ ਦੀ ਬਰਬਾਦੀ ਦੇ ਚਿੰਨ੍ਹ ਆਈਲੈਟਸ ਉਦਯੋਗ

ਜਗੀਰ ਸਿੰਘ ਦਿਲਬਰ



ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਆਈਲੈਟਸ ਕੇਂਦਰਾਂ ਦਾ ਇੱਕ ਹੜ੍ਹ ਜਿਹਾ ਆਇਆ ਜਾਪਦਾ ਹੈ। ਵਪਾਰਕ ਸੋਚ ਰੱਖਣ ਵਾਲੇ ਲੋਕਾਂ ਨੇ ਚੱਪੇ ਚੱਪੇ ’ਤੇ ਆਈਲੈਟਸ ਕੇਂਦਰ ਖੋਲ੍ਹਕੇ ਆਪਣੀ ਰੋਜ਼ੀ-ਰੋਟੀ ਦਾ ਜੁਗਾੜ ਬਣਾ ਲਿਆ। ਇਸ ਤਰ੍ਹਾਂ ਇਹ ਇੱਕ ਕਮਾਊ ਧੰਦਾ ਬਣਨ ਦੇ ਨਾਲ ਨਾਲ ਹੋਰ ਵੀ ਬਹੁਤ ਸਾਰੇ ਸਮਾਜਿਕ ਗਿਰਾਵਟ ਵਾਲੇ ਖਤਰਨਾਕ ਕਾਰਨਾਮਿਆਂ ਦੇ ਅੱਡਿਆਂ ਦਾ ਰੂਪ ਵੀ ਧਾਰਨ ਕਰ ਚੁੱਕੇ ਹਨ, ਜਿੱਥੇ ਨੇੜਲੇ ਇਲਾਕੇ ਦੇ ਲੜਕੇ ਲੜਕੀਆਂ ਗਲਤ ਸੰਗਤ ਵਿੱਚ ਪੈ ਕੇ ਬੁਰੀਆਂ ਆਦਤਾਂ ਦੇ ਸ਼ਿਕਾਰ ਹੋ ਰਹੇ ਹਨ। ਇੱਥੇ ਹੀ ਬੱਸ ਨਹੀਂ, ਥਾਂ-ਥਾਂ ਇਹ ਵੀ ਚਰਚਾ ਸੁਣਨ ਨੂੰ ਮਿਲਦੀ ਹੈ ਕਿ ਇੱਥੇ ਆਉਣ ਵਾਲੇ 75 ਫੀਸਦੀ ਤੋਂ ਉੱਪਰ ਲੜਕੇ ਲੜਕੀਆਂ ਕੁਸੰਗਤ ਦੇ ਨਾਲ ਨਾਲ ਹਰ ਤਰ੍ਹਾਂ ਦੇ ਨਸ਼ਿਆਂ ਦੇ ਆਦੀ ਹੋਣ ਤੋਂ ਇਲਾਵਾ ਵੱਡੀ ਪੱਧਰ ’ਤੇ ਨਸ਼ੇ ਇੱਧਰ-ਉੱਧਰ ਭੇਜਣ ਦਾ ਧੰਦਾ ਵੀ ਕਰਦੇ ਨਜ਼ਰ ਆਉਂਦੇ ਹਨ। ਇਹ ਵੀ ਸੁਣਿਆ ਗਿਆ ਹੈ ਆਮ ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਆਈਲੈਟਸ ਵਿੱਚੋਂ ਪਾਸ ਕਰਾਉਣ ਅਤੇ ਚੰਗੇ ਬੈਂਡ ਹਾਸਲ ਕਰਨ ਦੇ ਧੰਦੇ ਵਿੱਚ ਵੀ ਵਿਦਿਆਰਥੀਆਂ ਦਾ ਹਰ ਤਰ੍ਹਾਂ ਨਾਲ ਵੱਡੀ ਪੱਧਰ ’ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਇਹ ਬਿਮਾਰੀ ਇੰਨੀ ਤੇਜ਼ੀ ਨਾਲ ਫੈਲ ਗਈ ਕਿ ਵੱਡੀ ਗਿਣਤੀ ਵਿੱਚ ਇਸ ਅੱਗ ਦੇ ਦਰਿਆ ਵਿੱਚ ਅਖੌਤੀ ਰੰਗਲੇ ਪੰਜਾਬ ਦੀ 75 ਫੀਸਦੀ ਅਬਾਦੀ ਨੇ ਅੱਖਾਂ ਬੰਦ ਕਰਕੇ ਛਾਲ ਮਾਰਕੇ ਆਪਣੇ ਪੁਰਖਿਆਂ ਦੀ ਖ਼ੂਨ ਪਸੀਨੇ ਨਾਲ ਬਣਾਈ ਜਾਇਦਾਦ ਬਰਬਾਦ ਕਰ ਦਿੱਤੀ।

ਅੱਜ ਕੱਲ੍ਹ ਪਿੰਡਾਂ ਦੀਆਂ ਸੱਥਾਂ ਵਿੱਚ ਆਮ ਖੁੰਡ ਚਰਚਾ ਸੁਣਨ ਨੂੰ ਮਿਲੇਗੀ ਕਿ ਫਲਾਣੇ ਲਾਣੇਦਾਰਾਂ ਦਾ ਮੁੰਡਾ ਫਲਾਣੇ ਦੇਸ਼ ਵਿੱਚ ਗਿਆ ਸੀ, ਉਸ ਨੇ ਉਸ ਪਰਿਵਾਰ ਦੀ ਗਰੀਬੀ ਧੋ ਦਿੱਤੀ। ਇਹੀ ਚਰਚਾ ਵੀ ਘਰਾਂ ਵਿੱਚ ਸੁਣਨ ਨੂੰ ਮਿਲਦੀ ਹੈ ਕਿ ਢਿਮਕੇ ਦਾ ਮੁੰਡਾ ਕੈਨੇਡਾ ਗਿਆ ਸੀ, ਸੁਣਿਆ ਹੈ, ਉੱਥੇ ਉਸ ਨੇ ਟਰਾਲੇ ਪਾ ਲਏ ਹਨ, ਕਰੋੜਾਂ ਦਾ ਮਾਲਕ ਹੈ। ਇਹ ਵੀ ਸੁਣਿਆ ਹੈ ਕਿ ਫਿੱਡਿਆਂ ਦੇ ਦੀਪੇ ਦਾ ਘੁੰਨਾ ਅਤੇ ਤੋਤੀ ਘੁਮਿਆਰ ਦਾ ਮੁੰਡਾ ਠੋਲੂ ਆਸਟਰੇਲੀਆ ਗਏ ਸਨ, ਉਨ੍ਹਾਂ ਨੇ ਮਾਪਿਆਂ ਦੀ ਜ਼ਿੰਦਗੀ ਸੁਧਾਰ ਦਿੱਤੀ ਹੈ। ਹੁਣ ਜਦੋਂ ਵੀ ਉਹ ਡਾਲਰਾਂ ਦੀਆਂ ਪੰਡਾਂ ਬੰਨ੍ਹ ਕੇ ਪਿੰਡ ਆਉਂਦੇ ਹਨ ਤਾਂ ਦੋ ਦੋ ਮਹੀਨੇ ਕਾਰਾਂ ਲੈ ਕੇ ਅਤੇ ਪੰਜ ਪੰਜ ਲੀਟਰਾਂ ਦੀਆਂ ਅੰਗਰੇਜ਼ੀ ਦਾਰੂ ਦੀਆਂ ਬੋਤਲਾਂ ਲੈ ਕੇ ਆਪਣੇ ਘਰ ਦੇ ਬਜ਼ੁਰਗਾਂ ਅਤੇ ਦੋਸਤਾਂ, ਮਿੱਤਰਾਂ ਦੇ ਨਾਲ ਨਾਲ ਆਪਣੇ ਰਿਸ਼ਤੇਦਾਰਾਂ ਨੂੰ ਮੌਜਾਂ ਦੇ ਝੂਟੇ ਦਿਵਾਉਂਦੇ ਨਜ਼ਰ ਆਉਂਦੇ ਹਨ।

ਇਹ ਖੁੰਡ ਚਰਚਾ ਦੀਆਂ ਗੱਲਾਂ ਅਤੇ ਰੀਸ ਦੀ ਅੱਗ ਦਾ ਸੇਕ ਆਮ ਘਰਾਂ ਦੀਆਂ ਦਹਿਲੀਜ਼ਾਂ ਦੀਆਂ ਵਿੱਥਾਂ ਵਿੱਚ ਰਿਗ ਵੀਜਤਦੀ ਦਾਖਲ ਹੋ ਕੇ ਹਜ਼ਾਰਾਂ ਘਰਾਂ ਨੂੰ ਆਪਣੇ ਬੱਚੇ ਬਾਹਰ ਭੇਜਣ ਲਈ ਮਜਬੂਰ ਕਰ ਦਿੰਦਾ ਹੈ। ਇਸ ਤੋਂ ਇਲਾਵਾ ਜੋ ਲੜਕੇ ਲੜਕੀਆਂ ਕੁਝ ਸਮਾਂ ਵਿਦੇਸ਼ਾਂ ਵਿੱਚ ਰਹਿਕੇ ਕਿਸੇ ਕਾਰਨ ਵਾਪਸ ਦੇਸ਼ ਆਉਂਦੇਹਨ, ਉਹ ਬਲਦੀ ਅੱਗ ’ਤੇ ਤੇਲ ਪਾਉਣ ਦਾ ਵਧੇਰੇ ਕੰਮ ਕਰਦੇ ਹਨ। ਉਹ ਜਦੋਂ ਵੀ ਦੇਸ਼ ਆਉਂਦੇ ਹਨ ਤਾਂ ਆਪਣੀ ਫੋਕੀ ਟੌਹਰ ਸਾਬਤ ਕਰਨ ਲਈ ਜਿਸ ਵੀ ਹਵਾਈ ਅੱਡੇ ਉੱਪਰ ਉੱਤਰਦੇ ਹਨ, ਹਵਾਈ ਅੱਡੇ ਦੇ ਬਾਹਰ ਖੁੱਲ੍ਹੀਆਂ ਨਕਲੀ ਵਿਦੇਸ਼ੀ ਕੱਪੜਿਆਂ ਦੀਆਂ ਦੁਕਾਨਾਂ ਤੋਂ ਵਿਦੇਸ਼ੀ ਮਾਰਕਾ ਚੀਜ਼ਾਂ ਸਸਤੀ ਕੀਮਤ ’ਤੇ ਖਰੀਦਕੇ ਬੈਗ ਭਰ ਲਿਆਉਂਦੇ ਹਨ, ਜਿਨ੍ਹਾਂ ਨੂੰ ਖੁਦ ਪਹਿਨਕੇ ਅਤੇ ਆਪਣੇ ਦੋਸਤਾਂ ਮਿੱਤਰਾਂ ਰਿਸ਼ਤੇਦਾਰਾਂ ਵਿੱਚ ਫੋਕੀ ਭੱਲ ਬਣਾਉਣ ਲਈ ਵੰਡਦੇ ਵੀ ਹਨ।

ਇੱਥੇ ਹੀ ਬੱਸ ਨਹੀਂ, ਬਹੁਤ ਸਾਰੇ ਬੱਚੇ ਤਾਂ ਵਿਦੇਸ਼ਾਂ ਵਿੱਚ ਆਪਣੇ ਵੱਲੋਂ ਡਾਲਰਾਂ ਦੇ ਰੂਪ ਕੀਤੀ ਜਾਂਦੀ ਕਮਾਈ ਜ਼ਾਹਰ ਕਰਨ ਲਈ ਹਵਾਈ ਅੱਡਿਆਂ ਦੇ ਬਾਹਰ ਨਕਲੀ ਸੋਨੇ ਅਤੇ ਹੀਰਿਆਂ ਦੀਆਂ ਦੁਕਾਨਾਂ ਤੋਂ ਸਸਤੇ ਰੇਟਾਂ ’ਤੇ ਖਰੀਦਕੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਵਿੱਚ ਜਗਤ ਵਿਖਾਵੇ ਦੇ ਡਰਾਮੇ ਕਰਕੇ ਗੁਮਰਾਹ ਵੀ ਕਰਦੇ ਹਨ। ਲੜਕੇ ਤਾਂ ਬਿਨਾਂ ਆਬਕਾਰੀ ਟੈਕਸ ਤੋਂ ਹਵਾਈ ਅੱਡਿਆਂ ਵਿੱਚ ਮਿਲਦੀ ਕੋਈ ਸਸਤੀ ਵਿਸਕੀ ਦੀ ਪੰਜ ਲੀਟਰ ਵਾਲੀ ਬੋਤਲ ਲੈਕੇ ਆਪਣੇ ਘਰੇ ਹੀ ਦੋ ਦਿਨਾਂ ਵਿੱਚ ਪੀ ਕੇ ਫਿਰ ਉਸੇ ਵਿਦੇਸ਼ੀ ਵਿਸਕੀ ਵਾਲੀ ਪੰਜ ਲੀਟਰ ਦੀ ਬੋਤਲ ਵਿੱਚ ਆਪਣੇ ਦੇਸ਼ ਦੀ ਬਣੀ ਘਟੀਆ ਤੋਂ ਘਟੀਆ ਵਿਸਕੀ ਭਰਕੇ, ਵਿਦੇਸ਼ੀ ਵਿਸਕੀ ਕਹਿਕੇ, ਕਿਰਾਏ ’ਤੇ ਲੈ ਕੇ ਜਾਂ ਕੋਈ ਆਪਣੀ ਘਰੇ ਖੜ੍ਹੀ ਖਟਾਰਾ ਜਿਹੀ ਕਾਰ ਵਿੱਚ ਬੈਠਕੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਖਾਸ ਕਰਕੇ ਉਨ੍ਹਾਂ ਲੋਕਾਂ ਪਾਸ ਚੱਕਰ ਲਾਉਂਦੇ ਹਨ, ਜਿਹੜੇ ਉਸ ਦੇ ਵਿਦੇਸ਼ ਜਾਣ ’ਤੇ ਈਰਖਾ ਕਰਦੇ ਸਨ ਜਾਂ ਮਖੌਲ ਉਡਾਉਂਦੇ ਸਨ। ਇਸ ਤਰ੍ਹਾਂ ਇਨ੍ਹਾਂ ਵਿਦੇਸ਼ੋਂ ਆਏ ਲੜਕੇ ਲੜਕੀਆਂ ਦੀ ਨਕਲੀ ਅਮੀਰੀ ਅਤੇ ਫੋਕੀ ਚਕਾਚੌਂਧ ਨੂੰ ਵੇਖਕੇ ਉਨ੍ਹਾਂ ਅਤੇ ਉਨ੍ਹਾਂ ਦੇ ਮਾਪਿਆ ਅੰਦਰ ਇੱਕ ਉਤਸੁਕਤਾ ਜਾਂ ਖ਼ਾਹਿਸ਼ ਪੈਦਾ ਹੁੰਦੀ ਹੈ। ਇਸ ਫੋਕੀ ਅਤੇ ਨਕਲੀ ਸ਼ੋਹਰਤ ਨੂੰ ਹਾਸਲ ਕਰਨ ਲਈ ਮਾਪੇ ਅਤੇ ਬੱਚੇ ਹਰ ਕੀਮਤ ’ਤੇ ਵਿਦੇਸ਼ ਜਾਣ ਲਈ ਆਪਣਾ ਅਤੇ ਆਪਣੇ ਮਾਪਿਆਂ ਦਾ ਸਭ ਕੁਝ ਦਾਅ ’ਤੇ ਲਾ ਦਿੰਦੇ ਹਨ। ਇੱਥੋਂ ਤਕ ਕਿ ਬੱਚੇ +2 (ਬਾਰ੍ਹਵੀਂ) ਪਾਸ ਕਰਦੇ ਹੀ ਆਈਲੈਟਸ ਦੇ ਅਗਨੀ ਦਰਿਆ ਵਿੱਚ ਛਾਲ਼ ਮਾਰ ਦਿੰਦੇ ਹਨ ਅਤੇ ਪੁਰਖਿਆਂ ਦੀ ਖ਼ੂਨ ਪਸੀਨੇ ਨਾਲ ਬਣਾਈ ਜਾਇਦਾਦ ਅਤੇ ਹੋਰ ਘਰ ਦੀ ਹਰ ਕੀਮਤੀ ਚੀਜ਼ ਵੇਚ ਕੇ ਵਿਦੇਸ਼ ਭੇਜਣ ਲਈ ਤਿਆਰੀ ਕਰ ਲੈਂਦੇ ਹਨ। ਇੰਝ 70% ਬੱਚਿਆਂ ਅਤੇ ਪਰਿਵਾਰਾਂ ਦੀ ਬਰਬਾਦੀ ਦਾ ਮੁੱਢ ਬੱਝ ਜਾਂਦਾ ਹੈ।

ਅੱਜ ਲੋੜ ਹੈ ਸਾਨੂੰ ਉਪਰੋਕਤ ਹਾਲਾਤ ਦੇ ਪੈਦਾ ਹੋਣ ਦੇ ਮੁੱਖ ਕਾਰਨਾਂ ਦੀ ਗੰਭੀਰਤਾ ਨਾਲ ਪੜਤਾਲ ਅਤੇ ਘੋਖ ਕਰਨ ਦੀ ਕਿ ਪੰਜਾਬ ਵਰਗੀ ਦੁਨੀਆਂ ਦੀ ਸਭ ਤੋਂ ਉਪਜਾਊ ਅਤੇ ਹਰ ਤਰ੍ਹਾਂ ਦੇ ਜਲਵਾਯੂ ਦੀ ਵਿਲੱਖਣਤਾ ਨਾਲ ਭਰਭੂਰ ਧਰਤੀ ਦੇ ਲੋਕ ਇੰਨੀ ਤੇਜ਼ੀ ਅਤੇ ਬੇਸਬਰੀ ਨਾਲ ਇੱਥੋਂ ਦੌੜ ਕਿਉਂ ਰਹੇ ਹਨ। ਜਦੋਂ ਵੀ ਕੋਈ ਬੁੱਧੀਮਾਨ ਜਾਂ ਚਿੰਤਕ ਆਦਮੀ ਇਸ ਗੱਲ ਦੀ ਤਹਿ ਤਕ ਜਾ ਕੇ ਪੜਤਾਲ ਕਰੇਗਾ ਤਾਂ ਇਹ ਗੱਲ ਖੁੱਲ੍ਹਕੇ ਸਾਹਮਣੇ ਆਵੇਗੀ ਕਿ ਪੰਜਾਬ ਦੇ ਲੜਕੇ-ਲੜਕੀਆਂ ਦਾ ਇਸ ਤਰ੍ਹਾਂ ਤੇਜ਼ੀ ਨਾਲ ਵਿਦੇਸ਼ਾਂ ਵੱਲ ਦੌੜਨ ਦਾ ਮੁੱਖ ਕਾਰਨ ਸਾਡੀਆਂ ਹੁਣ ਤਕ ਦੀਆਂ ਸਰਕਾਰਾਂ ਦਾ ਆਪਣੇ ਨਿੱਜੀ ਹਿਤਾਂ ਲਈ ਰਾਜ ਗੱਦੀਆਂ ’ਤੇ ਬਿਰਾਜ਼ਮਾਨ ਹੋਣਾ ਅਤੇ ਬੇਰੁਜ਼ਗਾਰ ਬੱਚਿਆਂ ਦੇ ਭਵਿੱਖ ਵੱਲ ਧਿਆਨ ਹੀ ਨਾ ਦੇਣਾ, ਸਿਰ਼ਫ ਅਤੇ ਸਿਰਫ ਆਪਣੇ ਲਈ ਜਾਂ ਆਪਣੇ ਸਕੇ ਸੰਬੰਧੀਆਂ ਦੇ ਨਾਲ ਨਾਲ ਆਪਣੇ ਚਮਚਿਆਂ, ਚਹੇਤਿਆਂ ਦੀ ਮਦਦ ਨਾਲ ਸਰਕਾਰੀ ਪੈਸਾ ਹੜੱਪ ਕਰਨਾ ਹੈ। ਇਸ ਤੋਂ ਇਲਾਵਾ ਇੱਕ ਹੋਰ ਕਰਨ ਕੁਝ ਸਾਲਾਂ ਬਾਅਦ ਵਿਦੇਸ਼ੋਂ ਆਏ ਲੜਕੇ-ਲੜਕੀਆਂ ਵੱਲੋਂ ਵਿਦੇਸ਼ਾਂ ਬਾਰੇ ਉੱਥੋਂ ਦੇ ਰਹਿਣ ਸਹਿਣ, ਕਮਾਈ ਅਤੇ ਉੱਥੋਂ ਦੀ ਐਸ਼ਪ੍ਰਸਤ ਜ਼ਿੰਦਗੀ ਦੀਆਂ ਰੰਗੀਨੀਆਂ ਦੇ ਨਾਲ ਨਾਲ ਬਹੁਤ ਸਾਰੇ ਹੋਰ ਤੱਥਾਂ ਦੀਆਂ ਦਿਲਕਸ਼ ਗੱਲਾਂ ਨੂੰ ਵਧਾ ਚੜ੍ਹਾ ਕੇ ਗਲਤ ਤੱਥਾਂ ਨੂੰ ਵੀ ਚੰਗੇ ਕਹਿ ਕੇ ਪੇਸ਼ ਕਰਨਾ ਹੈ। ਉਨ੍ਹਾਂ ਵੱਲੋਂ ਖਰਚਿਆਂ ਅਤੇ ਆਪਣੇ ਕਾਰੋਬਾਰੀ ਕਿੱਤੇ, ਆਮਦਨ ਅਤੇ ਹੋਰ ਚੀਜ਼ਾਂ ਦੀ ਆਜ਼ਾਦੀ ਦੀਆਂ ਗੱਲਾਂ ਕੁਝ ਆਪਣੇ ਕੋਲੋਂ ਲਾ ਕੇ ਵੀ ਬੱਚਿਆਂ ਅੰਦਰ ਵਿਦੇਸ਼ਾਂ ਵਿੱਚ ਜਾਣ ਦੀ ਚਟਕ ਲਾਉਣਾ ਵੀ ਬੱਚਿਆਂ ਨੂੰ ਵਿਦੇਸ਼ਾਂ ਵੱਲ ਖਿੱਚ ਦਾ ਇੱਕ ਵੱਡਾ ਕਾਰਨ ਹੈ। ਬਾਹਰੋਂ ਆਏ ਬੱਚੇ ਜਦੋਂ ਇੱਧਰ ਆਕੇ ਆਪਣੀ ਫੋਕੀ ਟੌਹਰ ਦਾ ਵਿਖਾਵਾ ਕਰਦੇ ਹਨ ਤਾਂ ਇਹ ਚਮਕ ਦਮਕ ਜਾਂ ਚਕਾਚੌਂਧ ਵੇਖਕੇ ਵੀ ਬੱਚੇ ਇਸ ਅੱਗ ਦੇ ਦਰਿਆ ਵਿੱਚ ਆਪਣਾ ਜੀਵਨ ਪਾਰ ਲਾਉਣ ਵਾਲੀ ਕਿਸ਼ਤੀ ਨੂੰ ਠੇਲ੍ਹ ਦਿੰਦੇ ਹਨ। ਇਸ ਕੰਮ ਵਿੱਚ ਭੇਡਚਾਲ ਦੀ ਬਿਮਾਰੀ ਵੀ ਬੱਚਿਆਂ ਨੂੰ ਵੱਡੀ ਗਿਣਤੀ ਵਿੱਚ ਖਿੱਚ ਦਾ ਕਾਰਨ ਬਣਾ ਰਹੀ ਹੈ।

ਉਪਰੋਕਤ ਹਾਲਾਤ ਉੱਪਰ ਕਾਬੂ ਪਾਉਣ ਲਈ ਮੌਕੇ ਦੀਆਂ ਸਰਕਾਰਾਂ ਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ ਅਤੇ ਬੱਚਿਆਂ ਨੂੰ ਹਰ ਖੇਤਰ ਵਿੱਚ ਰੋਜ਼ਗਾਰ ਦਾ ਪ੍ਰਬੰਧ ਕਰਨ ਦੇ ਨਾਲ ਨਾਲ ਸੂਬੇ ਵਿੱਚ ਨਿੱਤ ਨਵੇਂ ਖੁੰਬਾਂ ਦੀ ਤਰ੍ਹਾਂ ਉੱਘ ਰਹੇ ਆਈਲੈਟਸ ਕੇਂਦਰਾਂ ’ਤੇ ਪਾਬੰਦੀ ਲਗਾਉਣੀ ਚਾਹੀਦੀ ਹੈ ਅਤੇ ਪਹਿਲਾਂ ਖੁੱਲ੍ਹ ਚੁੱਕਿਆਂ ਉੱਪਰ ਸਖ਼ਤ ਸ਼ਰਤਾਂ ਤਹਿਤ ਪਾਬੰਦੀਆਂ ਲਾ ਦੇਣੀਆਂ ਚਾਹੀਦੀਆਂ ਹਨ ਕਿ ਉਹ ਸਾਲ ਵਿੱਚ ਇਸ ਤੋਂ ਜ਼ਿਆਦਾ ਬੱਚੇ ਦਾਖ਼ਲ ਨਹੀਂ ਕਰ ਸਕਦੇ। ਜੇਕਰ ਇਸ ਤਰ੍ਹਾਂ ਜਲਦੀ ਨਾ ਕੀਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਇੰਝ ਨਜ਼ਰ ਆਵੇਗਾ ਜਿਵੇਂ ਬੇਮੌਸਮੀ ਬਾਰਸ਼ ਪੈਣ ਕਾਰਨ ਕਿਸਾਨ ਦੇ ਕਣਕ ਦੇ ਖੇਤ ਵਿੱਚ ਉਜਾੜੇ ਜਾਂ ਫਸਲ ਦੀ ਬਰਬਾਦੀ ਦੇ ਚਿੰਨ੍ਹ ਨਜ਼ਰ ਆਉਂਦੇ ਹਨ। ਮੇਰਾ ਸੁਝਾਉ ਜਲਦੀ ਧਿਆਨ ਮੰਗਦਾ ਹੈ। ਜੇ ਚਿੜੀਆਂ ਖੇਤ ਹੀ ਚੁਗ ਗਈਆਂ ਤਾਂ ਫਿਰ ਪਛਤਾਉਣ ਨਾਲ ਕੁਝ ਵੀ ਪੱਲੇ ਨਹੀਂ ਪਵੇਗਾ।

# ਪੰਜਾਬ ਵਿੱਚ ਆਮ ਚੋਣਾਂ ਤੋਂ ਪਹਿਲਾਂ ਦਾ ਪਰਿਦ੍ਰਿਸ਼





ਰਣਜੀਤ ਸਿੰਘ ਕੁਕੀ

ਪੰਜਾਬ, ਜਿਸ ਨੂੰ ਅਕਸਰ ਭਾਰਤ ਦੇ ਰਾਜਨੀਤਿਕ ਲੈਂਡਸਕੇਪ ਦਾ ਕੇਂਦਰ ਕਿਹਾ ਜਾਂਦਾ ਹੈ, ਆਮ ਚੋਣਾਂ ਲਈ ਤਿਆਰੀ ਕਰ ਰਿਹਾ ਹੈ ਜਿਸ ਵਿੱਚ ਤਿੱਖੀ ਟੱਕਰ ਦੀ ਸੰਭਾਵਨਾ ਹੈ। ਜ਼ਿਆਦਾਤਰ ਹਲਕਿਆਂ ’ਚ ਪੰਜ- ਕੋਣੀ ਮੁਕਾਬਲਾ ਹੋਣ ਨਾਲ ਸੂਬੇ ’ਚ ਸਿਆਸੀ ਸਰਗਰਮੀ ਮੁੜ ਸੁਰਜੀਤ ਹੋ ਰਹੀ ਹੈ। ਰਾਜਨੀਤੀ ਮਹੱਤਵਪੂਰਨ ਤਬਦੀਲੀਆਂ ਵਿੱਚੋਂ ਲੰਘ ਰਹੀ ਹੈ ਅਤੇ ਇੱਕ ਵਿਲੱਖਣ, ਬਹੁਪੱਖੀ ਤਸਵੀਰ ਪੇਸ਼ ਕਰ ਰਹੀ ਹੈ, ਕਿਉਂਕਿ ਪਹਿਲੀ ਵਾਰ, ਭਾਜਪਾ ਸੁਤੰਤਰ ਤੌਰ ’ਤੇ ਸੱਤਾ ਅਤੇ ਪ੍ਰਸੰਗਿਕਤਾ ਲਈ ਲੜ ਰਹੀ ਹੈ। ਰਾਜ ਦੇ ਸਿਆਸੀ ਅਖਾੜੇ ਵਿੱਚ ਆਮ ਆਦਮੀ ਪਾਰਟੀ (ਆਪ), ਇੰਡੀਅਨ ਨੈਸ਼ਨਲ ਕਾਂਗਰਸ (ਆਈਐਨਸੀ),

ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਦਬਦਬਾ ਹੈ। ਰਵਾਇਤੀ ਤੌਰ ’ਤੇ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪ੍ਰਮੁੱਖ ਖਿਡਾਰੀ ਰਹੇ ਹਨ, ਹਰੇਕ ਦੇ ਵਫ਼ਾਦਾਰ ਵੋਟਰ ਆਧਾਰ ਹਨ। ਹਾਲਾਂਕਿ, ਹਾਲ ਹੀ ਦੇ ਸਾਲਾਂ ਵਿੱਚ ‘ਆਪ’ ਦੇ ਉਭਾਰ, ਖਾਸ ਤੌਰ ’ਤੇ 2022 ਵਿੱਚ ਇਸਦੀ ਜਿੱਤ ਨਾਲ, ਪੰਜਾਬ ਦੇ ਸਿਆਸੀ ਦ੍ਰਿਸ਼ ਵਿੱਚ ਇੱਕ ਨਵੀਂ ਗਤੀਸ਼ੀਲਤਾ ਪੈਦਾ ਹੋਈ ਹੈ। ਇਸ ਵਾਰ ਬਸਪਾ ਅਕਾਲੀ ਦਲ ਨਾਲ ਗਠਜੋੜ ਖ਼ਤਮ ਕਰਕੇ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰ ਰਹੀ ਹੈ।

ਪੰਜਾਬ ਵਿੱਚ ਗੱਠਜੋੜ ਦੀ ਰਾਜਨੀਤੀ ਆਮ ਹੈ, ਅਤੇ ਚੋਣਾਂ ਤੋਂ ਪਹਿਲਾਂ ਦੀਆਂ ਚਾਲਾਂ ਵਿੱਚ ਅਕਸਰ ਗਠਜੋੜ ਅਤੇ ਰਣਨੀਤਕ ਭਾਈਵਾਲੀ ਸ਼ਾਮਲ ਹੁੰਦੀ ਹੈ ਪਰ ਇਸ ਵਾਰ ਨਹੀਂ। ਇਤਿਹਾਸਕ ਤੌਰ ’ਤੇ ਅਕਾਲੀ ਦਲ ਅਤੇ ਭਾਜਪਾ ਦਾ ਲੰਬੇ ਸਮੇਂ ਤੋਂ ਗਠਜੋੜ ਰਿਹਾ ਹੈ। 2020 ਵਿੱਚ ਕਿਸਾਨਾਂ ਦੇ ਦਿੱਲੀ ਅੰਦੋਲਨ ਦੌਰਾਨ ਉਨ੍ਹਾਂ ਦੇ ਸਬੰਧਾਂ ਵਿੱਚ ਤਣਾਅ ਪੈਦਾ ਹੋ ਗਿਆ ਸੀ ਅਤੇ ਇੱਕ ਦੂਜੇ ਤੋਂ

ਆਜ਼ਾਦ ਤੌਰ ’ਤੇ ਚੋਣ ਲੜਨਗੇ। ਇਸ ਦੇ ਨਾਲ ਹੀ, ਰਾਸ਼ਟਰੀ ਪੱਧਰ ’ਤੇ ਇੰਡੀਆ ਗਠਜੋੜ ਬਣਨ ਦੇ ਬਾਵਜੂਦ, ਕਾਂਗਰਸ ਅਤੇ ‘ਆਪ’ ਦਾ ਸੂਬਾ ਪੱਧਰ ’ਤੇ ਕੋਈ ਗਠਜੋੜ ਨਹੀਂ ਹੋਵੇਗਾ। ਕਿਸਾਨੀ ਨੂੰ ਨਾਰਾਜ਼ ਕਰਨ ਵਾਲੇ ਇਤਿਹਾਸਕ ਸਾਲ ਭਰ ਚੱਲੇ ਦਿੱਲੀ ਧਰਨੇ ਦੌਰਾਨ ਕੇਂਦਰ ਸਰਕਾਰ ਵੱਲੋਂ ਕੀਤੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹਿਣ ਵਿਰੁੱਧ ਚੱਲ ਰਹੇ ਕਿਸਾਨ ਪ੍ਰਦਰਸ਼ਨਾਂ ਦਾ ਪੰਜਾਬ ਦੀਆਂ ਆਮ ਚੋਣਾਂ ਦੇ ਦ੍ਰਿਸ਼ਟੀਕੋਣ ’ਤੇ ਕਾਫੀ ਅਸਰ ਪਵੇਗਾ। ਪਾਰਟੀਆਂ ਵੱਲੋਂ ਮੁੱਖ ਤੌਰ ’ਤੇ ਸੱਤਾਧਾਰੀ ‘ਆਪ’ ਦੀ ਕਾਰਗੁਜ਼ਾਰੀ ਤੋਂ ਇਲਾਵਾ ਕਿਸਾਨੀ ਮੰਗਾਂ ਪ੍ਰਤੀ ਉਨ੍ਹਾਂ ਦੇ ਰੁਖ਼ ਅਤੇ ਸਮਰਥਨ ਤੇ ਪ੍ਰੀਖਿਆ ਜਾ ਰਹੀ ਹੈ, ਜੋ ਕਿ ਪੰਜਾਬ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦਾ ਲਿਟਮਸ ਟੈਸਟ ਹੋਵੇਗਾ।

ਕੁੰਵਰ ਵਿਜੇ ਪ੍ਰਤਾਪ ਨੇ ਆਪਣੇ ਹੀ ਰਾਜ ਸਭਾ ਮੈਂਬਰ ਰਾਘਵ ਚੱਢਾ ’ਤੇ ਸੂਬੇ ’ਚ ਨਸ਼ੀਲੇ ਪਦਾਰਥਾਂ ਦੀ ਵਿਕਰੀ ’ਚ ਅਸਿੱਧੇ ਤੌਰ ’ਤੇ ਸ਼ਾਮਲ ਹੋਣ ਦਾ ਦੋਸ਼ ਲਾਉਂਦਿਆਂ ਨੌਜਵਾਨਾਂ ’ਚ ਨਸ਼ਿਆਂ ਦੀ ਦੁਰਵਰਤੋਂ ਦਾ ਮਾਮਲਾ ਸਾਹਮਣੇ ਆਇਆ ਹੈ । ਪਿਛਲੇ ਹਫ਼ਤੇ ਉਨ੍ਹਾਂ ਨੇ ਇੱਕ ਜਨਤਕ ਰੈਲੀ ਵਿੱਚ ਦੋਸ਼ ਲਾਇਆ ਸੀ ਕਿ ਅੰਮ੍ਰਿਤਸਰ ਵਿੱਚ ਤਾਇਨਾਤ ਦੋ ਪੁਲਿਸ ਅਧਿਕਾਰੀ ਨਸ਼ਾ ਤਸਕਰਾਂ

ਨਾਲ ਇੱਕਮਿੱਕ ਹਨ। ਲੋਕਾਂ ਨੂੰ ਯਾਦ ਹੈ ਕਿ ‘ਆਪ’ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਸੀ ਕਿ ਜੇਕਰ ਪਾਰਟੀ ਦੀ ਸੂਬੇ ’ਚ ਸਰਕਾਰ ਬਣੀ ਤਾਂ ਇੱਕ ਮਹੀਨੇ ’ਚ ਨਸ਼ਾ ਖਤਮ ਹੋ ਜਾਵੇਗਾ। ਕਈ ਹੋਰ ਰਾਜਾਂ ਵਾਂਗ, ਪੰਜਾਬ ਵੀ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਿਹਾ ਹੈ, ਖਾਸ ਕਰਕੇ ਨੌਜਵਾਨਾਂ ਵਿੱਚ। ਪਿਛਲੇ ਪੰਦਰਾਂ ਸਾਲਾਂ ਤੋਂ ਸਰਕਾਰੀ ਮਹਿਕਮਿਆਂ ਵਿੱਚ ਰੈਗੂਲਰ ਭਰਤੀ ਨਾ-ਮਾਤਰ ਹੀ ਰਹੀ ਹੈ। ‘ਆਪ’ ਦੇ ਸੱਤਾ ’ਚ ਆਉਣ ਤੋਂ ਬਾਅਦ ਹੀ ਰੈਗੂਲਰ ਨੌਕਰੀਆਂ ਦਾ ਇਸ਼ਤਿਹਾਰ ਦਿੱਤਾ ਗਿਆ, ਜਿਸ ਨਾਲ ‘ਆਪ’ ਨੂੰ ਕੁਝ ਹੱਦ ਤੱਕ ਮਦਦ ਮਿਲਣ ਦੀ ਸੰਭਾਵਨਾ ਹੈ। ਪਾਰਟੀਆਂ ਨੂੰ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਆਪਣੀ ਲੰਬੀ ਮਿਆਦ ਦੀ ਨੀਤੀ ਦਾ ਐਲਾਨ ਕਰਕੇ ਇਸ ਮੁੱਦੇ ਨੂੰ ਹੱਲ ਕਰਨ ਦੀ ਲੋੜ ਹੋਵੇਗੀ।

ਪੰਜਾਬ ਦੇ ਵਿਭਿੰਨ ਅਤੇ ਸਿਆਸੀ ਤੌਰ ’ਤੇ ਜਾਗਰੂਕ ਵੋਟਰਾਂ ਨੂੰ ਦੇਖਦੇ ਹੋਏ, ਪਾਰਟੀਆਂ ਤੋਂ ਰਵਾਇਤੀ ਅਤੇ ਆਧੁਨਿਕ ਪ੍ਰਚਾਰ ਰਣਨੀਤੀਆਂ ਦਾ ਮਿਸ਼ਰਣ ਅਪਣਾਉਣ ਦੀ ਉਮੀਦ ਕੀਤੀ ਜਾਂਦੀ ਹੈ। ਜਨਤਕ ਰੈਲੀਆਂ, ਘਰ-ਘਰ ਪ੍ਰਚਾਰ ਕਰਨਾ ਅਤੇ ਗਲੀ-ਮੁਹੱਲੇ ਦੀਆਂ ਮੀਟਿੰਗਾਂ ਵਰਗੇ ਰਵਾਇਤੀ ਤਰੀਕੇ ਪ੍ਰਸਿੱਧ ਹਨ, ਇਸ ਦੇ ਨਾਲ ਹੀ ਪਾਰਟੀਆਂ ਨੌਜਵਾਨ ਦਰਸ਼ਕਾਂ ਤੱਕ ਪਹੁੰਚਣ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਦਾ ਵੀ ਲਾਭ ਉਠਾ ਰਹੀਆਂ ਹਨ। ਉਮੀਦਵਾਰਾਂ ਦੀ ਚੋਣ ਉਨ੍ਹਾਂ ਦੀ ਪ੍ਰਸਿੱਧੀ ਅਤੇ ਜਿੱਤਣ ਲਈ ਪੈਸਾ ਖਰਚ ਕਰਨ ਦੀ ਯੋਗਤਾ ਦੇ ਆਧਾਰ ’ਤੇ ਕੀਤੀ ਜਾ ਰਹੀ ਹੈ। ਭਰੋਸੇਯੋਗਤਾ ਅਤੇ ਇਮਾਨਦਾਰੀ ਦੇ ਕਾਰਕ ਨੂੰ ਭੁਲਾ ਦਿੱਤਾ ਗਿਆ ਹੈ। ਪਾਰਟੀਆਂ ਦੁਆਰਾ ਸਹੀ ਜਾਂ ਗਲਤ, ਮਜ਼ਬੂਤ

ਮੌਜੂਦਗੀ ਪ੍ਰਦਰਸ਼ਿਤ ਕਰਨ ਵਾਲੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪੰਜਾਬ ਵਿੱਚ ਚੋਣਾਂ ਤੋਂ ਪਹਿਲਾਂ ਦੀ ਸਿਆਸੀ ਸਥਿਤੀ ਤਿੱਖੀ ਪ੍ਰਤੀਯੋਗਤਾ, ਵਫ਼ਾਦਾਰੀ ਬਦਲਣ ਅਤੇ ਭਾਵਨਾਤਮਕ ਮੁੱਦਿਆਂ ’ਤੇ ਕੇਂਦਰਿਤ ਹੈ, ਨਾ ਕਿ ਅਸਲ ਮੁੱਦਿਆਂ ’ਤੇ, ਜੋ ਕਿ ਵੋਟਰਾਂ ਨਾਲ ਪਲ-ਪਲ ਗੂੰਜਦੇ ਹਨ। ਜਿਵੇਂ-ਜਿਵੇਂ

ਪਾਰਟੀਆਂ ਚੋਣਾਂ ਲਈ ਤਿਆਰੀ ਕਰ ਰਹੀਆਂ ਹਨ, ਦਾਅ ਵੀ ਉੱਚੇ ਹਨ, ਅਤੇ ਨਤੀਜੇ ਪੰਜਾਬ ਦੀ ਮੌਜੂਦਾ ਸੱਤਾਧਾਰੀ ਪਾਰਟੀ, ‘ਆਪ’ ਲਈ ਦੂਰਗਾਮੀ ਪ੍ਰਭਾਵ ਪਾਉਣਗੇ। ਜਦੋਂ ਕਿ ਅਕਾਲੀ ਦਲ ਅਤੇ ਕਾਂਗਰਸ ਵਰਗੀਆਂ ਰਵਾਇਤੀ ਪਾਰਟੀਆਂ ਨੇ ਆਪਣਾ ਗੜ੍ਹ ਬਰਕਰਾਰ ਰੱਖਣ ਲਈ ਆਪਣਾ ਕੰਮ ਜਾਰੀ ਰੱਖਿਆ ਹੋਇਆ ਹੈ, ਭਾਜਪਾ ਅਤੇ ਪਹਿਲਾਂ ‘ਆਪ’ ਦੇ ਖੇਤਰੀ ਖਿਡਾਰੀਆਂ ਦੇ ਉਭਾਰ ਨੇ ਚੋਣ ਲੜਾਈ ’ਤੇ ਅਨਿਸ਼ਚਿਤਤਾ ਦੀ ਇੱਕ ਪਰਤ ਜੋੜ ਦਿੱਤੀ ਹੈ। ਜਿਵੇਂ-ਜਿਵੇਂ ਮੁਹਿੰਮ ਸ਼ੁਰੂ ਹੁੰਦੀ ਹੈ, ਇਹ ਦੇਖਣਾ ਦਿਲਚਸਪ ਹੋਵੇਗਾ ਕਿ ਪਾਰਟੀਆਂ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਿਵੇਂ ਕਰਦੀਆਂ ਹਨ ਅਤੇ ਕੀ ਉਹ ਪੰਜਾਬ ਦੇ ਵੱਖ-ਵੱਖ ਵੋਟਰਾਂ ਦੇ ਦਿਲਾਂ ਅਤੇ ਦਿਮਾਗਾਂ ਨੂੰ ਜਿੱਤਦੀਆਂ ਹਨ ਜਾਂ ਨਹੀਂ।

# ਪੰਜਾਬ ਵਾਸੀਆਂ ਦੀ ਜੀਵਨ-ਜਾਚ ਅਤੇ ਆਰਥਿਕਤਾ 'ਚ ਖੇਤੀਬਾੜੀ ਦੀ ਹੈ ਅਹਿਮ ਭੂਮਿਕਾ

## ਖੇਤੀ ਉਤਪਾਦਨ ਤੇ ਮੰਡੀਕਰਨ ਸਬੰਧੀ ਉੱਭਰ ਰਹੀਆਂ ਚੁਣੌਤੀਆਂ ਨੂੰ ਹੱਲ ਕਰਨ ਦੀ ਲੋੜ

ਡਾ. ਮਨਮੀਤ ਮਾਨਵ

ਪੰਜਾਬ ਦੇ ਸਮਾਜਿਕ, ਉਦਯੋਗਿਕ, ਸੱਭਿਆਚਾਰਕ ਅਤੇ ਆਰਥਿਕ ਵਿਕਾਸ ਵਿੱਚ ਖੇਤੀਬਾੜੀ ਦਾ ਅਹਿਮ ਯੋਗਦਾਨ ਹੈ। ਸੂਬੇ ਦੀ 65 ਪ੍ਰਤੀਸ਼ਤ ਆਬਾਦੀ ਆਪਣੀ ਰੋਜ਼ੀ ਰੋਟੀ ਤੇ ਰੁਜ਼ਗਾਰ ਲਈ ਸਿੱਧੇ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਕਰਦੀ ਹੈ। ਪੰਜਾਬ ਵਾਸੀਆਂ ਦੀ ਜੀਵਨ-ਜਾਚ ਅਤੇ ਆਰਥਿਕਤਾ ਵਿੱਚ ਖੇਤੀਬਾੜੀ ਦੀ ਅਹਿਮ ਭੂਮਿਕਾ ਹੈ। ਖੇਤੀਬਾੜੀ ਇਹੋ ਜਿਹਾ ਕਿੱਤਾ ਹੈ ਜਿਸ ਵਿੱਚ ਮੁਨਾਫ਼ੇ ਦੀ ਬਹੁਤ ਸਮਰੱਥਾ ਹੈ। ਪਿੰਡਾਂ ਦੇ ਨੌਜਵਾਨਾਂ ਦੀ ਖੇਤੀ ਪ੍ਰਤੀ ਨਕਾਰਾਤਮਕ ਧਾਰਨਾ ਅਤੇ ਵਿਦੇਸ਼ਾਂ ਵੱਲ ਪ੍ਰਵਾਸ ਦੇ ਰੁਝਾਨ ਕਾਰਣ ਵੀ ਖੇਤੀ ਤੋਂ ਮੁਨਾਫ਼ੇ ਦੀ ਸਮਰੱਥਾ ਨੂੰ ਵਧਾਇਆ ਨਹੀਂ ਜਾ ਸਕਿਆ ਜਿਸ ਕਾਰਣ ਇੱਕ ਕਿਸਾਨ ਅਤੇ ਗੈਰ ਕਿਸਾਨ ਦੇ ਆਰਥਿਕ ਅਤੇ ਸਮਾਜਿਕ ਪੱਧਰ ਵਿੱਚ ਬਹੁਤ ਵੱਡਾ ਅੰਤਰ ਹੈ। ਸਫਲ ਖੇਤੀ ਵਪਾਰ ਲਈ ਨੌਜਵਾਨ ਪੀੜ੍ਹੀ ਦਾ ਖੇਤੀ ਵੱਲ ਰੁਝਾਨ ਤੇ ਸ਼ਮੂਲੀਅਤ ਅਹਿਮ ਹੈ।

ਖੇਤੀ ਉਤਪਾਦਨ ਤੇ ਮੰਡੀਕਰਨ ਸਬੰਧੀ ਉੱਭਰ ਰਹੀਆਂ ਚੁਣੌਤੀਆਂ ਨੂੰ ਕਿਸਾਨਾਂ ਦੇ ਪਰੰਪਰਾਗਤ ਗਿਆਨ ਦੇ ਨਾਲ ਨੌਜਵਾਨਾਂ ਦਾ ਤਕਨੀਕੀ ਤੇ ਵਿਗਿਆਨਕ ਗਿਆਨ ਦਾ ਸੁਮੇਲ ਖੇਤੀ ਨੂੰ ਸਫਲ ਉੱਦਮ ਬਣਾਏਗਾ ਜਿਸ ਨਾਲ ਉਨ੍ਹਾਂ ਦਾ ਆਰਥਿਕ ਤੇ ਸਮਾਜਿਕ ਪੱਧਰ ਵੀ ਉੱਚਾ ਹੋਵੇਗਾ ਤੇ ਨੌਜਵਾਨਾਂ ਵਿੱਚ ਵਿਦੇਸ਼ਾਂ ਵੱਲ ਜਾਣ ਦਾ ਰੁਝਾਨ ਵੀ ਘਟੇਗਾ। ਖੇਤੀ ਉਤਪਾਦਨ ਅਤੇ ਮੰਡੀਕਰਨ ਸਬੰਧੀ ਉੱਭਰ ਰਹੀਆਂ ਚੁਣੌਤੀਆਂ ਨੂੰ ਨਜਿੱਠਣ ਲਈ ਨੌਜਵਾਨਾਂ ਦੀ ਊਰਜਾ, ਉਤਸ਼ਾਹ ਅਤੇ ਤਕਨੀਕੀ ਗਿਆਨ ਨੂੰ ਹੁਨਰ ਵਿਕਾਸ ਲਈ ਵਰਤਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਖੇਤੀਬਾੜੀ ਵਿੱਚ ਸ਼ਮੂਲੀਅਤ ਕਰਵਾ ਕੇ ਖੇਤੀ ਤੋਂ ਮੁਨਾਫ਼ੇ ਦੀ ਸਮਰੱਥਾ ਨੂੰ ਵਧਾਇਆ ਜਾ ਸਕਦਾ ਹੈ। ਨਜਿੱਠਣ ਲਈ ਨੌਜਵਾਨਾਂ ਦੀ ਊਰਜਾ, ਉਤਸ਼ਾਹ ਅਤੇ ਤਕਨੀਕੀ ਗਿਆਨ ਨੂੰ ਹੁਨਰ ਵਿਕਾਸ ਲਈ ਵਰਤਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਖੇਤੀਬਾੜੀ ਵਿੱਚ ਸ਼ਮੂਲੀਅਤ ਕਰਵਾ ਕੇ ਖੇਤੀ ਤੋਂ ਮੁਨਾਫ਼ੇ ਦੀ ਸਮਰੱਥਾ ਨੂੰ ਵਧਾਇਆ ਜਾ ਸਕਦਾ ਹੈ। ਕਿਸਾਨ ਆਪਣੀ ਖੇਤੀ ਤੇ ਸਹਾਇਕ ਧੰਦਿਆਂ



ਲਈ ਸਿਰਤੋੜ ਯਤਨ ਕਰਦਾ ਹੈ ਪਰ ਜਦ ਮੰਡੀਕਰਨ ਦੀ ਗੱਲ ਆਉਂਦੀਹੈ ਤਾਂ ਉਸ ਵਿੱਚੋਂ ਬਾਹਰ ਨਿਕਲਣਾ ਚਾਹੁੰਦਾ ਹੈ। ਉਤਪਾਦਨ ਦੇ ਵਿਕਰੀ ਮੁੱਲ ਤੇ ਉਤਪਾਦ ਦੇ ਪ੍ਰਚੂਨ ਮੁੱਲ ਵਿੱਚ ਬਹੁਤ ਵੱਡਾ ਅੰਤਰ ਹੈ ਅਤੇ ਇਹ ਅੰਤਰ ਦਿਨੋ-ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਇਸ ਅੰਤਰ ਵਿਚਕਾਰ ਪ੍ਰੋਸੈਸਿੰਗ, ਮੰਡੀਕਰਨ ਤੇ ਢੋਆ-ਢੁਆਈ ਦਾ ਖ਼ਰਚਾ ਹੁੰਦਾ ਹੈ ਪਰ ਆਪਣੀ ਜਿਣਸ ਦਾ ਪੂਰਾ ਮੁੱਲ ਅਤੇ ਬਿਹਤਰ ਮੁਨਾਫ਼ਾ ਕਮਾਉਣ ਲਈ ਉਸ ਨੂੰ ਪ੍ਰੋਸੈਸਿੰਗ ਅਤੇ ਮੰਡੀਕਰਨ ਵਾਲੇ ਪਾਸੇ ਆਪਣਾ ਹਿੱਸਾ ਪਾਉਣਾ ਪਵੇਗਾ। ਖੇਤੀ ਨੂੰ ਮੁੜ ਸੁਰਜੀਤ ਅਤੇ ਪ੍ਰਫੁੱਲਿਤ ਕਰਨ ਲਈ ਤੇ ਪੇਂਡੂ ਨੌਜਵਾਨਾਂ ਨੂੰ ਖੇਤੀ ਵੱਲ ਆਕਰਸ਼ਿਤ ਕਰਨ ਲਈ ਇੱਕ ਜ਼ਰੂਰੀ ਮਾਰਗ ਹੈ।

### ਪ੍ਰੋਸੈਸਿੰਗ ਕਰਨੀ ਲਾਜ਼ਮੀ

ਕਟਾਈ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਲਈ ਉਸ ਦੀ ਪ੍ਰੋਸੈਸਿੰਗ ਕਰਨੀ ਲਾਜ਼ਮੀ ਹੈ। ਇਹ ਜਿੱਥੇ ਉਪਜ ਦੀ ਮਿਆਦ ਵਧਾ ਕੇ ਖਾਣਯੋਗ, ਸੁਆਦੀ ਤੇ ਸੁਰੱਖਿਅਤ ਉਤਪਾਦ ਬਣਾਉਂਦੀ ਹੈ ਉੱਥੇ ਉਪਜ ਦੇ ਮੁੱਲ ਵਿੱਚ ਕਈ ਗੁਣਾਂ ਵਾਧਾ ਕਰਦੀ ਹੈ। ਪਿੰਡਾਂ ਦੇ ਨੌਜਵਾਨਾਂ ਵਿੱਚ ਪ੍ਰੋਸੈਸਿੰਗ ਦਾ ਹੁਨਰ ਵਿਕਸਿਤ ਕਰਕੇ ਪ੍ਰੋਸੈਸਿੰਗ ਯੂਨਿਟਾਂ ਲਗਾ ਕੇ ਅਲੱਗ-ਅਲੱਗ ਉਤਪਾਦ ਬਣਾਉਣ ਦੀਆਂ ਗਤੀਵਿਧੀਆਂ ਪਿੰਡਾਂ ਵਿੱਚ ਹੋਰਨਾਂ ਲਈ ਰੋਜ਼ਗਾਰ ਪੈਦਾ ਕਰਨਗੀਆਂ ਅਤੇ ਆਮਦਨੀ ਵੀ ਵਧਾਉਣਗੀਆਂ। ਪਿੰਡਾਂ ਦੇ ਨੌਜਵਾਨਾਂ ਵਿੱਚ ਇਹ ਹੁਨਰ ਵਿਕਸਿਤ ਕਰਕੇ ਖੇਤੀ ਉੱਦਮ ਵੱਲ ਲਿਜਾਣ ਲਈ ਖੇਤੀਬਾੜੀ ਮੰਤਰਾਲਾ ਭਾਰਤ ਸਰਕਾਰ ਵੱਲੋਂ ਵੀ ਨੌਜਵਾਨਾਂ ਨੂੰ ਖੇਤੀਬਾੜੀ ਵੱਲ ਆਕਰਸ਼ਿਤ ਕਰਨ ਲਈ ਸਪੈਸ਼ਲ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਖੇਤੀਬਾੜੀ ਤੇ ਸਹਾਇਕ ਧੰਦਿਆਂ ਦੀਆਂ ਉੱਦਮੀ ਗਤੀਵਿਧੀਆਂ ਵਿੱਚ ਪੇਂਡੂ ਨੌਜਵਾਨਾਂ ਨੂੰ ਸ਼ਕਤੀਕਰਨ ਅਤੇ ਸ਼ਾਮਿਲ ਕਰਨ ਲਈ ਅਨੇਕ ਯੋਜਨਾਵਾਂ ਉਲੀਕੀਆਂ ਹਨ ਤਾਂ ਜੋ ਖੇਤੀਬਾੜੀ ਤੋਂ ਵੱਧ ਤੋਂ ਵੱਧ ਮੁਨਾਫ਼ੇ ਨੂੰ ਯਕੀਨੀ ਬਣਾਇਆ ਜਾਵੇ ਅਤੇ ਰੁਜ਼ਗਾਰ ਪੈਦਾ ਕੀਤੇ ਜਾਣ। ਪੰਜਾਬ ਦੇ ਆਮ ਲੋਕਾਂ ਦਾ ਉੱਚਾ ਜੀਵਨ ਪੱਧਰ ਅਤੇ ਆਰਾਮਦਾਇਕ ਜੀਵਨ ਸ਼ੈਲੀ ਕਾਰਨ ਉਨ੍ਹਾਂ ਦੀ ਮੰਗ ਪ੍ਰੋਸੈੱਸ ਕੀਤੇ ਭੋਜਨ ਪਦਾਰਥਾਂ ਲਈ ਜ਼ਿਆਦਾ ਹੈ। ਕੋਵਿਡ-19 ਮਹਾਮਾਰੀ ਤੋਂ ਬਾਅਦ ਸਰੀਰ ਦੀ ਪ੍ਰਤੀਰੋਧਕ ਸ਼ਕਤੀ ਵਧਾਉਣ ਲਈ ਭੋਜਨ ਪਦਾਰਥਾਂ ਦੀ ਸ਼ੁੱਧਤਾ ਅਤੇ ਸਿਹਤ ਲਈ ਸੁਰੱਖਿਅਤਾ ਨੂੰ ਲੈ ਕੇ ਖਪਤਕਾਰਾਂ ਵਿੱਚ ਜਾਗਰੂਕਤਾ ਵੀ ਬਹੁਤ ਵਧੀ ਹੈ, ਉਨ੍ਹਾਂ ਦਾ ਰੁਝਾਨ ਅਤੇ ਭਰੋਸਾ, ਉਤਪਾਦਕਾਂ/ ਪ੍ਰੋਸੈਸਰਾਂ ਤੋਂ ਸਿੱਧੇ ਹੀ ਉਤਪਾਦ ਖ਼ਰੀਦਣ ਵੱਲ ਜ਼ਿਆਦਾ ਵਧਿਆ ਹੈ।

### ਲਾਹੇਵੰਦ ਹੈ ਪ੍ਰੋਸੈਸਿੰਗ ਮਸ਼ੀਨਾਂ ਦੀ ਵਰਤੋਂ

ਜਦੋਂ ਕਿਸਾਨ ਆਪਣੀ ਪੈਦਾਵਾਰ ਦੀ ਮਾਰਕੀਟਿੰਗ 'ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰਨਗੇ ਤਾਂ ਖ਼ਰੀਦਦਾਰ ਆਪਣੇ ਆਪ ਉਸ ਦੇ ਦਰਵਾਜ਼ੇ 'ਤੇ ਦਸਤਕ ਦੇਣਗੇ। ਪਿੰਡ ਪੱਧਰ 'ਤੇ ਐਗਰੋ ਪ੍ਰੋਸੈਸਿੰਗ ਮਸ਼ੀਨਾਂ ਜਿਵੇਂ ਕਿ ਛੋਟੀ ਆਟਾ ਚੱਕੀ, ਮਿੰਨੀ ਰਾਈ ਮਿੱਲ, ਆਇਲ ਐਕਸਪੈਲਰ, ਮਸਾਲਾ ਗਰਾਈਂਡਰ, ਦਾਲ ਮਿੱਲ, ਕਪਾਹ ਗਿੰਨਿੰਗ ਮਸ਼ੀਨ, ਪੇਂਜਾ, ਫੀਡ ਮਿੱਲ ਆਦਿ ਮਸ਼ੀਨਾਂ ਕਿਸਾਨਾਂ ਲਈ ਛੋਟੇ ਪੱਧਰ ਤੇ ਪ੍ਰੋਸੈਸਿੰਗ ਕਰਨ ਹਿੱਤ ਬਹੁਤ ਲਾਹੇਵੰਦ ਹਨ। ਸਰਕਾਰ ਵੱਲੋਂ ਇਨ੍ਹਾਂ ਨੂੰ ਲਗਾਉਣ ਲਈ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਕੁਝ ਸਕੀਮਾਂ ਛੋਟੇ ਕਿਸਾਨਾਂ ਨੂੰ ਪ੍ਰੋਸੈਸਿੰਗ ਮਸ਼ੀਨਰੀ ਲਈ ਵੱਧ ਤੋਂ ਵੱਧ 10 ਲੱਖ ਦੇ ਕਰਜ਼ੇ 'ਤੇ 35% ਤੱਕ ਸਬਸਿਡੀ ਦਿੰਦੀ ਹੈ। ਖੇਤੀ ਵਪਾਰ ਦੀ ਸਫਲਤਾ ਲਈ ਉਤਪਾਦਾਂ ਦੀ ਗੁਣਵੱਤਾ ਦੇ ਮਿਆਰਾਂ 'ਤੇ ਪੂਰਾ ਨਿਯੰਤਰਣ ਰੱਖਦੇ ਮਾਰਕੀਟਿੰਗ ਹੁਨਰ (ਸੁਚੱਜੀ ਪੈਕਿੰਗ, ਲੇਬਲਿੰਗ, ਬਰਾਂਡਿੰਗ) ਵੀ ਵਿਕਸਿਤ ਕਰਨੇ ਜ਼ਰੂਰੀ ਹਨ। ਉਤਪਾਦਕ ਤੇ ਵਪਾਰੀ ਵੱਲੋਂ ਤੈਅ ਵਿਕਰੀ ਮੁੱਲ ਵਿੱਚ ਵੱਡਾ ਫ਼ਰਕ ਸਿਰਫ਼ ਵਪਾਰਕ ਮਾਪਦੰਡਾਂ ਦਾ ਹੈ ਜਿਸਨੂੰ ਉਤਪਾਦਕ ਸਮਝਣ ਲਈ ਝਿਜਕਦਾ ਹੈ ਤੇ ਵਪਾਰੀ ਉਨ੍ਹਾਂ ਨੂੰ ਆਪਣਾ ਕੇ ਉਤਪਾਦਕ ਦਾ ਬਣਦਾ ਮੁੱਲ ਵੀ ਆਪਣੀ ਜੇਬ ਵਿੱਚ ਪਾਉਂਦਾ ਹੈ। ਸੋ ਉਪਜ ਦਾ ਪੂਰਾ ਮੁੱਲ ਪਾਉਣ ਲਈ ਤੇ ਆਪਣੇ ਉਤਪਾਦਾਂ ਦੇ ਸਫਲ ਵਪਾਰ ਲਈ ਕੁਆਲਿਟੀ ਮਾਪਦੰਡਾਂ ਦੇ ਨਾਲ-ਨਾਲ ਵਪਾਰਕ ਮਾਪਦੰਡਾਂ ਨੂੰ ਅਪਣਾਉਣਾ ਵੀ ਲਾਜ਼ਮੀ ਹੈ।




DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

## 26 ਅਪ੍ਰੈਲ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਪੰਜਾਬੀ ਦੇ ਪਹਿਲੇ ਕਵੀ ਬਾਬਾ ਫ਼ਰੀਦ ਜੀ



ਸੁਖਚੈਨ ਸਿੰਘ

ਬਾਬਾ ਫ਼ਰੀਦ ਜੀ ਦਾ ਜਨਮ 1381 ਸੂਫੀ ਖੇਤਰ ਜ਼ਿਲ੍ਹਾ ਮੁਲਤਾਨ (ਹੁਣ ਪਾਕਿਸਤਾਨ) ਵਿੱਚ ਜਮਾਲ-ਉਦ-ਦੀਨ ਸੁਲੇਮਾਨ ਅਤੇ ਸ਼ੇਖ਼ ਵਜੀਹ-ਉਦ ਦੀਨ ਖੋਜੇ ਦੀ ਦੀ ਧੀ ਮਰੀਅਮ ਬੀਬੀ ਦੇ ਘਰ ਹੋਇਆ। ਆਪ ਜੀ ਦੀ ਮੁੱਢਲੀ ਸਿੱਖਿਆ ਬਾਰੇ ਦੱਸਿਆ ਜਾਂਦਾ ਹੈ ਕੇ ਆਪ ਜੀ ਦੇ ਪਿਤਾ ਜੀ 18 ਕੁ ਮਹੀਨੇ ਦੀ ਉਮਰ ਵਿੱਚ ਹੀ ਛੱਡ ਕੇ ਗੁਜ਼ਰ ਗਏ ਸਨ। ਆਪ ਜੀ ਦੀ ਮਾਤਾ ਕੁਰਸੂਮ ਨੇ ਹੀ ਆਪ ਜੀ ਨੂੰ ਪਾਲ ਕੇ ਧਾਰਮਿਕ ਵਿਦਿਆ ਦਿੱਤੀ। ਮੁੱਢਲੀ ਵਿੱਦਿਆ ਮਾਤਾ ਪਾਸੋਂ ਪ੍ਰਾਪਤ ਕਰਨ ਪਿੱਛੋਂ ਇਨ੍ਹਾਂ ਨੇ ਕੁਰਆਨ ਮਜੀਦ ਮੌਲਾਨਾ ਅਬੂ ਹਾਫ਼ਜ ਕੋਲੋਂ ਪੜ੍ਹਿਆ ਫੇਰ ਬਗਦਾਦ ਚਲੇ ਗਏ ਜਿੱਥੇ ਆਪ ਜੀ ਨੇ, ਅਬਦੁਲ ਕਾਦਰ ਜੁਲਾਨੀ , ਸ਼ੇਖ਼ ਸਿਰਾਬਦੀਨ ਸੁਹਰਾਵਰਦੀ , ਖਵਾਜ਼ਾ ਮੁਅਈਉਨਦੀਨ ਚਿਸ਼ਤੀ ,ਤੇਠ, ਸ਼ੇਖ਼ ਕਿਰਸਾਨੀ, ਆਦਿ ਤੋਂ ਪ੍ਰਾਪਤ ਕੀਤੀ। ਬਾਬਾ ਫ਼ਰੀਦ ਸੂਫ਼ੀਆਂ ਦੇ

ਚਿਸ਼ਤੀ ਦੇ ਸਿਲਸਿਲੇ ਦੇ ਇੱਕ ਪ੍ਰਸਿੱਧ ਆਗੂ ਹੋਏ ਹਨ , ਜਿਹਨਾਂ ਬਾਰੇ ਦੱਸਿਆ ਜਾਂਦਾ ਹੈ ਕੇ ਫ਼ਕੀਰੀ ਗੋਦੜੀ ਹਜ਼ਰਤ ਅਲੀ ਪਾਸੋਂ ਪ੍ਰਾਪਤ ਕੀਤੀ। ਬਾਬਾ ਫ਼ਰੀਦ ਜੀ ਦੀ ਰਚਨਾ ਭਾਵੇਂ ਆਕਾਰ ਵਿੱਚ ਬਹੁਤੀ ਨਹੀਂ, ਪਰ ਕਾਵਿ ਗੁਣਾਂ ਕਰਕੇ ,ਵਿਸ਼ੇ ਦੀ ਸ੍ਰੇਸ਼ਟਤਾ



ਵਿੱਚ ਉੱਤਮ ਸਦੀਵੀ ਯੋਗਦਾਨ ਕਿਹਾ ਜਾ ਸਕਦਾ ਹੈ, ਪੰਜਾਬੀ ਸਾਹਿਤ ਵਿੱਚ ਬਾਬਾ ਫ਼ਰੀਦ ਜੀ ਦੀ ਪ੍ਰਾਪਤ ਹੋਈ ਰਚਨਾ ਕਰਕੇ ਉਨ੍ਹਾਂ ਨੂੰ ਪੰਜਾਬੀ ਦਾ ਪਹਿਲਾ ਕਵੀ ਜਾ ਸ਼ਾਇਰ ਮੰਨ ਲਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਉੱਚਿਤ ਹੋਣ ਕਾਰਨ ਹੀ, ਗੁਰੂ ਅਰਜਨ ਦੇਵ ਜੀ, ਨੇ ਉਨ੍ਹਾਂ ਦੀ ਗੁਰਬਾਣੀ ਨੂੰ ਇੱਕਤਰ ਕਰਕੇ ,ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਕੇ ਇਸ ਬਾਣੀ ਨੂੰ ਅਹਿਮ ਅਸਥਾਨ ਦਿੱਤਾ ਤੇ ਇਸ ਦੀ ਸੰਭਾਲ ਕੀਤੀ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਬਾਬਾ ਫ਼ਰੀਦ ਜੀ ਦੇ ਕੁੱਲ ਚਾਰ ਸ਼ਬਦ (ਦੋ ਆਸਾ ਰਾਗ ਵਿੱਚ ਦੋ ਸੂਹੀ ਰਾਗ ਵਿੱਚ) ਅਤੇ ਆਪ ਜੀ ਦੇ 112 ਸਲੋਕ ਵੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੇ। ਇਸ ਤੋਂ ਇਲਾਵਾ ਬਾਬਾ ਫ਼ਰੀਦ ਜੀ ਦੀਆਂ ਕਈ ਹੋਰ ਕਿਤਾਬਾਂ ਵੀ ਹਨ। ਆਪ ਜੀ ਦੀ ਮੋਕਲਹਰ ਹੁਣ ਫਰੀਦਕੋਟ ਸ਼ਹਿਰ ਅੰਦਰ ਆਮਦ ਨਾਲ ਇੱਕ ਚਰਚਾ ਜੁੜੀ ਹੋਈ ਹੈ, ਉਸ ਸਮੇਂ ਦੀ ਫਰੀਦਕੋਟ ਰਿਆਸਤ ਦੇ ਅਹਿਲਕਾਰ, ਆਲੇ ਦੁਆਲੇ ਦੇ ਇਲਾਕੇ ਵਿੱਚ ਲੋਕਾਂ ਨੂੰ ਫ਼ੜ ਕੇ ਉੱਸਰ ਰਹੇ ਕਿਲੇ ਨੂੰ ਪੂਰਾ ਕਰਨ ਲਈ ਜਬਰੀ ਵਗਾਰ ਲੈਂਦੇ ਸਨ,ਰਾਜੇ ਦੇ ਅਹਿਲਕਾਰ ਇੱਕ ਦਿਨ ਸੂਫ਼ੀ ਸੰਤ ਬਾਬਾ ਫ਼ਰੀਦ ਜੀ ਨੂੰ ਧੂਹ ਲਿਆਏ ਉਸ ਸਮੇਂ ਸ਼ਹਿਰ ਦੇ ਬਾਹਰ ਵਾਲੇ ਪਾਸੇ ਤੱਪ ਕਰ ਰਹੇ ਸਨ,ਇਹ



ਅਸਥਾਨ ਅੱਜ ਕੱਲ ਗੋਦੜੀ ਬਾਬਾ ਫ਼ਰੀਦ ਜੀ ਦੇ ਨਾਮ ਨਾਲ ਜਾਣੀ ਜਾਂਦੀ ਹੈ। ਬਾਬਾ ਫ਼ਰੀਦ ਜੀ ਨੂੰ ਵੀ ਗਾਰਾ ਮਿੱਟੀ ਢੋਣ 'ਤੇ ਲਾ ਦਿੱਤਾ। ਰਾਜੇ ਨੂੰ ਕਿਸੇ ਨੇ ਜਾ ਦਸਿਆ ਕਿ ਕੰਮ 'ਤੇ ਲੱਗੇ ਲੋਕਾਂ ਵਿੱਚ ਇੱਕ ਅਜਿਹਾ ਦਰਵੇਸ਼ ਸੰਤ ਵੀ ਹੈ ਜੋ ਰੂਹਾਨੀ ਸ਼ਕਤੀਆਂ ਦਾ ਮਾਲਕ ਹੈ। ਪੀੜੀਆਂ ਤੋਂ ਇੱਕ ਦੰਦ ਕਥਾ ਤੁਰੀ ਆ ਰਹੀ ਹੈ ਕਿ ਰਾਜੇ ਨੇ ਬਾਬੇ ਫ਼ਰੀਦ ਤੋਂ ਮੁਆਫੀ ਮੰਗੀ ਤੇ ਇਸ ਸ਼ਹਿਰ ਦਾ ਨਾਮ ਬਦਲ ਕੇ ਫ਼ਰੀਦ ਤੇ ਕੋਟ, (ਕਿਲਾ) ਨੂੰ ਜੋੜ ਕੇ ਫਰੀਦਕੋਟ ਰੱਖ ਦਿੱਤਾ। ਰਾਜੇ ਵੱਲੋਂ ਮੁਆਫੀ ਮੰਗਣ ਤੋਂ ਬਾਅਦ ਫ਼ਰੀਦ ਜੀ ਨੇ ਗਾਰੇ ਨਾਲ ਲਿੱਬੜੇ ਹੋਏ ਆਪਣੇ ਹੱਥ ਜਿਸ ਦਰੱਖਤ ਨਾਲ ਪੂੰਜੇ, ਉਸ ਦਰੱਖਤ ਨੂੰ ਰਾਜੇ ਨੇ ਕਟਵਾ ਕੇ ਸੰਭਾਲ ਲਿਆ, ਉਹ ਅੱਜ ਵੀ ਟਿੱਲਾ ਬਾਬਾ ਫ਼ਰੀਦ ਵਿਖੇ ਸਸ਼ੋਭਿਤ ਹੈ।

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰ ਗਵਾਇਆ ਸੰਮਿ॥

ਲੇਖਾ ਰਬੁ ਮੰਗੇਸੀਆ ਤੂੰ ਆਂਹੋ ਕੇਰ੍ਹੇ ਕੰਮ॥

ਸਲੋਕ ਭਗਤ ਫ਼ਰੀਦ ਜੀ , ਗੂਰੂ ਗ੍ਰੰਥ ਸਾਹਿਬ,ਅੰਗ ੧੩੭੯।

ਗੋਦੜੀ ਸਾਹਿਬ-ਟਿੱਲਾ ਬਾਬਾ ਫ਼ਰੀਦ ਫਰੀਦਕੋਟ ਸ਼ਹਿਰ ਵਿੱਚ ਕਿਲਾ ਮੁਬਾਰਕ ਦੇ ਨੇੜੇ ਸੂਫ਼ੀ ਸੰਤ ਫ਼ਰੀਦ ਨਾਲ ਸਬੰਧਤ ਅਸਥਾਨ ਹੈ ਤੇ ਹਰ ਵੀਰਵਾਰ ਨੂੰ ਦਰਗਾਹ 'ਤੇ ਮੇਲਾ ਲੱਗਦਾ ਹੈ, ਇਹ ਰਵਾਇਤ ਸਦੀਆਂ ਤੋਂ ਤੁਰੀ ਆ ਰਹੀ ਹੈ। ਹੁਣ ਪਿਛਲੇ ਦਹਾਕਿਆਂ ਤੋਂ ਹਰ ਸਾਲ 19 ਤੋਂ 23 ਸਤੰਬਰ ਤੱਕ ਭਾਰੀ ਮੇਲਾ ਵੀ ਲੱਗਦਾ ਹੈ। ਸੰਗਤਾਂ ਬੜੇ ਅਥਾਹ ਪਿਆਰ ਨਾਲ ਦਰਸ਼ਨ ਦੀਦਾਰੇ ਕਰਦੀਆਂ ਹਨ। ਬਾਬਾ ਫ਼ਰੀਦ ਜੀ ਪਾਕਪਟਨ ਵਿਖੇ 1266 ਈਸਵੀ ਵਿੱਚ ਜੋਤੀ ਜੋਤ ਸਮਾ ਗਏ।



# ਬਗਦਾਦ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਨ ਦੇ ਦਰਸ਼ਨ

ਡਾ. ਰਣਜੀਤ ਸਿੰਘ

ਹਵਾਈ ਸਫ਼ਰ ਦਾ ਪਹਿਲਾ ਅਨੁਭਵ 1974 ਦੇ ਜੁਲਾਈ ਮਹੀਨੇ ਹੋਇਆ ਜਦੋਂ ਪਰਿਵਾਰ ਸਮੇਤ ਇਰਾਕੀ ਏਅਰਵੇਜ਼ ਰਾਹੀਂ ਨਵੀਂ ਦਿੱਲੀ ਤੋਂ ਬਗਦਾਦ ਜਾਣ ਦਾ ਸਬੱਬ ਬਣਿਆ। ਸਾਡੀ ਉਡਾਣ ਆਬੂ ਧਾਬੀ ਰੁਕਣ ਪਿੱਛੋਂ ਬਗਦਾਦ ਪੁੱਜ ਗਈ। ਇੱਥੋਂ ਹਵਾਈ ਜਹਾਜ਼ ਰਾਹੀਂ ਹੀ ਅਸੀਂ ਆਪਣੀ ਨੌਕਰੀ ਵਾਲੀ ਥਾਂ ਮੌਸੂਲ ਜਾਣਾ ਸੀ। ਪਰ ਉਹ ਉਡਾਣ ਸਾਡੇ ਬਗਦਾਦ ਪੁੱਜਣ ਤੋਂ ਪਹਿਲਾਂ ਹੀ ਨਿਕਲ ਗਈ ਸੀ। ਹਵਾਈ ਕੰਪਨੀ ਨੇ ਸਾਡੇ ਰਹਿਣ ਦਾ ਪ੍ਰਬੰਧ ਇੱਕ ਹੋਟਲ ਵਿੱਚ ਕਰ ਦਿੱਤਾ ਤੇ ਦੂਜੇ ਦਿਨ ਲੈ ਕੇ ਜਾਣ ਦਾ ਸਮਾਂ ਵੀ ਦੱਸ ਦਿੱਤਾ। ਨਵੀਂ ਦਿੱਲੀ ਤੋਂ ਇਹ ਉਡਾਣ ਹਫ਼ਤੇ ਵਿੱਚ ਕੇਵਲ ਇੱਕ ਵਾਰ ਹੀ ਜਾਂਦੀ ਸੀ। ਹਰੇਕ ਉਡਾਣ ਵਿੱਚ ਭਾਰਤੀ ਮਾਹਿਰ ਜਾਂ ਕਾਮੇ ਹੀ ਹੁੰਦੇ ਸਨ ਕਿਉਂਕਿ ਇਰਾਕ ਵਿੱਚ ਪੱਕੇ ਤੌਰ ਉੱਤੇ ਕੋਈ ਵੀ ਭਾਰਤੀ ਮੂਲ ਦਾ ਪਰਿਵਾਰ ਨਹੀਂ ਰਹਿੰਦਾ ਸੀ। ਇਸ ਕਰਕੇ ਪਹਿਲਾਂ ਪਹੁੰਚੇ ਹੋਏ ਮਾਹਿਰਾਂ ਵਿੱਚੋਂ ਕੋਈ ਨਾ ਕੋਈ ਹਵਾਈ ਉੱਤੇ ਆ ਹੀ ਜਾਂਦਾ ਸੀ। ਸਾਡੇ ਵੇਲੇ ਵੀ ਮੇਰੀ ਯੂਨੀਵਰਸਿਟੀ ਦੇ ਅਧਿਆਪਕ, ਜਿਹੜੇ ਮੇਰੇ ਵਿਦਿਆਰਥੀ ਰਹੇ ਸਨ ਤੇ ਪਰਿਵਾਰਿਕ ਮਿੱਤਰ ਸਨ, ਉਹ ਅੱਡੇ ਉੱਤੇ ਸਾਡੇ ਸਵਾਗਤ ਲਈ ਪਹੁੰਚੇ ਹੋਏ ਸਨ। ਕਿਉਂਕਿ ਸਾਡੇ ਰਹਿਣ ਦਾ ਪ੍ਰਬੰਧ ਹਵਾਈ ਕੰਪਨੀ ਵੱਲੋਂ ਹੀ ਕੀਤਾ ਗਿਆ ਸੀ, ਇਸ ਕਰਕੇ ਫ਼ੈਸਲਾ ਹੋਇਆ ਕਿ ਉਹ ਹੋਟਲ ਵਿੱਚ ਸਾਨੂੰ ਮਿਲਣ ਆਉਣਗੇ। ਦੋ ਕੁ ਘੰਟੇ ਪਿੱਛੋਂ ਮੇਰਾ ਦੋਸਤ ਆਪਣੇ ਨਾਲ ਡਾ. ਗੁਰਸ਼ਾਮ ਸਿੰਘ ਹੋਰਾਂ ਨੂੰ ਲੈ ਕੇ ਆ ਗਿਆ। ਡਾ. ਸਾਹਿਬ ਯੂਨੀਵਰਸਿਟੀ ਬਣਨ ਪਿੱਛੋਂ ਖੇਤੀ ਕਾਲਜ ਦੇ ਪਹਿਲੇ ਡੀਨ ਬਣੇ ਸਨ ਤੇ ਮੈਨੂੰ ਉਦੋਂ ਤੋਂ ਜਾਣਦੇ ਸਨ, ਜਦੋਂ ਮੈਂ ਵਿਦਿਆਰਥੀ ਹੁੰਦਾ ਸੀ। ਇੱਥੇ ਉਹ ਐੱਫ ਏ ਓ ਦੇ ਮਾਹਿਰ ਵਜੋਂ ਕੰਮ ਕਰ ਰਹੇ ਸਨ। ਆਪਣੀ ਕਾਰ ਉਹ ਆਪ ਹੀ ਚਲਾ ਰਹੇ ਸਨ।

ਬਗਦਾਦ ਵਿੱਚ ਗੁਰੂ ਨਾਨਕ ਸਾਹਿਬ ਦੀ ਫੇਰੀ ਬਾਰੇ ਬਹੁਤ ਪੜ੍ਹਿਆ ਸੀ। ਉਸ ਧਰਤੀ ਨੂੰ ਵੇਖਣ ਦੀ ਮੇਰੀ ਬਹੁਤ ਤਮੰਨਾ ਸੀ। ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਨੂੰ ਉਸ ਥਾਂ ਦੇ ਦਰਸ਼ਨ ਕਰਵਾਏ ਜਾਣ। ਗੁਰੂ ਜੀ ਮੱਕੇ ਤੋਂ ਬਗਦਾਦ ਆਏ ਸਨ ਕਿਉਂਕਿ ਬਗਦਾਦ ਨੂੰ ਉਦੋਂ ਇਸਲਾਮ ਧਰਮ ਦਾ ਇੱਕ ਵੱਡਾ ਕੇਂਦਰ ਮੰਨਿਆ ਜਾਂਦਾ ਸੀ। ਇੱਥੋਂ ਦੇ ਪ੍ਰਸਿੱਧ ਫ਼ਕੀਰ ਸ਼ਾਹ ਬਹਿਲੋਲ ਨੇ ਉਨ੍ਹਾਂ ਨੂੰ ਆਪਣਾ ਵਿਸ਼ੇਸ਼ ਮਹਿਮਾਨ ਬਣਾ ਕੇ ਕੋਲ ਰੱਖਿਆ ਸੀ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਫਗਾਨਿਸਤਾਨ ਅਤੇ ਇਰਾਕ ਵਿੱਚ ਕਾਫੀ ਸਿੱਖ ਨਾਗਰਿਕ ਸਨ ਪਰ ਹੁਣ ਇਨ੍ਹਾਂ ਦੋਵਾਂ ਦੇਸ਼ਾਂ ਵਿੱਚ ਹੋਏ ਰਾਜ ਪਲਟੇ ਕਾਰਨ ਬਹੁਤੇ ਸਿੱਖ ਪਰਿਵਾਰ ਇਨ੍ਹਾਂ ਦੋਵਾਂ ਦੇਸ਼ਾਂ ਵਿੱਚੋਂ ਚਲੇ ਗਏ ਹਨ ਪਰ ਇੱਥੇ ਗੁਰੂਘਰ ਜ਼ਰੂਰ ਮੌਜੂਦ ਹਨ। ਪਰ ਇਰਾਕ ਵਿੱਚ ਕੋਈ ਸਿੱਖ ਨਾਗਰਿਕ ਜਾਂ ਭਾਰਤੀ ਮੂਲ ਦਾ ਨਾਗਰਿਕ ਨਹੀਂ ਹੈ।

ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿੱਚ ਗੁਰੂ ਸਾਹਿਬ ਦੇ ਮੱਕਾ ਮਦੀਨਾ ਅਤੇ ਬਗਦਾਦ ਜਾਣ ਬਾਰੇ ਜਿੱਥੇ ਜਾਣਕਾਰੀ ਦਿੱਤੀ ਹੈ, ਉੱਥੇ ਬਗਦਾਦ ਵਿਖੇ ਗੁਰੂ ਜੀ ਵੱਲੋਂ ਕੀਤੀਆਂ ਬਖਸ਼ਿਸ਼ਾਂ ਦਾ ਵੀ ਉਲੇਖ ਕੀਤਾ ਹੈ। ਉਹ ਲਿਖਦੇ ਹਨ:

ਪੁੱਛੇ ਪੀਰ ਤਕਰਾਰ ਕਰ ਇਹ ਫਕੀਰ ਵੱਡਾ ਅਤਾਈ।

ਇੱਥੇ ਵਿੱਚ ਬਗਦਾਦ ਦੇ ਵੱਡੀ ਕਰਾਮਾਤ ਦਿਖਲਾਈ।

ਪਾਤਾਲਾਂ ਆਕਾਸ਼ ਲੱਖ ਓੜਕ ਭਾਲੀ ਖਬਰ ਸੁਣਾਈ।

ਫਿਰ ਦੁਰਾਇਣ ਦਸਤਗੀਰ ਅਸੀਂ ਭਿ ਵੇਖਾਂ ਜੋ ਤੁਹਿ ਪਾਈ।

ਨਾਲ ਲੀਤਾ ਬੇਟਾ ਪੀਰ ਦਾ ਅੱਖੀਂ ਮੀਟ ਗਿਆ ਹਾਵਾਈ।

ਲੱਖ ਆਕਾਸ਼ ਪਾਤਾਲ ਲੱਖ ਅੱਖ ਫੁਰਕ ਵਿੱਚ ਸਭ ਦਿਖਲਾਈ।

ਭਰ ਕਚਕੌਲ ਪ੍ਰਸਾਦ ਦਾ ਧੁਰੋਂ ਪਤਾਲੋਂ ਲਈ ਕੜਾਹੀ।

ਜ਼ਾਹਰ ਕਲਾ ਨ ਛਪੈ ਛਪਾਈ।



ਬਗਦਾਦ ਦਜਲਾ ਦਰਿਆ ਦੇ ਕਿਨਾਰੇ ਕੰਢੇ ਵਸਿਆ ਹੋਇਆ ਪੁਰਾਣਾ ਸ਼ਹਿਰ ਹੈ। ਇਰਾਕ ਵਿੱਚ ਦੋ ਦਰਿਆ ਵਗਦੇ ਹਨ, ਦਜਲਾ ਅਤੇ ਫਰਾਤ। ਇਸੇ ਕਰਕੇ ਇਸ ਇਲਾਕੇ ਨੂੰ ਮੈਸੋਪੋਨੇਮੀਆ ਵੀ ਆਖਿਆ ਜਾਂਦਾ ਹੈ, ਜਿਸਦਾ ਅਰਥ ਦੋਆਬਾ ਹੁੰਦਾ ਹੈ। ਸੰਸਾਰ ਵਿੱਚ ਇਸ ਨੂੰ ਦੁਨੀਆਂ ਦੇ ਉਨ੍ਹਾਂ ਮੁਢਲੇ ਕੇਂਦਰਾਂ ਵਿੱਚ ਗਿਣਿਆ ਜਾਂਦਾ ਹੈ, ਜਿੱਥੇ ਮਨੁੱਖੀ ਸਭਿਅਤਾ ਵਿਕਸਿਤ ਹੋਈ।

ਗੁਰੂ ਜੀ ਨੇ ਬਗਦਾਦ ਦੇ ਬਾਹਰ ਠਿਕਾਣਾ ਕੀਤਾ ਤੇ ਕੀਰਤਨ ਸ਼ੁਰੂ ਕਰ ਦਿੱਤਾ। ਉੱਥੋਂ ਦੇ ਪੀਰ ਦਸਤਗੀਰ ਨੂੰ ਬੜਾ ਗੁੱਸਾ ਆਇਆ ਕਿਉਂਕਿ ਇਸਲਾਮ ਵਿੱਚ ਇਸਦੀ ਮਨਾਹੀ ਹੈ। ਪੀਰ ਦੇ ਡੇਰੇ ਦੇ ਬਹੁਤ ਸਾਰੇ ਮੁਰੀਦ ਉੱਧਰ ਦੌੜੇ ਜਿਧਰੋਂ ਆਵਾਜ਼ ਆ ਰਹੀ ਹੈ। ਉਨ੍ਹਾਂ ਨੇ ਗੁਰੂ ਜੀ ਨੂੰ ਮਾਰਨ ਲਈ ਪੱਥਰ ਚੁੱਕੇ ਕਿਉਂਕਿ ਇਸਲਾਮ ਵਿੱਚ ਪੱਥਰ ਮਾਰ ਕੇ ਮਾਰਨਾ ਇੱਕ ਵੱਡੀ ਸਜ਼ਾ ਮੰਨੀ ਜਾਂਦੀ ਹੈ। ਪਰ ਇਹ ਆਖਿਆ ਜਾਂਦਾ ਹੈ ਕਿ ਲੋਕਾਂ ਦੇ ਹੱਥਾਂ ਵਿੱਚ ਹੀ ਪੱਥਰ ਫੜੇ ਰਹਿ ਗਏ। ਉਨ੍ਹਾਂ ਨੂੰ ਯਕੀਨ ਹੋ ਗਿਆ ਇਹ ਕੋਈ ਪਹੁੰਚਿਆ ਹੋਇਆ ਫ਼ਕੀਰ ਹੈ। ਪੀਰ ਦਸਤਗੀਰ ਕੋਲ ਗੁਰੂ ਜੀ ਵੱਲੋਂ ਮੱਕੇ ਕੀਤੀਆਂ ਬਖਸ਼ਿਸ਼ਾਂ ਦੀ ਖ਼ਬਰ ਵੀ ਪੁੱਜ ਚੁੱਕੀ ਸੀ। ਉਹ ਉਨ੍ਹਾਂ ਨੂੰ ਆਪਣੇ ਡੇਰੇ ਲੈ ਗਿਆ ਅਤੇ ਪਰਖ ਲਈ ਕਈ ਤਰ੍ਹਾਂ ਦੇ ਸਵਾਲ ਪੁੱਛਣ ਲੱਗਾ। ਉਸ ਆਖਿਆ ਕਿ ਇਸਲਾਮ ਅਨੁਸਾਰ ਸੱਤ ਧਰਤੀਆਂ ਅਤੇ ਸੱਤ ਹੀ ਅਕਾਸ਼ ਹਨ। ਤੁਸੀਂ ਲੱਖਾਂ ਆਖ ਰਹੇ ਹੋ। ਗੁਰੂ ਜੀ ਦਾ ਉੱਤਰ ਸੀ, ਜਿਸਦੀ ਜਿੰਨੀ ਪਹੁੰਚ ਹੁੰਦੀ ਹੈ, ਉਹ ਉਂਨੀ ਹੀ ਜਾਣਕਾਰੀ ਦੇ ਸਕਦਾ ਹੈ। ਪੀਰ ਦੇ ਪੁੱਤਰ ਨੇ ਆਖਿਆ ਜੇਕਰ ਤੁਸੀਂ ਸੱਚ ਬੋਲਦੇ ਹੋ ਤਾਂ ਮੈਨੂੰ ਦਰਸ਼ਨ ਕਰਵਾਓ। ਆਖਿਆ ਜਾਂਦਾ ਹੈ ਕਿ ਗੁਰੂ ਜੀ ਨੇ ਉਸ ਨੂੰ ਅੱਖਾਂ ਬੰਦ ਕਰਨ ਲਈ ਆਖ ਉਸ ਦੇ ਸਿਰ ਉੱਤੇ ਹੱਥ ਰੱਖਿਆ ਤਾਂ ਉਸ ਨੂੰ ਇੰਞ ਜਾਪਿਆ ਜਿਵੇਂ ਉਹ ਬ੍ਰਹਿਮੰਡ ਵਿੱਚ ਘੁੰਮ ਰਿਹਾ ਹੈ, ਜਿੱਥੇ ਧਰਤੀਆਂ ਤੇ ਆਕਾਸ਼ ਘੁੰਮ ਰਹੇ ਸਨ। ਇਹ ਮੰਨਿਆ ਜਾਂਦਾ ਹੈ ਕਿ ਬਾਬਾ ਜੀ ਨੇ ਉਸ ਨੂੰ ਇੱਕ ਧਰਤੀ ਤੋਂ ਪ੍ਰਸ਼ਾਦ ਵੀ ਦੁਆਇਆ ਤਾਂ ਜੋ ਉਹ ਅੱਖੀਂ ਵੇਖ ਕੇ ਵਿਸ਼ਵਾਸ ਕਰ ਸਕੇ। ਕਈ ਵਿਦਵਾਨ ਇਹ ਮੰਨਦੇ ਹਨ ਕਿ ਗੁਰੂ ਜੀ ਨੇ ਉੱਥੇ ਹਾਜ਼ਰ ਸਾਰੀ ਸੰਗਤ ਲਈ ਉਹੋ ਜਿਹਾ ਹੀ ਪ੍ਰਸ਼ਾਦਿ ਤਿਆਰ ਕਰਵਾਇਆ ਜਿਹੜਾ ਪੀਰ ਦਾ ਪੁੱਤਰ ਲੈ ਕੇ ਆਇਆ ਸੀ। ਇੰਞ ਕੜਾਹ ਪ੍ਰਸ਼ਾਦਿ ਦੀ ਸ਼ੁਰੂਆਤ ਬਗਦਾਦ ਤੋਂ ਹੋਈ ਮੰਨੀ ਜਾਂਦੀ ਹੈ।

ਇਹ ਵੀ ਆਖਿਆ ਜਾਂਦਾ ਹੈ ਕਿ ਪੀਰ ਨੇ ਗੁਰੂ ਜੀ ਤੋਂ ਪੁੱਛਿਆ ਕਿ ਤੁਸੀਂ ਆਖਦੇ ਹੋ ਰੱਬ ਇੱਕ ਹੈ, ਉਹ ਹੀ ਸਭੋ ਕੁਝ ਕਰਨ ਕਰਾਵਣ ਵਾਲਾ ਹੈ ਪਰ ਇਹ ਦੱਸੋ ਇਸ ਇੱਕ ਤੋਂ ਪਹਿਲਾਂ ਕੌਣ ਸੀ। ਗੁਰੂ ਜੀ ਨੇ ਆਖਿਆ ਇੱਕ ਥਾਲ ਵਿੱਚ ਮੋਤੀ ਲੈ ਕੇ ਆਵੋ। ਪੀਰ ਨੇ ਸੋਚਿਆ ਇਹ ਫ਼ਕੀਰ ਤਾਂ ਲਾਲਚੀ ਹੈ। ਪਹਿਲਾਂ ਹੀ ਫੀਸ ਮੰਗਣ ਲੱਗ ਪਿਆ ਹੈ, ਪਰ ਉਸ ਨੇ ਮੋਤੀਆਂ ਦਾ ਥਾਲ ਮੰਗਵਾਇਆ। ਗੁਰੂ ਜੀ ਨੇ ਆਖਿਆ ਇਨ੍ਹਾਂ ਦੀ ਗਿਣਤੀ ਕਰੋ। ਪੀਰ ਗਿਣਨ ਲੱਗੇ ਇੱਕ, ਦੋ, ਤਿੰਨ, ਚਾਰ। ਗੁਰੂ ਜੀ ਨੇ ਕਿਹਾ ਕਿ ਤੁਸੀਂ ਗਲਤ ਗਿਣਤੀ ਕਰ ਰਹੇ ਹੋ, ਮੁੜ ਗਿਣਤੀ ਕਰੋ। ਪੀਰ ਨੇ ਫਿਰ ਇੱਕ ਦੋ ਤਿੰਨ ਚਾਰ ਗਿਣਨੇ ਸ਼ੁਰੂ ਕੀਤੇ। ਗੁਰੂ ਜੀ ਨੇ ਫਿਰ ਟੋਕਿਆ ਕਿ ਨਹੀਂ ਗਿਣਤੀ ਗਲਤ ਹੋ ਰਹੀ ਹੈ। ਪੀਰ ਥੋੜ੍ਹਾ ਗੁੱਸੇ ਵਿੱਚ ਆ ਗਿਆ ਤੇ ਆਖਣ ਲੱਗਾ ਤੁਸੀਂ ਇਹ ਕਿਵੇਂ ਆਖ ਸਕਦੇ ਹੋ ਕਿ ਮੈਂ ਗਲਤ ਗਿਣ ਰਿਹਾ ਹਾਂ। ਗੁਰੂ ਜੀ ਨੇ ਆਖਿਆ ਤੁਸੀਂ ਗਿਣਤੀ ਇੱਕ ਤੋਂ ਸ਼ੁਰੂ ਕਰਦੇ ਹੋ ਪਰ ਇੱਕ ਤੋਂ ਪਹਿਲਾਂ ਕੀ ਹੈ, ਪੀਰ ਨੂੰ ਗੁਰੂ ਜੀ ਦੀ ਰਮਜ਼ ਸਮਝ ਆ ਗਈ ਤੇ ਉਸ ਨੇ ਗੁਰੂ ਜੀ ਤੋਂ ਮੁਆਫ਼ੀ ਮੰਗੀ।

ਇੱਕ ਹੋਰ ਸਵਾਲ ਰਾਹੀਂ ਪੀਰ ਨੇ ਪੁੱਛਿਆ, ਤੁਸੀਂ ਕਹਿੰਦੇ ਹੋ ਰੱਬ ਸਰਵਸ਼ਕਤੀਮਾਨ ਹੈ, ਉਹ ਕੀ ਕਰ ਸਕਦਾ ਹੈ?

ਗੁਰੂ ਜੀ ਨੇ ਆਖਿਆ, ਪੀਰ ਜੀ, ਜ਼ਰਾ ਆਪਣੀ ਗੱਦੀ ਤੋਂ ਉੱਤਰ ਕੇ ਹੇਠਾਂ ਆਵੋਗੇ?

ਪੀਰ ਆਪਣੀ ਗੱਦੀ ਤੋਂ ਉੱਤਰ ਗਿਆ ਤੇ ਗੁਰੂ ਜੀ ਉਸ ਦੀ ਥਾਂ ਗੱਦੀ ਉੱਤੇ ਬੈਠ ਗਏ ਅਤੇ ਆਖਣ ਲੱਗੇ, ਉਹ ਕੁਝ ਵੀ ਕਰ ਸਕਦਾ ਹੈ। ਜਿਸ ਨੂੰ ਚਾਹੇ ਗੱਦੀ ਦੇ ਸਕਦਾ ਹੈ ਤੇ ਜਿਸ ਨੂੰ ਚਾਹੇ ਗੱਦੀਉਂ ਲਾਹ ਸਕਦਾ ਹੈ।

ਇਸੇ ਤਰ੍ਹਾਂ ਪੀਰ ਦੀ ਗੁਰੂ ਜੀ ਨਾਲ ਚਰਚਾ ਹੁੰਦੀ ਰਹੀ ਤੇ ਉਹ ਗੁਰੂ ਜੀ ਦਾ ਮੁਰੀਦ ਬਣ ਗਿਆ। ਬਗਦਾਦ ਵਿੱਚ ਹੀ ਇੱਕ ਹੋਰ ਪਹੁੰਚਿਆ ਹੋਇਆ ਸੂਫ਼ੀ ਫ਼ਕੀਰ ਬਹਿਲੋਲ ਦਾਨਾ ਰਹਿੰਦਾ ਸੀ। ਉਹ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਅਤੇ ਖੂਬ ਸੇਵਾ ਕੀਤੀ। ਆਖਿਆ ਜਾਂਦਾ ਹੈ, ਜਿਸ ਥਾਂ ਗੁਰੂ ਜੀ ਬੈਠਦੇ ਸਨ, ਉਸ ਥਾਂ ਬੈਠ ਉਹ ਸਾਰੀ ਉਮਰ ਗੁਰੂ ਜੀ ਨੂੰ ਯਾਦ ਕਰਦਾ ਰਿਹਾ।

ਬਗਦਾਦ ਵਿੱਚ ਇਹ ਇਤਿਹਾਸਕ ਸਥਾਨ ਰੇਲਵੇ ਸੇਟਸ਼ ਦੇ ਲਾਗੇ ਇੱਕ ਪੁਰਾਣੇ ਕਬਰਿਸਤਾਨ ਵਿੱਚ ਸਥਿਤ ਹੈ। ਇਸ ਕਬਰਿਸਤਾਨ ਦੇ ਇੱਕ ਕੋਨੇ ਵਿੱਚ ਦੋ ਛੋਟੇ ਜਿਹੇ ਕਮਰੇ ਸਨ ਅਤੇ ਇਨ੍ਹਾਂ ਦੇ ਚੌਗਿਰਦੇ ਚਾਰ ਦਿਵਾਰੀ ਬਣੀ ਹੋਈ ਸੀ। ਇੱਕ ਕਮਰੇ ਵਿੱਚ ਸ਼ਾਹ ਬਹਿਲੋਲ ਦੀ ਕਬਰ ਹੈ ਅਤੇ ਦੂਜੇ ਵਿੱਚ ਇੱਕ ਥੜ੍ਹਾ ਬਣਿਆ ਹੋਇਆ ਹੈ। ਇਸ ਕਮਰੇ ਵਿੱਚ ਇੱਕ ਪੱਥਰ ਵੀ ਲੱਗਾ ਹੋਇਆ ਹੈ ਜਿਸ ਉੱਤੇ ਅਰਬੀ ਭਾਸ਼ਾ ਵਿੱਚ ਗੁਰੂ ਜੀ ਦੀ ਆਮਦ ਦਾ ਵੇਰਵਾ ਅੰਕਿਤ ਹੈ। ਚਾਰ ਦਿਵਾਰੀ ਦਾ ਗੇਟ ਹਮੇਸ਼ਾ ਬੰਦ ਰਹਿੰਦਾ ਹੈ। ਇਸ ਥਾਂ ਦੀ ਦੇਖਭਾਲ ਕਰਨ ਵਾਲਾ ਵਿਅਕਤੀ ਲੋੜ ਪੈਣ ਉੱਤੇ ਹੀ ਗੇਟ ਖੋਲ੍ਹਦਾ ਹੈ। ਉਸ ਨੂੰ ਸਤਿ ਸ੍ਰੀ ਅਕਾਲ ਤੇ ਕੁਝ ਹੋਰ ਪੰਜਾਬੀ ਦੇ ਸ਼ਬਦ ਆਉਂਦੇ ਸਨ। ਇਹ ਦੱਸਿਆ ਜਾਂਦਾ ਹੈ ਕਿ ਇਸ ਥਾਂ ਦੀ ਨਿਸ਼ਾਨਦੇਹੀ ਪਹਿਲੇ ਸੰਸਾਰ ਯੁੱਧ ਸਮੇਂ ਹੋਈ ਸੀ। ਅੰਗਰੇਜ਼ ਫ਼ੌਜ ਵਿੱਚ ਬਹੁਤ ਸਾਰੇ ਪੰਜਾਬੀ ਅਤੇ ਸਿੱਖ ਭਰਤੀ ਹੋਏ ਸਨ, ਜਿਹੜੇ ਬਸਰੇ ਦੀ ਬੰਦਰਗਾਹ ਰਾਹੀਂ ਇਰਾਕ ਪੁੱਜੇ ਸਨ। ਬਸਰੇ ਦੀਆਂ ਹੂਰਾਂ ਅਤੇ ਖਜੂਰਾਂ ਦੀ ਸੁੰਦਰਤਾ ਦੀ ਵੀ ਚਰਚਾ ਉਨ੍ਹਾਂ ਹੀ ਕੀਤੀ ਸੀ। ਉਸੇ ਲੜਾਈ ਸਮੇਂ ਸੈਨਿਕਾਂ ਦੀਆਂ ਪੰਜਾਬੀ ਘਰਵਾਲੀਆਂ ਨੇ ਇਸ ਬੋਲੀ ਦੀ ਰਚਨਾ ਕੀਤੀ ਸੀ- ਬਸਰੇ ਦੀ ਲਾਮ ਟੁੱਟ ਜਾਏ, ਮੈਂ ਰੰਡੀਓਂ ਸੁਹਾਗਣ ਹੋਵਾਂ।

ਜਿੱਤ ਪ੍ਰਾਪਤ ਕਰਦੇ ਹੋਏ ਜਦੋਂ ਇਹ ਫੌਜੀ ਬਗਦਾਦ ਪੁੱਜੇ ਤਾਂ ਇਨ੍ਹਾਂ ਨੇ ਗੁਰੂ ਜੀ ਦੀ ਯਾਦਗਾਰ ਲੱਭਣ ਦਾ ਯਤਨ ਕੀਤਾ। ਅੰਗਰੇਜ਼ ਅਫਸਰਾਂ ਨੇ ਇਸ ਸਥਾਨ ਨੂੰ ਲੱਭਣ ਵਿੱਚ ਸਹਾਇਤਾ ਕੀਤੀ ਸੀ। ਇਹ ਵੀ ਆਖਿਆ ਜਾਂਦਾ ਹੈ ਕਿ ਕਮਰੇ ਅਤੇ ਚਾਰ ਦਿਵਾਰੀ ਦੀ ਸੇਵਾ ਇਨ੍ਹਾਂ ਫੌਜੀਆਂ ਵੱਲੋਂ ਹੀ ਕਰਵਾਈ ਗਈ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਸੇਵਾ ਦੇ ਮੋਹਰੀ ਪਾਰਲੀਮੈਂਟ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਦੇ ਵਡੇਰੇ ਸੂਬੇਦਾਰ ਮੇਜਰ ਫ਼ਤਹਿ ਸਿੰਘ ਸਨ। ਅੰਗਰੇਜ਼ ਧਾਰਮਿਕ ਭਾਵਨਾਵਾਂ ਦਾ ਪੂਰਾ ਲਾਭ ਉਠਾਉਣ ਵਿੱਚ ਮਾਹਿਰ ਸਨ। ਮੇਰੇ ਇੱਕ ਰਿਸ਼ਤੇਦਾਰ ਇਸ ਲੜਾਈ ਵਿੱਚ ਸਿਪਾਹੀ ਸਨ, ਜਿਨ੍ਹਾਂ ਨੂੰ ਪਿੱਛੋਂ ਬਾਰ ਵਿੱਚ ਮੁਰੱਬੇ ਵੀ ਮਿਲੇ ਸਨ। ਉਹ ਦੱਸਦੇ ਸਨ ਕਿ ਸਾਡੀ ਯੂਨਿਟ ਜਿੰਨੇ ਦਿਨ ਬਗਦਾਦ ਰਹੀ, ਸਾਨੂੰ ਇਸ ਥਾਂ ਉੱਤੇ ਦੀਵਾਨ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਅਸੀਂ ਰੁੱਖ ਦੀ ਟਾਹਣੀ ਦੀ ਦਾਤਣ ਕਰਨ ਦੇ ਆਦੀ ਸਾਂ। ਅੰਗਰੇਜ਼ ਨੇ ਆਖਿਆ ਤੁਸੀਂ ਸਾਰੇ ਸਵੇਰੇ ਦਾਤਣ ਕਰੋ। ਸਾਨੂੰ ਦਾਤਣਾਂ ਲਿਆ ਕੇ ਦਿੱਤੀਆਂ ਜਾਂਦੀਆਂ। ਇਹ ਵੀ ਹਿਦਾਇਤ ਸੀ ਕਿ ਦਾਤਣ ਦੀ ਥੋੜ੍ਹੀ ਲਕੜੀ ਨੂੰ ਖਾ ਵੀ ਲਿਆ ਕਰੋ। ਉਹ ਦੁਸ਼ਮਣ ਦੀ ਫੌਜ ਵਿੱਚ ਦਹਿਸ਼ਤ ਪੈਦਾ ਕਰਨੀ ਚਾਹੁੰਦੇ ਸਨ ਕਿ ਇਹ ਦਾਹੜੀ ਪਗੜੀ ਵਾਲੇ ਫੌਜੀ ਤਾਂ ਲੱਕੜੀਆਂ ਤਕ ਖਾ ਲੈਂਦੇ ਹਨ।

ਜਦੋਂ ਦੇਸ਼ ਅਜ਼ਾਦ ਹੋਇਆ ਤਾਂ ਗੁਆਂਢੀ ਦੇਸ਼ਾਂ, ਵਿਸ਼ੇਸ਼ ਕਰਕੇ ਇਰਾਕ ਅਤੇ ਕੁਵੈਤ ਵਿੱਚ ਰਹਿੰਦੇ ਸਿੱਖਾਂ ਨੇ ਇੱਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਨ ਦਾ ਯਤਨ ਕੀਤਾ ਪਰ ਉਦੋਂ ਦੀ ਇਰਾਕੀ ਸਰਕਾਰ ਨੇ ਆਗਿਆ ਨਹੀਂ ਦਿੱਤੀ। ਜਦੋਂ ਸ. ਸਵਰਨ ਸਿੰਘ ਭਾਰਤ ਦੇ ਵਿਦੇਸ਼ ਮੰਤਰੀ ਸਨ ਤਾਂ ਉਨ੍ਹਾਂ ਨੇ ਆਪਣੀ ਇਰਾਕ ਫੇਰੀ ਸਮੇਂ ਇਹ ਮਾਮਲਾ ਫਿਰ ਉਠਾਇਆ ਪਰ ਉਹ ਵੀ ਇਰਾਕ ਸਰਕਾਰ ਤੋਂ ਕੋਈ ਵਾਅਦਾ ਨਾ ਲੈ ਸਕੇ। ਗਿਆਨੀ ਜ਼ੈਲ ਸਿੰਘ ਹੋਰਾਂ ਦੀ ਫੇਰੀ ਵੇਲੇ ਵੀ ਚਰਚਾ ਹੋਈ। ਜਦੋਂ ਅਸੀਂ ਉੱਥੇ ਸਾਂ ਤਾਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਇਰਾਕ ਆਏ। ਅਸੀਂ ਉਨ੍ਹਾਂ ਨੂੰ ਵੀ ਬੇਨਤੀ ਕੀਤੀ। ਉਦੋਂ ਮਿ. ਭੰਡਾਰੀ ਭਾਰਤੀ ਰਾਜਦੂਤ ਸਨ। ਸਰਕਾਰ ਨੇ ਇੰਨੀ ਆਗਿਆ ਜ਼ਰੂਰ ਦੇ ਦਿੱਤੀ ਕਿ ਹਿੰਦੀ (ਇੱਥੇ ਇਰਾਕ ਵਿੱਚ ਭਾਰਤ ਵਾਸੀਆਂ ਨੂੰ ਹਿੰਦੀ ਆਖਿਆ ਜਾਂਦਾ ਹੈ।) ਛੁੱਟੀ ਵਾਲੇ ਦਿਨ ਭਾਵ ਸ਼ੁੱਕਰਵਾਰ ਨੂੰ ਇਕੱਠੇ ਹੋ ਸਕਦੇ ਹਨ। ਇਹ ਸਿਲਸਿਲਾ ਕੁਝ ਸਮਾਂ ਚੱਲਿਆ ਪਰ ਪਿੱਛੋਂ ਸਰਕਾਰ ਨੇ ਇਸਦੀ ਵੀ ਮਨਾਹੀ ਕਰ ਦਿੱਤੀ। ਕੁਵੈਤ ਅਤੇ ਹੋਰ ਅਰਬ ਦੇਸ਼ਾਂ ਵਿੱਚ ਜਿੱਥੇ ਸਿੱਖ ਰਹਿੰਦੇ ਹਨ, ਗੁਰਦੁਆਰਾ ਸਾਹਿਬ ਹਨ ਪਰ ਇਰਾਕ ਸਰਕਾਰ ਨੇ ਇਸਦੀ ਆਗਿਆ ਨਹੀਂ ਦਿੱਤੀ।

ਪਰ ਹੁਣੇ ਆਈ ਖ਼ਬਰ ਤੋਂ ਪਤਾ ਲਗਦਾ ਹੈ ਕਿ ਇਰਾਕ ਦੇ ਸੈਰ ਸਪਾਟਾ ਵਿਭਾਗ ਦੇ ਚੇਅਰਮੈਨ ਅਜਿਕ ਉਲ ਇਸ਼ਾਇਕਾਰ ਵੱਲੋਂ ਇਸ ਥਾਂ ਉੱਤੇ ਗੁਰੂ ਘਰ ਦੀ ਉਸਾਰੀ ਲਈ 7500 ਵਰਗ ਮੀਟਰ ਥਾਂ ਅਲਾਟ ਕਰ ਦਿੱਤੀ ਗਈ ਹੈ। ਇਸ ਸੇਵਾ ਦੀ ਮੋਹਰੀ ਬਾਬਾ ਨਾਨਕ ਮਿਸ਼ਨ ਸੰਸਥਾ ਹੋਵੇਗੀ। ਇਰਾਕ ਸਰਕਾਰ ਵੱਲੋਂ ਇਸਦੇ ਨਾਲ ਹੀ ਮੈਡੀਕਲ ਸੇਵਾ ਕੇਂਦਰ ਅਤੇ ਲੰਗਰ ਘਰ ਬਣਾਉਣ ਦੀ ਵੀ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਜਿੱਥੇ ਦੋਵਾਂ ਦੇਸ਼ਾਂ ਦੇ ਸੰਬੰਧ ਹੋਰ ਚੰਗੇ ਹੋਣਗੇ, ਉੱਥੇ ਸਾਰੇ ਸੰਸਾਰ ਵਿੱਚ ਗੁਰੂ ਨਾਨਕ ਨਾਮ ਲੇਵਾ ਸੰਗਤ ਵੱਡੀ ਗਿਣਤੀ ਵਿੱਚ ਇਸ ਪਵਿੱਤਰ ਥਾਂ ਦੇ ਦਰਸ਼ਨਾਂ ਲਈ ਆਇਆ ਕਰੇਗੀ। ਅਮਰੀਕਾ ਦੀਆਂ ਸਿੱਖ ਸੰਗਤਾਂ ਵਧਾਈ ਦੀਆਂ ਪਾਤਰ ਹਨ ਜਿਨ੍ਹਾਂ ਉਹ ਪ੍ਰਾਪਤੀ ਕਰ ਵਿਖਾਈ, ਜਿਸ ਨੂੰ ਸਰਕਾਰ ਵੀ ਨਾ ਕਰ ਸਕੀ।



# ਪਿੰਡਾਂ ਦਾ ਸੱਭਿਆਚਾਰ ਵੀ ਆਇਆ ਸ਼ਹਿਰੀਕਰਨ ਦੀ ਲਪੇਟ ਵਿੱਚ

## ➢ ਅਲੋਪ ਹੀ ਹੋ ਗਈਆਂ ਹਨ ਮਨਾਂ ਦੀਆਂ ਸਾਂਝਾਂ ➢ ਲੋੜ ਹੈ ਸਾਂਝ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਦੀ

ਗੁਰਬਿੰਦਰ ਸਿੰਘ ਮਾਣਕ



ਕਿਸੇ ਵੀ ਸੱਭਿਆਚਾਰ ਦਾ ਧੁਰਾ ਪਿੰਡ ਹੁੰਦੇ ਹਨ।ਮਨੁੱਖ ਸਮਾਜਿਕ ਪ੍ਰਾਣੀ ਹੋਣ ਕਾਰਨ ਇਕੱਠ ਵਿੱਚ ਵਸਣਾ ਲੋਚਦਾ ਸੀ। ਇਸੇ ਕਾਰਨ ਕੁਝ ਕੁਦਰਤੀ ਲੋੜਾਂ ਦੀ ਪੂਰਤੀ ਨੂੰ ਧਿਆਨ ਵਿੱਚ ਰੱਖਦਿਆਂ ਕਿਸੇ ਸਿਆਣੇ ਨੇ ਕੋਈ ਮੋਹੜੀ ਗੱਡ ਦਿੱਤੀ ਤੇ ਰਹਿਣਾ ਸ਼ੁਰੂ ਕਰ ਦਿੱਤਾ। ਫਿਰ ਹੌਲੀ ਹੌਲੀ ਹੋਰ ਲੋਕ ਵੀ ਇਸ ਇਕੱਠ ਵਿੱਚ ਜੁੜਦੇ ਰਹਿਣ ਨਾਲ ਪਿੰਡ ਵਸ ਜਾਂਦਾ। ਲੰਮੇ ਵਿਕਾਸ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਦਿਆਂ ਮਨੁੱਖ ਨੇ ਆਪਣੇ ਜੀਵਨ ਨੂੰ ਜਿਊਣ ਲਈ ਰਹੁ-ਰੀਤਾਂ, ਰਸਮਾਂ-ਰਿਵਾਜ ਤੇ ਅਜਿਹੇ ਹੋਰ ਨਿਯਮ ਸਿਰਜ ਲਏ ਜਿਹੜੇ ਸੱਭਿਆਚਾਰ ਦਾ ਆਧਾਰ ਬਣੇ। ਸਮਾਜ ਵਿੱਚ ਜਿਊਣ ਲਈ ਇੱਕ ਦੂਜੇ ਨਾਲ ਰਹਿਣ ਦੀ ਲੋੜ ਵਿੱਚੋਂ ਹੀ ਭਾਈਚਾਰਕ ਸਾਂਝ ਪੈਦਾ ਹੋਈ।

ਪਹਿਲਾਂ ਪਹਿਲ ਪੰਜਾਬ ਦੇ ਪਿੰਡਾਂ ਦਾ ਮਾਹੌਲ ਬਹੁਤ ਸਾਦਗੀ ਭਰਿਆ, ਨਿਰਛਲ, ਸਵਾਰਥ ਰਹਿਤ, ਸੁਹਿਰਦ ਤੇ ਇੱਕ ਦੂਜੇ ਦੇ ਕੰਮ ਆਉਣ ਦੀ ਭਾਵਨਾ ਵਾਲਾ ਸੀ। ਖੇਤੀਬਾੜੀ ਸੱਭਿਆਚਾਰ ਹੋਣ ਕਾਰਨ ਲੋਕ ਸੱਚੀ-ਸੁੱਚੀ ਕਿਰਤ ਕਰਕੇ ਮਿਹਨਤ ਦਾ ਪਸੀਨਾ ਵਹਾਉਂਦਿਆਂ ਆਪਣਾ ਪੇਟ ਪਾਲਦੇ। ਲੋੜਾਂ ਵੀ ਥੋੜ੍ਹੀਆਂ ਸਨ ਤੇ ਆਮਦਨ ਦੇ ਵਸੀਲੇ ਵੀ ਨਾਂਮਾਤਰ ਸਨ। ਇਸ ਸਭ ਦੇ ਬਾਵਜੂਦ ਆਮ ਲੋਕ ਸਬਰ-ਸੰਤੋਖ ਨਾਲ ਜਿਊਂਦੇ ਕੁਦਰਤ ਦੇ ਸ਼ੁਕਰਗੁਜ਼ਾਰ ਹੁੰਦੇ। ਜ਼ਿੰਦਗੀ ਜਿਊਣ ਲਈ ਅੱਜ ਵਰਗੀ ਭੱਜ-ਦੌੜ, ਮਾਰਾ-ਮਾਰੀ ਤੇ ਦੂਜਿਆਂ ਦਾ ਹੱਕ ਮਾਰਨ ਦੀ ਪ੍ਰਵਿਰਤੀ ਬਹੁਤ ਘੱਟ ਸੀ। ਹਰ ਕੋਈ ਸਮਾਜ ਵਿੱਚ ਵਿਚਰਦਿਆਂ ਇੱਕ ਦੂਜੇ ਦੇ ਦੁੱਖ-ਸੁੱਖ ਦਾ ਭਾਈਵਾਲ ਬਣਦਾ ਸੀ। ਖੇਤੀਬਾੜੀ ਤਾਂ ਕੇਵਲ ਘਰ ਦੀ ਵਰਤੋਂ ਤੱਕ ਹੀ ਸੀਮਤ ਸੀ। ਲੋਕ ਇੱਕ ਦੂਜੇ ਦੇ ਕੰਮਾਂਕਾਰਾਂ ਵਿੱਚ ਹੱਥ ਵਟਾਉਂਦੇ। ਕਿਸੇ ਦਾ ਕੰਮ ਪੱਛੜ ਜਾਂਦਾ ਤਾਂ ਗਲ਼ੀ-ਗੁਆਂਢ ਵਿੱਚ ਵਿਚਰਦਾ ਗੁਆਂਢੀ ਇੱਕ ਵਾਰ ਕਹਿਣ 'ਤੇ ਹੀ ਆਪਣਾ ਹਲ ਤੇ ਜੋਗ ਲੈ ਕੇ ਆ ਬਹੁੜਦਾ। ਕਿਸੇ 'ਤੇ ਕੋਈ ਬਿਪਤਾ ਆ ਪੈਂਦੀ ਤਾਂ ਪਿੰਡ ਦੇ ਲੋਕ ਆਪਣਾ ਦੁੱਖ-ਦਰਦ ਸਮਝ ਕੇ ਹੌਸਲਾ ਦਿੰਦੇ।

ਵਿਆਹ-ਸ਼ਾਦੀਆਂ ਵੇਲੇ ਤਾਂ ਪਿੰਡਾਂ ਵਿੱਚ ਭਾਈਚਾਰਕ ਸਾਂਝ ਦੇਖਦਿਆਂ ਹੀ ਬਣਦੀ ਸੀ। ਕਿਸੇ ਘਰ ਧੀ ਦਾ ਵਿਆਹ ਹੁੰਦਾ ਤਾਂ ਸਾਰੇ ਪਿੰਡ ਨੂੰ ਇਹੀ ਲੱਗਦਾ ਕਿ ਸਾਡੀ ਧੀ ਦਾ ਵਿਆਹ ਹੈ। ਵਿਆਹ ਤੋਂ ਕਈ ਕਈ ਦਿਨ ਪਹਿਲਾਂ ਹੀ ਔਰਤਾਂ ਇਕੱਠੀਆਂ ਹੋ ਕੇ ਲੋਕ-ਗੀਤਾਂ ਦੀ ਛਹਿਬਰ ਲਾਉਂਦੀਆਂ ਤੇ ਹੱਥੋ-ਹੱਥੀਂ ਵਿਆਹ ਦੇ ਕੰਮ ਸੰਵਾਰਦੀਆਂ। ਪਿੰਡ ਦੇ ਗੱਭਰੂ ਵਿਆਹ ਵਿੱਚ ਆਏ ਮੇਲ ਲਈ ਸਾਰੇ ਪ੍ਰਬੰਧ ਆਪ ਕਰਦੇ। ਪਿੰਡ ਦੇ ਘਰਾਂ ਵਿੱਚੋਂ ਮੰਜੇ-ਬਿਸਤਰੇ ਇਕੱਠੇ ਕਰਨ ਦੀ ਜ਼ਿੰਮੇਵਾਰੀ ਕਿਸੇ ਸਿਆਣੇ ਦੀ ਲਾਈ ਜਾਂਦੀ। ਜਿਹਦੇ ਘਰ ਜੋ ਵੀ ਹੁੰਦਾ, ਉਹ ਕਦੇ ਨਾਂਹ ਨਾ ਕਰਦਾ। ਜਾਂਞੀਆਂ ਦੀ ਆਓ-ਭਗਤ ਲਈ ਤਾਂ ਸਿਆਣੇ ਨੌਜਵਾਨਾਂ ਦੀ ਡਿਊਟੀ ਲਗਾਈ ਜਾਂਦੀ। ਗੱਲ ਕੀ ਸਾਂਝ ਨਾਲ ਹੀ ਸਾਰੇ ਕਾਰਜ ਨੇਪਰੇ ਚੜ੍ਹਦੇ। ਜੇ ਕੋਈ ਰੁੱਸਿਆ ਵੀ ਹੁੰਦਾ ਤਾਂ ਮਨ ਵਿੱਚ ਏਹੀ ਤਾਂਘ ਹੁੰਦੀ ਕਿ ਇੱਕ ਵਾਰ ਆਣ ਕੇ ਘਰ ਵਾਲੇ ਕਹਿ ਦੇਣ ਕਿ ਸਾਰੇ ਜਣੇ ਵਿਆਹ 'ਤੇ ਪਹੁੰਚੋ ਭਾਈ, ਤੁਹਾਡੀ ਆਪਣੀ ਧੀ ਦਾ ਕਰਜ਼ ਹੈ। ਅਗਲਾ ਤਾਂ ਪਹਿਲਾਂ ਹੀ ਤਿਆਰ ਬੈਠਾ ਹੁੰਦਾ।

ਅਸਲ ਵਿੱਚ ਬਦਲ ਰਹੇ ਸਮਿਆਂ ਨੇ ਜੀਵਨ ਦੇ ਹਰ ਪੱਖ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ। ਮਨੁੱਖੀ ਜ਼ਿੰਦਗੀ ਹੁਣ ਪਹਿਲਾਂ ਜਿਹੀ ਨਹੀਂ ਰਹੀ। ਜੀਵਨ ਦੇ ਸਮੁੱਚੇ ਵਰਤਾਰੇ ਵਿੱਚ ਕਈ ਤਬਦੀਲੀਆਂ ਆ ਚੁੱਕੀਆਂ ਹਨ। ਹੁਣ ਪਿੰਡਾਂ ਦਾ ਸੱਭਿਆਚਾਰ ਵੀ ਸ਼ਹਿਰੀਕਰਨ ਦੀ ਲਪੇਟ ਵਿੱਚ ਆ ਕੇ ਪੁਰਾਣੇ ਸਮਿਆਂ ਦੇ ਬਹੁਤ ਮੁੱਲਵਾਨ ਆਦਰਸ਼ਾਂ ਨੂੰ ਭੁੱਲਦਾ ਜਾ ਰਿਹਾ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਨਵੀਂ ਤਰ੍ਹਾਂ ਦੀ ਸਿੱਖਿਆ, ਵਿਗਿਆਨਕ ਖੋਜਾਂ, ਸੂਚਨਾ ਤੇ ਸੰਚਾਰ ਦਾ ਹੈਰਾਨਕੁੰਨ ਵਰਤਾਰਾ, ਆਵਾਜਾਈ ਦੇ ਤੇਜ਼ ਰਫ਼ਤਾਰ ਸਾਧਨ, ਵਪਾਰ, ਖੇਤੀਬਾੜੀ ਦਾ ਮੁੱਢੋਂ ਬਦਲ ਰਿਹਾ ਸਰੂਪ ਤੇ ਜੀਵਨ ਦੇ ਹਰ ਖੇਤਰ ਵਿੱਚ ਆਏ ਪਰਿਵਰਤਨ ਨੇ ਜੀਵਨ-ਜਾਚ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਮਨੁੱਖੀ ਜੀਵਨ ਦਾ ਦਾਇਰਾ ਬਹੁਤ ਵਿਸ਼ਾਲ ਹੋਇਆ ਹੈ ਪਰ ਮਨੁੱਖ ਦੇ ਅੰਦਰ ਇੱਕ ਨਵੀਂ ਤਰ੍ਹਾਂ ਦੀ ਕਸ਼ਮਕਸ਼, ਲਾਲਸਾਵਾਂ ਤੇ ਸੰਕੀਰਨਤਾ ਨੇ ਮਨੁੱਖੀ ਮਨ ਵਿੱਚ ਅਜਿਹੇ ਪੈਰ ਜਮਾ ਲਏ ਹਨ ਕਿ ਉਹ ਆਪਣੇ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਦੂਜਿਆਂ ਦੇ ਦੁੱਖ-ਦਰਦ ਨੂੰ ਸਮਝਣ ਦੀ ਜਿਹੜੀ ਭਾਵਨਾ ਪਹਿਲਾਂ ਹੁੰਦੀ ਸੀ, ਉਹ ਕੇਵਲ ਰਸਮੀ ਜਿਹੀ ਹੋ ਗਈ ਹੈ। ਮਨਾਂ ਦੀਆਂ ਸਾਂਝਾਂ ਕਿਤੇ ਲੋਪ ਹੀ ਹੋ ਗਈਆਂ ਹਨ। ਇੱਕ ਦੂਜੇ ਦੀਆਂ ਖ਼ੁਸ਼ੀਆਂ ਤੇ ਗ਼ਮੀਆਂ ਵਿੱਚ ਲੋਕ ਕੇਵਲ ਫਰਜ਼ ਪੂਰਾ ਕਰਨ ਲਈ ਹੀ ਸ਼ਾਮਲ ਹੁੰਦੇ ਹਨ।

ਅਜੇ ਪਿੰਡਾਂ ਵਿੱਚ ਤਾਂ ਆਪਸੀ ਸਾਂਝ ਦੀ ਭਾਵਨਾ ਕਿਤੇ ਕਿਤੇ ਬਚੀ ਹੋਈ ਹੈ ਪਰ ਸ਼ਹਿਰਾਂ ਤੇ ਮਹਾਨਗਰਾਂ ਵਿੱਚ ਤਾਂ ਇਹ ਸੱਭਿਆਚਾਰਕ ਰਵਾਇਤਾਂ ਲੋਪ ਹੋਣ ਦੇ ਕੰਢੇ ਹੀ ਹਨ। ਇੱਕ ਦੂਜੇ ਦੇ ਘਰਾਂ ਵਿੱਚ ਮਿਲ ਬੈਠ ਕੇ ਗੱਲਬਾਤ ਕਰਨੀ, ਕਿਸੇ ਖ਼ੁਸ਼ੀ ਨੂੰ, ਕਿਸੇ ਗ਼ਮੀ ਨੂੰ ਸਾਂਝਾ ਕਰਨਾ ਹੁਣ ਬਹੁਤ ਸੀਮਤ ਹੋ ਗਿਆ ਹੈ। ਪਹਿਲਾਂ ਲੋਕ ਅਪਣੱਤ ਵਿੱਚ ਇੱਕ ਦੂਜੇ ਤੋਂ ਕੋਈ ਚੀਜ਼ ਮੰਗਣ ਤੋਂ ਹਿਚਕਚਾਉਂਦੇਨਹੀਂ ਸਨ, ਪਰ ਇਹ ਰੁਝਾਨ ਵੀ ਹੁਣ ਬਦਲ ਰਹੇ ਸਮਿਆਂ ਦੀ ਭੇਟ ਚੜ੍ਹ ਗਿਆ ਹੈ। ਹੁਣ ਇਹ ਪਤਾ ਕਰਨ ਦੀ ਕੋਈ ਲੋੜ ਨਹੀਂ ਸਮਝਦਾ ਤੇ ਨਾ ਹੀ ਇਹ ਕੋਈ ਬਰਦਾਸ਼ਤ ਕਰਦਾ ਹੈ ਕਿ ਨਾਲ ਦੇ ਘਰ ਵਿੱਚ ਕੀ ਵਾਪਰ ਰਿਹਾ ਹੈ। ਜਿਹੜਾ ਝਾਕਣ ਦੀ ਕੋਸ਼ਿਸ਼ ਕਰਦਾ ਹੈ, ਉਸ ਨੂੰ ਬੁਰਾ ਸਮਝਿਆ ਜਾਂਦਾ ਹੈ।

ਅਸਲ ਵਿੱਚ ਸਿਆਸੀ ਪਾਰਟੀਆਂ ਨੇ ਆਪਣੇ ਹਿੱਤਾਂ ਲਈ ਪਿੰਡਾਂ ਵਿੱਚ ਧੜੇਬੰਦੀ ਪੈਦਾ ਕੀਤੀ ਹੈ। ਆਪਣਾ-ਆਪਣਾ ਵੋਟ-ਬੈਂਕ ਸਥਾਪਿਤ ਕਰਨ ਲਈ ਸਿਆਸੀ ਨੇਤਾਵਾਂ ਨੇ ਪਿੰਡਾਂ ਦੇ ਲੋਕਾਂ ਨੂੰ ਵਰਗਲਾ ਕੇ ਇੱਕ ਦੂਜੇ ਦੇ ਵਿਰੁੱਧ ਖੜ੍ਹੇ ਕਰ ਦਿੱਤਾ ਹੈ। ਸਿਆਸੀ ਨੇਤਾ ਤਾਂ ਆਪਣਾ ਮਕਸਦ ਹੱਲ ਕਰਕੇ ਚਲੇ ਜਾਂਦੇ ਹਨ ਪਰ ਪਿੰਡਾਂ ਦੇ ਲੋਕ ਇੱਕ ਦੂਜੇ ਨਾਲ ਸਦੀਵੀ ਦੁਸ਼ਮਣੀਆਂ ਪੈਦਾ ਕਰਕੇ ਪਿੰਡਾਂ ਨੂੰ ਸਿਆਸਤ ਦਾ ਅਖਾੜਾ ਬਣਾ ਲੈਂਦੇ ਹਨ। ਇਸ ਕਾਰਨ ਹੀ ਕਈ ਵਾਰ ਲੜਾਈਆਂ ਝਗੜੇ ਤੇ ਕਤਲ ਤੱਕ ਹੋ ਜਾਂਦੇ ਹਨ। ਪਿੰਡਾਂ ਦੇ ਲੋਕਾਂ ਨੂੰ ਇਸ ਵਰਤਾਰੇ ਪ੍ਰਤੀ ਚੇਤੰਨ ਹੋਣ ਦੀ ਲੋੜ ਹੈ। ਹਰ ਕਿਸੇ ਨੂੰ ਆਪਣਾ ਫ਼ੈਸਲਾ ਕਰਨ ਦੀ ਖੁੱਲ੍ਹ ਹੈ ਪਰ ਆਪਸੀ ਸਾਂਝ ਨੂੰ ਖੋਰਾ ਨਹੀਂ ਲੱਗਣਾ ਚਾਹੀਦਾ। ਜਿਹੜਾ ਨੇਤਾ ਅਜਿਹਾ ਕਰਦਾ ਹੈ, ਉਸ ਨੂੰ ਪਿੰਡ ਦੇ ਲੋਕਾਂ ਵੱਲੋਂ ਇਹ ਸਪੱਸ਼ਟ ਦੱਸ ਦੇਣਾ ਚਾਹੀਦਾ ਹੈ ਕਿ ਭਾਈਚਾਰਕ ਸਾਂਝ ਨੂੰ ਤੋੜਨ ਦਾ ਕੋਈ ਯਤਨ ਨਾ ਕੀਤਾ ਜਾਵੇ।

ਅਸੀਂ ਅਕਸਰ ਕਹਿੰਦੇ ਹਾਂ ਕਿ ਅੱਜ ਸੰਸਾਰ ਇੱਕ ਪਿੰਡ ਬਣ ਗਿਆ ਹੈ, ਦੂਰੀਆਂ ਮਿਟ ਗਈਆਂ ਹਨ ਪਰ ਨੇੜੇ ਵੱਸਦਿਆਂ ਦੇ ਦੁੱਖਾਂ-ਸੁੱਖਾਂ ਬਾਰੇ ਜਾਣਨ ਦੀ ਅਸੀਂ ਬਹੁਤੀ ਕੋਸ਼ਿਸ਼ ਨਹੀਂ ਕਰਦੇ। ਆਪਸੀ ਮਿਲਵਰਤਣ ਤੇ ਸਾਂਝ ਨਾਲ ਪਿੰਡਾਂ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕਦਾ ਹੈ। ਮਨਾਂ ਵਿੱਚੋਂ ਸਾਰੇ ਵੈਰ-ਵਿਰੋਧ ਤੇ ਵਿਤਕਰੇ ਭੁਲਾ ਕੇ ਸਾਂਝ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨਾ, ਮਨੁੱਖੀ ਜੀਵਨ ਨੂੰ ਹੋਰ ਸੁਚੱਜਾ ਬਣਾਉਣ ਲਈ ਬੇਹੱਦ ਜ਼ਰੂਰੀ ਹੈ।






# ਸਿਹਤ ਸੰਭਾਲ



# ਜ਼ਿਆਦਾ ਦੇਰ ਤੱਕ ਬੈਠਣਾ ਸਿਹਤ ਲਈ ਹਾਨੀਕਾਰਕ

ਤਕਨੀਕੀ ਯੁੱਗ ਕਰਕੇ ਵਰਕ ਕਲਚਰ ਵੀ ਬਦਲ ਗਿਆ ਹੈ। ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਘੰਟਿਆਂਬੱਧੀ ਦਫ਼ਤਰ ਵਿੱਚ ਬੈਠਣਾ ਇੱਕ ਆਮ ਗੱਲ ਹੋ ਗਈ ਹੈ। ਬਹੁਤ ਸਾਰੇ ਲੋਕ ਲਗਾਤਾਰ ਆਪਣੀ ਸੀਟ ਉੱਤੇ ਬੈਠੇ ਰਹਿੰਦੇ ਹਨ ਤੇ ਕੰਮ ਕਰਦੇ ਰਹਿੰਦੇ ਹਨ। ਉਹ ਕਈ ਵਾਰ ਤਾਂ ਪਾਣੀ ਪੀਣਾ ਜਾਂ ਲੰਚ ਕਰਨਾ ਵੀ ਭੁੱਲ ਜਾਂਦੇ ਹਨ। ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਤੁਹਾਡੀ ਸਿਹਤ ਲਈ ਹਾਨੀਕਾਰਕ ਸਾਬਤ ਹੋ ਸਕਦਾ ਹੈ? ਦੱਖਣੀ ਅਫ਼ਰੀਕਾ ਵਿੱਚ ਕੀਤੇ ਗਏ ਇੱਕ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਲੰਬੇ ਸਮੇਂ ਤੱਕ ਦਫ਼ਤਰ ਵਿੱਚ ਬੈਠਣ ਨਾਲ ਨਾ ਸਿਰਫ਼ ਤੁਹਾਡੀ ਸਰੀਰਕ ਗਤੀਵਿਧੀ ਵਿੱਚ ਕਮੀ ਆਉਂਦੀ ਹੈ, ਸਗੋਂ ਇਸ ਨਾਲ ਕਈ ਸਿਹਤ ਸਮੱਸਿਆਵਾਂ ਵੀ ਹੋ ਸਕਦੀਆਂ ਹਨ। ਜੋਹਾਨਸਬਰਗ, ਦੱਖਣੀ ਅਫਰੀਕਾ ਵਿੱਚ ਕਰਵਾਏ ਗਏ ਇਸ ਅਧਿਐਨ ਵਿੱਚ 122 ਦਫਤਰੀ ਕਰਮਚਾਰੀ ਸ਼ਾਮਲ ਸਨ। ਜ਼ਿਆਦਾਤਰ ਭਾਗੀਦਾਰ ਔਰਤਾਂ (68%) ਸਨ, ਜਿਨ੍ਹਾਂ ਦੀ ਔਸਤ ਉਮਰ 40 ਸਾਲ ਸੀ। ਅਧਿਐਨ ਵਿੱਚ ਪਾਇਆ ਗਿਆ ਕਿ ਜੋ ਲੋਕ 8 ਘੰਟੇ ਤੋਂ ਜ਼ਿਆਦਾ ਦਫਤਰ ਵਿੱਚ ਬੈਠਦੇ ਹਨ, ਉਨ੍ਹਾਂ ਵਿਚ ਦਿਲ ਦੀ ਬਿਮਾਰੀ, ਸ਼ੂਗਰ, ਮੋਟਾਪਾ, ਜੋੜਾਂ 'ਚ ਦਰਦ ਅਤੇ ਕੁਝ ਖਾਸ ਤਰ੍ਹਾਂ ਦੇ ਕੈਂਸਰ ਦਾ ਖਤਰਾ ਵਧ ਜਾਂਦਾ ਹੈ।

ਅਧਿਐਨ ਦੇ ਪ੍ਰਮੁੱਖ ਖੋਜਕਰਤਾ, ਨੀਲ ਐੱਫ. ਗੋਰਡਨ ਦਾ ਕਹਿਣਾ ਹੈ ਕਿ ਸਰੀਰਕ ਤੌਰ 'ਤੇ ਸਰਗਰਮ ਨਾ ਹੋਣਾ ਇੱਕ ਗੰਭੀਰ ਜਨਤਕ ਸਿਹਤ ਸਮੱਸਿਆ ਹੈ। ਲੰਬੇ ਸਮੇਂ ਤੱਕ ਦਫ਼ਤਰ ਵਿੱਚ ਬੈਠਣ ਨਾਲ ਨਾ ਸਿਰਫ਼ ਤੁਹਾਡੀਆਂ ਮਾਸਪੇਸ਼ੀਆਂ ਕਮਜ਼ੋਰ ਹੁੰਦੀਆਂ ਹਨ, ਸਗੋਂ ਇਸ ਨਾਲ ਬਲੱਡ ਪ੍ਰੈਸ਼ਰ, ਕੋਲੈਸਟ੍ਰੋਲ ਦਾ ਪੱਧਰ ਵੀ ਵਧ ਸਕਦਾ ਹੈ ਅਤੇ ਟਾਈਪ-2 ਡਾਇਬਟੀਜ਼ ਦਾ ਖ਼ਤਰਾ ਵੀ ਵੱਧ ਸਕਦਾ ਹੈ।

ਅਧਿਐਨ ਦੇ ਨਤੀਜਿਆਂ ਤੋਂ ਬਾਅਦ, ਮਾਹਿਰਾਂ ਨੇ ਕੁਝ ਸੁਝਾਅ ਦਿੱਤੇ ਹਨ, ਜਿਨ੍ਹਾਂ ਨੂੰ ਅਪਣਾ ਕੇ ਤੁਸੀਂ ਲੰਬੇ ਸਮੇਂ ਤੱਕ ਦਫਤਰ ਵਿੱਚ ਬੈਠਣ ਦੇ ਨੁਕਸਾਨ ਤੋਂ ਬਚ ਸਕਦੇ ਹੋ।

**ਹਰ ਘੰਟੇ ਉੱਠੋ ਅਤੇ ਘੁੰਮੋ:** ਆਪਣੀ ਕੁਰਸੀ ਤੋਂ ਉੱਠੋ, ਸੈਰ ਕਰੋ, ਪਾਣੀ ਪੀਓ ਜਾਂ ਕੁਝ ਖਿੱਚਣ ਵਾਲੀ ਕਸਰਤ ਵੀ ਕਰੋ।



**ਇੱਕ ਸਟੈਂਡ-ਅੱਪ ਡੈਸਕ ਦੀ ਵਰਤੋਂ ਕਰੋ:** ਜਿੱਥੇ ਸੰਭਵ ਹੋਵੇ, ਦਫ਼ਤਰ ਵਿੱਚ ਇੱਕ ਸਟੈਂਡ-ਅੱਪ ਡੈਸਕ ਦੀ ਵਰਤੋਂ ਕਰੋ। ਇਸ ਨਾਲ ਤੁਸੀਂ ਬੈਠਣ ਦਾ ਸਮਾਂ ਘੱਟ ਕਰ ਸਕਦੇ ਹੋ।

**ਪੌੜੀਆਂ ਦੀ ਵਰਤੋਂ ਕਰੋ:** ਲਿਫਟ ਦੀ ਬਜਾਏ ਪੌੜੀਆਂ ਦੀ ਵਰਤੋਂ ਕਰਨ ਨਾਲ ਤੁਹਾਡੀ ਸਰੀਰਕ ਗਤੀਵਿਧੀ ਵਧੇਗੀ।

**ਕਸਰਤ:** ਕਸਰਤ ਨੂੰ ਆਪਣੀ ਰੋਜ਼ਾਨਾ ਰੁਟੀਨ ਦਾ ਹਿੱਸਾ ਬਣਾਓ। ਦਫ਼ਤਰ ਤੋਂ ਬਾਅਦ ਨਿਯਮਿਤ ਤੌਰ 'ਤੇ ਕਸਰਤ ਕਰਨਾ ਨਾ ਭੁੱਲੋ।

ਡਬਲਯੂ.ਐਚ.ਓ. ਨੇ ਜਾਰੀ ਕੀਤਾ ਅਲਰਟ

# ਹੈਪੇਟਾਈਟਸ ਬਿਮਾਰੀ ਨਾਲ ਪੀੜ੍ਹਤ ਲੋਕਾਂ ਦੀ ਵਧੀ ਗਿਣਤੀ

## ਹਰ ਰੋਜ਼ ਵਾਇਰਲ ਹੈਪੇਟਾਈਟਸ ਨਾਲ ਨਵੇਂ ਸੰਕਰਮਿਤ ਹੋ ਰਹੇ ਨੇ 6000 ਤੋਂ ਵੱਧ ਲੋਕ



ਵਸ਼ਿੰਗਟਨ/ਏ.ਟੀ.ਨਿਊਜ਼: ਡਬਲਯੂ.ਐਚ.ਓ. ਨੇ ਕਿਹਾ ਕਿ ਹੈਪੇਟਾਈਟਸ ਦੀ ਬਿਮਾਰੀ ਨਾਲ ਮਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਇਸ ਬਿਮਾਰੀ ਨਾਲ ਦੁਨੀਆਂ ਭਰ ਵਿੱਚ 13 ਲੱਖ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਹਾਲੇ ਵੀ ਮੌਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ। ਡਬਲਯੂ.ਐਚ.ਓ. 2024 ਗਲੋਬਲ ਹੈਪੇਟਾਈਟਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 187 ਦੇਸ਼ਾਂ ਦੇ ਨਵੇਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਵਾਇਰਲ ਹੈਪੇਟਾਈਟਸ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 2019 ਵਿੱਚ 11 ਲੱਖ ਤੋਂ ਵੱਧ ਕੇ 2022 ਵਿੱਚ 13 ਲੱਖ ਹੋ ਗਈ ਸੀ। ਇਨ੍ਹਾਂ ਵਿੱਚੋਂ 83 ਫ਼ੀਸਦੀ ਮੌਤਾਂ ਹੈਪੇਟਾਈਟਸ ਬੀ ਅਤੇ 17 ਫ਼ੀਸਦੀ ਹੈਪੇਟਾਈਟਸ ਸੀ ਕਾਰਨ ਹੋਈਆਂ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹੈਪੇਟਾਈਟਸ ਬੀ ਅਤੇ ਸੀ ਦੀ ਲਾਗ ਕਾਰਨ ਦੁਨੀਆਂ ਭਰ ਵਿੱਚ ਹਰ ਰੋਜ਼ 3,500 ਲੋਕ ਮਰ ਰਹੇ ਹਨ।

ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਦੇ ਡਾਇਰੈਕਟਰ-ਜਨਰਲ ਡਾਕਟਰ ਟੇਡਰੋਸ ਅਦਨੋਮ ਘੇਬ੍ਰੇਯੇਸਸ ਨੇ ਕਿਹਾ ਕਿ ਰਿਪੋਰਟ ਤੁਹਾਨੂੰ ਥੋੜਾ ਜਿਹਾ ਪਰੇਸ਼ਾਨ ਕਰ ਸਕਦੀ ਹੈ। ਹੈਪੇਟਾਈਟਸ ਦੀ ਲਾਗ ਨੂੰ ਰੋਕਣ ਲਈ ਵਿਸ਼ਵ ਪੱਧਰ 'ਤੇ ਤਰੱਕੀ ਹੋਈ ਹੈ, ਪਰ ਮੌਤਾਂ ਦੀ ਗਿਣਤੀ ਅਜੇ ਵੀ ਵੱਧ ਰਹੀ ਹੈ। ਹੈਪੇਟਾਈਟਸ ਵਾਲੇ ਬਹੁਤ ਘੱਟ ਲੋਕਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਡਬਲਯੂ.ਐਚ.ਓ. ਦੇਸ਼ਾਂ ਨੂੰ ਉਨ੍ਹਾਂ ਦੇ ਨਿਪਟਾਰੇ 'ਤੇ ਸਾਰੇ ਸਾਧਨਾਂ ਦੀ ਵਰਤੋਂ ਕਰਕੇ ਸਹਾਇਤਾ ਕਰਨ ਲਈ ਵਚਨਬੱਧ ਹੈ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹੁਣ ਜਾਂਚ ਅਤੇ ਇਲਾਜ ਲਈ ਬਿਹਤਰ ਉਪਕਰਨ ਉਪਲਬਧ ਹਨ ਅਤੇ ਇਨ੍ਹਾਂ ਦੀਆਂ ਕੀਮਤਾਂ ਵੀ ਡਿੱਗ ਰਹੀਆਂ ਹਨ ਪਰ ਟੈਸਟਿੰਗ ਅਤੇ ਇਲਾਜ ਕਵਰੇਜ ਦਰਾਂ ਵਿੱਚ ਵਾਧਾ ਨਹੀਂ ਹੋਇਆ ਹੈ। ਪਰ ਏਜੰਸੀ ਨੇ ਇਹ ਵੀ ਕਿਹਾ ਕਿ ਜੇਕਰ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ ਤਾਂ 2030 ਤੱਕ ਡਬਲਯੂ.ਐਚ.ਓ. ਦੇ ਖਾਤਮੇ ਦੇ ਟੀਚੇ ਤੱਕ ਪਹੁੰਚਣਾ ਸੰਭਵ ਹੋ ਸਕਦਾ ਹੈ। ਡਬਲਯੂ.ਐਚ.ਓ. ਮੁਖੀ ਨੇ ਕਿਹਾ ਕਿ ਵਿਸ਼ਵ ਸਿਹਤ ਸੰਸਥਾ ਸਾਰੇ ਦੇਸ਼ਾਂ ਨੂੰ ਹਰ ਸੰਭਵ ਮਦਦ ਪ੍ਰਦਾਨ ਕਰਨ ਲਈ ਵਚਨਬੱਧ ਹੈ, ਤਾਂ ਜੋ ਉਹ ਹਰ ਉਪਲਬਧ ਉਪਾਅ ਦੀ ਕੋਸ਼ਿਸ਼ ਕਰ ਸਕਣ।

ਗਲੋਬਲ ਹੈਲਥ ਏਜੰਸੀ ਦੇ ਤਾਜ਼ਾ ਅਨੁਮਾਨਾਂ ਮੁਤਾਬਕ, 2022 ਵਿੱਚ 254 ਮਿਲੀਅਨ ਲੋਕ ਹੈਪੇਟਾਈਟਸ ਬੀ ਅਤੇ 50 ਮਿਲੀਅਨ ਲੋਕ ਹੈਪੇਟਾਈਟਸ ਸੀ ਨਾਲ ਜੀਅ ਰਹੇ ਹੋਣਗੇ। ਪੁਰਾਣੀ ਹੈਪੇਟਾਈਟਸ ਬੀ ਅਤੇ ਸੀ ਦੀ ਲਾਗ ਦਾ 30-54 ਸਾਲ ਦੀ ਉਮਰ ਦੇ ਲੋਕਾਂ ਨੂੰ ਲੱਗੀ ਹੋਈ ਹੈ, ਜਿਹੜਾ ਆਬਾਦੀ ਦਾ 12% ਹਿੱਸਾ ਹੈ, 18 ਸਾਲ ਤੋਂ ਘੱਟ ਉਮਰ ਦੇ ਬੱਚੇ ਅਤੇ ਸਾਰੇ ਕੇਸਾਂ ਵਿੱਚੋਂ 58 ਫੀਸਦੀ ਪੁਰਸ਼ ਸ਼ਾਮਲ ਹਨ।

ਹਾਲਾਂਕਿ 2019 ਦੇ ਮੁਕਾਬਲੇ ਨਵੀਆਂ ਘਟਨਾਵਾਂ ਵਿੱਚ ਥੋੜ੍ਹੀ ਕਮੀ ਆਈ ਹੈ, ਵਾਇਰਲ ਹੈਪੇਟਾਈਟਸ ਦੀਆਂ ਸਮੁੱਚੀ ਘਟਨਾਵਾਂ ਬਹੁਤ ਜ਼ਿਆਦਾ ਹੋ ਗਈਆਂ ਹਨ। 2022 ਵਿੱਚ, 2.2 ਮਿਲੀਅਨ ਨਵੇਂ ਲਾਗ ਦੇ ਮਾਮਲੇ ਸਾਹਮਣੇ ਆਏ, ਜਦਕਿ 2019 ਵਿੱਚ 2.5 ਮਿਲੀਅਨ ਤੋਂ ਘੱਟ ਹਨ।ਇਨ੍ਹਾਂ ਵਿੱਚ 1.2 ਮਿਲੀਅਨ ਨਵੇਂ ਹੈਪੇਟਾਈਟਸ ਬੀ ਅਤੇ ਲਗਭਗ 1 ਮਿਲੀਅਨ ਨਵੇਂ ਹੈਪੇਟਾਈਟਸ ਸੀ ਦੀ ਲਾਗ ਵਾਲੇ ਸ਼ਾਮਲ ਹਨ। ਹਰ ਰੋਜ਼ 6000 ਤੋਂ ਵੱਧ ਲੋਕ ਵਾਇਰਲ ਹੈਪੇਟਾਈਟਸ ਨਾਲ ਨਵੇਂ ਸੰਕਰਮਿਤ ਹੋ ਰਹੇ ਹਨ।

ਰਿਪੋਰਟ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ ਬੰਗਲਾਦੇਸ਼, ਚੀਨ, ਇਥੋਪੀਆ, ਭਾਰਤ, ਇੰਡੋਨੇਸ਼ੀਆ, ਨਾਈਜੀਰੀਆ, ਪਾਕਿਸਤਾਨ, ਫਿਲੀਪੀਨਜ਼, ਰਸ਼ੀਅਨ ਫੈਡਰੇਸ਼ਨ ਅਤੇ ਵੀਅਤਨਾਮ, ਹੈਪੇਟਾਈਟਸ ਬੀ ਅਤੇ ਸੀ ਦੇ ਗਲੋਬਲ ਬੋਝ ਦਾ ਦੋ-ਤਿਹਾਈ ਹਿੱਸਾ ਹੈ। ਜ਼ਿਕਰਯੋਗ ਹੈ ਕਿ ਕਿਫਾਇਤੀ ਜੈਨਰਿਕ ਵਾਇਰਲ ਹੈਪੇਟਾਈਟਸ ਦਵਾਈਆਂ ਦੀ ਉਪਲਬਧਤਾ ਦੇ ਬਾਵਜੂਦ, ਬਹੁਤ ਸਾਰੇ ਦੇਸ਼ ਇਨ੍ਹਾਂ ਨੂੰ ਘੱਟ ਕੀਮਤ 'ਤੇ ਖਰੀਦਣ ਵਿੱਚ ਅਸਫਲ ਰਹਿੰਦੇ ਹਨ, ਸਿਹਤ ਸੰਸਥਾ ਨੇ ਆਪਣੀ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ।

# ਮਾਈਗ੍ਰੇਨ ਦੀ ਸਮੱਸਿਆ ਤੋਂ ਕਿਵੇਂ ਮਿਲੇ ਛੁਟਕਾਰਾ



ਗਰਮੀਆਂ ਦੇ ਮੌਸਮ 'ਚ ਜਿਵੇਂ-ਜਿਵੇਂ ਤਾਪਮਾਨ ਵਧਦਾ ਹੈ, ਕੁਝ ਲੋਕਾਂ ਨੂੰ ਮਾਈਗ੍ਰੇਨ ਦੀ ਸਮੱਸਿਆ ਵੀ ਵਧਣ ਲੱਗਦੀ ਹੈ। ਮਾਈਗ੍ਰੇਨ ਤੋਂ ਪੀੜਤ ਲੋਕਾਂ ਲਈ ਗਰਮੀ ਦਾ ਮੌਸਮ ਬਹੁਤ ਮੁਸ਼ਕਿਲ ਸਮਾਂ ਹੁੰਦਾ ਹੈ। ਅਜਿਹੇ 'ਚ ਤੁਸੀਂ ਕੁਝ ਕੁਦਰਤੀ ਤੇ ਘਰੇਲੂ ਨੁਸਖਿਆਂ ਨੂੰ ਅਜ਼ਮਾ ਕੇ ਮਾਈਗ੍ਰੇਨ ਦੀ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹੋ। ਅਸ਼ਟਾਂਗ ਆਯੁਰਵੇਦ ਕਾਲਜ, ਇੰਦੌਰ ਦੇ ਡਾਕਟਰ ਅਖਿਲੇਸ਼ ਭਾਰਗਵ ਇੱਥੇ ਕੁਝ ਮਹੱਤਵਪੂਰਨ ਟਿਪਸ ਦੱਸ ਰਹੇ ਹਨ, ਜਿਨ੍ਹਾਂ ਨੂੰ ਅਪਣਾ ਕੇ ਤੁਸੀਂ ਮਾਈਗ੍ਰੇਨ ਦੀ ਸਮੱਸਿਆ ਨੂੰ ਘੱਟ ਕਰ ਸਕਦੇ ਹੋ।

### ਖੂਬ ਪਾਣੀ ਪੀਓ

ਗਰਮੀ ਦੇ ਮੌਸਮ 'ਚ ਸਰੀਰ 'ਚ ਪਾਣੀ ਦੀ ਘਾਟ ਹੋਣ ਕਾਰਨ ਮਾਈਗ੍ਰੇਨ ਦੀ ਸਮੱਸਿਆ ਵੀ ਹੋ ਸਕਦੀ ਹੈ। ਅਜਿਹੇ 'ਚ ਹਰ ਰੋਜ਼ ਘੱਟ ਤੋਂ ਘੱਟ 4 ਤੋਂ 5 ਲੀਟਰ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਇਸ ਦੌਰਾਨ ਵਿਅਕਤੀ ਨੂੰ ਕੋਲਡ ਡਰਿੰਕਸ ਜਾਂ ਕੈਫੀਨ ਦੇ ਸੇਵਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

### ਟ੍ਰਿਗਰ ਫੂਡਜ਼ ਦਾ ਕਰੋ ਸੇਵਨ

ਕੁਝ ਖੁਰਾਕੀ ਪਦਾਰਥ ਤੇ ਡ੍ਰਿੰਕਸ ਦੇ ਸੇਵਨ ਨਾਲ ਵੀ ਮਾਈਗ੍ਰੇਨ ਟ੍ਰਿਗਰ ਹੋ ਸਕਦਾ ਹੈ। ਅਜਿਹੇ 'ਚ ਗਰਮੀ ਦੇ ਮੌਸਮ 'ਚ ਪਨੀਰ, ਮੀਟ, ਚਾਕਲੇਟ ਜਾਂ ਅਲਕੋਹਲ ਦਾ ਜ਼ਿਆਦਾ ਸੇਵਨ ਨਹੀਂ ਕਰਨਾ ਚਾਹੀਦਾ। ਤੁਹਾਨੂੰ ਆਪਣੀ ਖੁਰਾਕ ਨੂੰ ਕੰਟਰੋਲ ਕਰਨਾ ਚਾਹੀਦਾ ਤੇ ਸੰਭਵ ਹੋਵੇ ਤਾਂ ਡਾਈਟ ਪਲਾਨ ਨੂੰ ਵੀ ਫਾਲੋ ਕਰੋ। ਇੱਕ ਡਾਇਰੀ ਵਿੱਚ ਨੋਟ ਕਰਨਾ ਯਕੀਨੀ ਬਣਾਓ ਕਿ ਤੁਸੀਂ ਹਰ ਰੋਜ਼ ਸਵੇਰ ਤੋਂ ਰਾਤ ਤਕ ਕੀ ਖਾ ਰਹੇ ਹੋ।

### ਬਹੁਤ ਜ਼ਿਆਦਾ ਧੁੱਪ ਵਿੱਚ ਬਾਹਰ ਨਾ ਜਾਓ

ਤੇਜ਼ ਧੁੱਪ ਕਾਰਨ ਵੀ ਲੋਕ ਮਾਈਗ੍ਰੇਨ ਤੋਂ ਪੀੜਤ ਹੋ ਸਕਦੇ ਹਨ। ਜੇਕਰ ਤੁਸੀਂ ਗਰਮੀ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਧੁੱਪ 'ਚ ਬਾਹਰ ਜਾਣ ਤੋਂ ਬਚੋ। ਜੇਕਰ ਸੰਭਵ ਹੋਵੇ ਤਾਂ ਘਰੋਂ ਬਾਹਰ ਜਾ ਕੇ ਕਰਨ ਵਾਲੇ ਕੰਮ ਸਵੇਰੇ ਜਲਦੀ ਜਾਂ ਸ਼ਾਮ ਦੇ ਸਮੇਂ ਕਰੋ। ਜੇਕਰ ਦੁਪਹਿਰ ਵੇਲੇ ਘਰੋਂ ਬਾਹਰ ਜਾਣਾ ਪਵੇ ਤਾਂ ਸਿਰ 'ਤੇ ਟੋਪੀ ਤੇ ਚਸ਼ਮਾ ਪਹਿਨ ਕੇ ਹੀ ਨਿਕਲੋ।

### ਲੋੜੀਂਦੀ ਨੀਂਦ ਜ਼ਰੂਰ ਲਓ

ਨੀਂਦ ਦੇ ਪੈਟਰਨ 'ਚ ਬਦਲਾਅ ਨਾਲ ਮਾਈਗ੍ਰੇਨ ਦੀ ਸਮੱਸਿਆ ਵੀ ਹੋ ਸਕਦੀ ਹੈ। ਹਰ ਰੋਜ਼ ਇੱਕੋ ਸਮੇਂ ਸੌਣ ਤੇ ਜਾਗਣ ਦੀ ਕੋਸ਼ਿਸ਼ ਕਰੋ। ਜੇਕਰ ਤੁਸੀਂ ਇਸ ਪੈਟਰਨ ਨੂੰ ਇੱਕ ਹਫਤੇ ਤਕ ਵੀ ਅਪਣਾਉਂਦੇ ਹੋ ਤਾਂ ਤੁਸੀਂ ਦੇਖੋਗੇ ਕਿ ਤੁਹਾਨੂੰ ਮਾਈਗ੍ਰੇਨ ਦੇ ਦਰਦ ਤੋਂ ਕਾਫੀ ਰਾਹਤ ਮਿਲੇਗੀ। ਹਰ ਰੋਜ਼ ਘੱਟੋ-ਘੱਟ 8 ਘੰਟੇ ਚੰਗੀ ਨੀਂਦ ਲੈਣਾ ਯਕੀਨੀ ਬਣਾਓ।

### ਸਿਹਤਮੰਦ ਖੁਰਾਕ ਤੇ ਕਸਰਤ

ਮਾਈਗ੍ਰੇਨ ਤੋਂ ਬਚਣ ਲਈ ਕਿਸੇ ਨੂੰ ਜ਼ਿਆਦਾ ਭਾਰੀ ਭੋਜਨ ਨਹੀਂ ਖਾਣਾ ਚਾਹੀਦਾ। ਫਲ, ਸਬਜ਼ੀਆਂ, ਸਾਬਤ ਅਨਾਜ ਤੇ ਘੱਟ ਚਰਬੀ ਵਾਲੇ ਭੋਜਨ ਖਾਓ। ਇਸ ਤੋਂ ਇਲਾਵਾ ਰੋਜ਼ਾਨਾ ਘੱਟੋ-ਘੱਟ 30 ਤੋਂ 40 ਕਸਰਤਾਂ ਕਰੋ। ਹਫ਼ਤੇ 'ਚ 3 ਦਿਨ ਕਾਰਡੀਓ ਕਸਰਤ ਵੀ ਕਰੋ। ਅਜਿਹਾ ਕੁਝ ਨਾ ਕਰੋ ਜਿਸ ਨਾਲ ਤਣਾਅ ਵਧੇ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਕਹਾਣੀ

ਰਵੇਲ ਸਿੰਘ ਇਟਲੀ

# ਟੌਫੀਆਂ ਵਾਲਾ ਭਾਪਾ

ਚੌਦਾਂ ਸਾਲ ਦੇ ਲੰਮੇ ਸਮੇਂ ਪਿੱਛੋਂ ਵਿਦੇਸ਼ ਵਿੱਚ ਆਪਣਿਆਂ ਬੱਚਿਆਂ ਕੋਲ ਰਹਿਕੇ ਜਦੋਂ ਉਹ ਆਪਣੇ ਪਿੰਡ ਪਰਤਿਆ ਤਾਂ ਉਸ ਦੇ ਸਾਦ ਮੁਰਾਦੇ ਪਿੰਡ 'ਤੇ ਹਰ ਪੱਖੋਂ ਬਹੁਤ ਨਿਖਾਰ ਆਇਆ ਹੈ।

ਕੱਚਿਆਂ ਕੋਠਿਆਂ ਤੇ ਢਾਰਿਆਂ ਦੀ ਥਾਂ ਹੁਣ ਉੱਚੀਆਂ ਉੱਚੀਆਂ ਦੋ ਦੋ ਤਿੰਨ ਮੰਜ਼ਲਾਂ ਵਾਲੀਆਂ ਕੋਠੀਆਂ ਨੇ ਲੈ ਲਈ ਹੈ। ਵੇਖਾ ਵੇਖੀ ਹੋਰ ਵੀ ਧੜਾ ਧੜ ਨਵੇਂ ਨਵੇਂ ਨਮੂਨਿਆਂ ਦੇ ਘਰ ਬਣਾਏ ਜਾ ਰਹੇ ਹਨ।

ਜਿੱਥੇ ਕਦੇ ਪਿੰਡ ਦੇ ਗੜ੍ਹੇ ਹੁੰਦੇ ਸਨ, ਉੱਥੇ ਹਰ ਕਿਸਮ ਦੀਆਂ ਦੁਕਾਨਾਂ ਬਣ ਗਈਆਂ ਹਨ,ਜੋ ਹੁਣ ਮਾੜੇ ਮੋਟੇ ਬਾਜਾਰ ਵਰਗੀਆਂ ਲਗਦੀਆਂ ਹਨ। ਪਿੰਡ ਵਿੱਚ ਬੜੇ ਆਲੀ ਸ਼ਾਨ ਬਣੇ ਗੁਰਦੁਆਰੇ ਤੇ ਅਰਸ਼ਾਂ ਨੂੰ ਛੁਹੰਦਾ ਝੂਲਦਾ ਨਿਸ਼ਾਨ ਸਾਹਿਬ, ਇਸ ਦੇ ਇਲਾਵਾ ਮੰਦਰ,ਧਰਮ ਸ਼ਾਲਾ, ਤੇ ਈਸਾਈ ਧਰਮ ਦਾ ਗਿਰਜਾ ਵੀ ਬਣ ਗਿਆ ਹੈ।

ਜਦੋਂ ਉਹ ਵਿਦੇਸ਼ ਗਿਆ ਸੀ ਓਦੋਂ ਪਿੰਡ ਦਾ ਕੋਈ ਟਾਂਵਾਂ ਟਾਂਵਾਂ ਬੰਦਾ ਹੀ ਵਿਦੇਸ਼ ਗਿਆ ਸੀ ,ਪਰ ਹੁਣ ਤਾਂ ਤਕਰੀਬਨ ਹਰ ਘਰ ਵਿੱਚੋਂ ਕੋਈ ਨਾ ਕੋਈ ਜੀਅ ਵਿਦੇਸ਼ ਚਲਾ ਗਿਆ ਹੈ।

ਜਿਸ ਕਰਕੇ ਉਸ ਦਾ ਪਿੰਡ ਹੁਣ ਹਰ ਪੱਖੋਂ ਚੜ੍ਹਦੀਆਂ ਕਲਾਂ ਵਿੱਚ ਜਾ ਹੈ।

ਦੇਸ਼ ਦੀ ਵੰਡ ਵੇਲੇ ਮੁਸਲਮਾਨ ਭਰਾ ਪਾਕਿਸਤਾਨ ਹਿਜਰਤ ਕਰ ਤੇ ਚਲੇ ਗਏ ਪਰ ਉਨ੍ਹਾਂ ਦੇ ਕਿਸੇ ਵੇਲੇ ਦੇ ਇੱਸ ਪਿੰਡ ਦੇ ਚੜ੍ਹਦੇ ਉੱਤਰ ਵੱਲ ਇੱਕ ਵੱਡਾ ਕਬਰਸਤਾਨ ਸੀ ਜੋ ਹੁਣ ਵੀ ਹੈ। ਚੱਕ ਬੰਦੀ ਵੇਲੇ ਈਸਾਈ ਬਿਰਾਦਰੀ ਲਈ ਇਸ ਦੇ ਨਾਲ ਦਾ ਕੁਝ ਹਿੱਸਾ ਵੱਖਰਾ ਕਰ ਦਿੱਤਾ ਗਿਆ। ਬਾਕੀ ਦਾ ਵਕਫ ਬੋਰਡ ਦੇ ਕੰਟਰੋਲ ਹੇਠ ਆ ਜਾਣ ਕਰਕੇ ਲੋੜ ਵੰਦ ਲੋਕਾਂ ਨੂੰ ਲੀਜ਼ ਤੇ ਦੇ ਦਿੱਤਾ ਗਿਆ। ਪਰ ਪਿੰਡ ਦੇ ਨਾਲ ਲਗਦੀਆਂ ਫਕੀਰਾਂ ਦੇ ਦੋ ਮਜਾਰ ਹਨ ਜੋ ਪਿੰਡ ਲੋਕਾਂ ਦੀ ਆਸਥਾ ਕਰ ਕੇ ਜਿਉਂ ਦੇ ਤਿਉਂ ਬਣੇ ਆ ਰਹੇ ਹਨ। ਜਿਨਾਂ ਤੇ ਹਰ ਵੀਰ ਵਾਰ ਨੂੰ ਲੋਕ ਆਪੋ ਆਪਣੀਆਂ ਮੰਨਤਾਂ ਮੰਨਦੇ ਹਨ, ਚਰਾਗ ਬਾਲਦੇ ਨਿਆਜ਼ ਚੜ੍ਹਾਉਂਦੇ ਹਨ।

ਇਨ੍ਹਾਂ ਵਿੱਚ ਕੁਝ ਐਸੇ ਨੌਜੁਆਨ ਵੀ ਹਨ ਜੋ ਹੁਣ ਇਥੇ ਮੰਨਤਾਂ ਮੰਨ ਕੇ ਹੁਣ ਅਮੀਰ ਦੇਸ਼ਾਂ ਵਿੱਚ ਚਲੇ ਗਏ ਹਨ, ਜਿਨ੍ਹਾਂ ਦੀ



ਆਸਥਾ ਇਨ੍ਹਾਂ ਮਜਾਰਾਂ ਨਾਲ ਜੁੜੀ ਹੋਈ ਹੈ,ਜੋ ਇਨ੍ਹਾਂ ਦੀ ਸੁਹਣੀ ਦਿੱਖ ਬਣਾਉਣ ਵਾਸਤੇ ਅਤੇ ਹੋਰ ਰੌਣਕਾਂ ਵਧਾਉਣ ਵਾਸਤੇ ਬਾਹਰੋਂ ਇਨ੍ਹਾਂ ਨਮਿੱਤ ਪੈਸੇ ਭੇਜਦੇ ਰਹਿੰਦੇ ਹਨ ਤੇ ਆਪ ਵੀ ਇਨਾਂ ਰੌਣਕਾਂ ਭਰੇ ਮਾਹੌਲ ਦੇ ਨਜਾਰੇ ਵੇਖਣ ਲਈ ਆਉਂਦੇ ਜਾਂਦੇ ਰਹਿੰਦੇ ਹਨ।

ਉਨ੍ਹਾਂ ਨੇ ਰਲ਼ ਮਿਲ ਕੇ ਕੁਝ ਨੌ ਜਵਾਨਾਂ ਦੀ ਕਮੇਟੀ ਵੀ ਬਣਾਈ ਹੋਈ ਹੈ। ਜੋ ਇਨ੍ਹਾਂ ਦੇ ਭੇਜੇ ਹੋਏ ਪੈਸਿਆਂ ਨਾਲ ਤੇ ਹੋਰ ਸ਼ਰਧਾਲੂਆਂ ਦੇ ਦਿੱਤੇ ਦਾਨ ਨਾਲ ਇਨ੍ਹਾਂ ਦੋ ਮਜਾਰਾਂ ਦੇ ਨਾਲ ਖੁਲ੍ਹੇ ਕਮਰੇ ਅਤੇ ਕਿਸੇ ਮੁਸਲਮਾਨ ਪੀਰ ਫਕੀਰ ਦੀ ਦਰਗਾਹ ਵਰਗਾ ਉੱਚਾ ਹਰੇ ਰੰਗ ਦਾ ਗੁੰਬਦ ਵੀ ਬਣਵਾਇਆ ਹੋਇਆ ਹੈ,ਜਿੱਥੇ ਹਰ ਸਾਲ ਭੰਡਾਰਾ ਲਗਦਾ ਹੈ,ਦੂਰੋਂ ਦੂਰੋਂ ਕੱਵਾਲ ਆਉਂਦੇ ਹਨ। ਮੇਲੇ ਵਰਗਾ ਰੌਣਕਾਂ ਦਾ ਮਾਹੌਲ ਬਣ ਜਾਂਦਾ ਹੈ।

ਇਸ ਦੇ ਨਾਲ ਇਸ ਦੇ ਨਾਲ ਹੀ ਇੱਕ ਐਨ.ਆਰ ਆਈ, ਦੀ ਲਗ ਪਗ ਏਕੜ ਕੁ ਭੂਮੀ ਹੈ ਜੋ ਲਗ ਪਗ ਸਾਰਾ ਸਾਲ ਹੀ ਖਾਲੀ ਪਈ ਰਹਿੰਦੀ ਹੈ ਉਸ ਵਿੱਚ ਕਬੱਡੀ , ਤੇ ਕੁਸ਼ਤੀਆਂ ਹੁੰਦੀਆਂ ਹਨ। ਦੂਰ ਦੁਰਾਡਿਉਂ ਨਾਮੀ ਕਬੱਡੀ ਖਿਡਾਰੀ , ਤੇ ਪਹਿਲਵਾਨ ਆ ਕੇ ਆਪੋ ਆਪਣੀਆਂ ਕਬੱਡੀ ਤੇ ਕੁਸ਼ਤੀਆਂ ਦੇ ਕਰਤਬ ਵਿਖਾਉਂਦੇ ਹਨ।

ਇਸ ਮੇਲੇ ਦੇ ਖਾਤਮੇ ਤੇ ਕਬੱਡੀ, ਕੁਸ਼ਤੀਆਂ ਵਾਲੀ ਅਖਾੜੇ ਵਾਲੀ ਜ਼ਮੀਨ ਪਹਿਲਾਂ ਵਾਂਗ ਫਿਰ ਖਾਲੀ ਹੋ ਜਾਂਦੀ ਹੈ,ਜਿਸ ਵਿੱਚ ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਪੈ ਜਾਣ ਕਰਕੇ ਛੋਟੇ ਛੋਟੇ ਬੱਚੇ ਜਿਨ੍ਹਾਂ ਵਿੱਚ ਲਗ ਪਗ ਹਰ ਜਾਤ ਧਰਮ ਦੇ ਬੱਚੇ ਨੱਚਦੇ ਟੱਪਦੇ ਖੇਡ ਗਰਾਉਂਡ ਬਣਾ ਕੇ ਖੇਡਦੇ ਹਨ।

ਹੋਰ ਤਾਂ ਹੋਰ ਇਸ ਦੇ ਨਾਲ ਲਗਦੇ ਗੁੱਜਰ ਬਿਰਾਦਰੀ ਦੇ ਡੇਰਿਆਂ ਦੇ ਬੱਚੇ ਵੀ ਸ਼ਾਮਿਲ ਹੁੰਦੇ ਹਨ, ਵਿਦੇਸ਼ੋਂ ਆਏ ਇੱਕ ਵਡੇਰੀ ਉਮਰ ਦੇ ਸ਼ਖਸ ਦੇ ਖੇਤ ਵੀ ਇਸ ਜਗ੍ਹਾ ਦੇ ਨਾਲ ਹੀ ਲਗਦੇ ਹਨ, ਉਹ ਜਦੋਂ ਦਾ ਕੁਝ ਸਮੇਂ ਤੋਂ ਆਪਣੇ ਪਿੰਡ ਆਇਆ ਹੋਇਆ ਤੇ ਜਦੋਂ ਆਪਣੇ ਖੇਤਾਂ ਵੱਲ ਫੇਰਾ ਮਾਰਣ ਜਾਂਦਾ ਹੈ ਤਾਂ ਉਹ ਉਨ੍ਹਾਂ ਨੂੰ ਖੇਡਦੇ ਵੇਖਣ ਲਈ ਉਥੇ ਕਿੰਨਾ ਕਿੰਨਾ ਚਿਰ ਖਲੋ ਕੇ ਵੇਖਦਾ ਰਹਿੰਦਾ ਹੈ। ਉਹ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਹੈ। ਕਿਉਂਜੋ ਵਿਦੇਸ਼ ਰਹਿੰਦਿਆਂ ਉਥੇ ਉਸ ਨੇ ਬੱਚਿਆਂ ਨੂੰ ਖੁਸ਼ ਰੱਖਣ ਵਾਲੇ ਕਈ ਤਿਓਹਾਰ ਵੇਖੇ ਹਨ।

ਜਦੋਂ ਉਹ ਜਾਂਦਾ ਹੈ ਤਾਂ ਬੱਚੇ ਬੜੇ ਪਿਆਰ ਨਾਲ, ਜਦੋਂ ਭਾਪਾ ਪੈਰੀਂ ਪਏ ਕਹਿੰਦੇ ਹੋਏ ਜਦੋਂ ਉਸ ਨੂੰ ਵਾਰੀ ਵਾਰੀ ਆ ਕੇ ਮੱਥੇ ਟੇਕਦੇ ਹਨ ਤਾਂ ਉਹ ਵੀ ਅਸ਼ੀਰ ਵਾਦਾਂ ਦੀ ਝੜੀ ਤਾਂ ਲਾ ਹੀ ਦੇਂਦਾ ਹੈ, ਪਰ ਜਦੋਂ ਜੇਠ ਹਾੜ ਦੀਆਂ ਧੁੱਪਾਂ ਦੀਆਂ ਸ਼ਾਮਾਂ ਨੂੰ ਮਿੱਟੀ ਘੱਟੇ ਨਾਲ ਲਿੱਬੜੇ,ਮੁੜ੍ਹਕੇ ਦੀ ਪਰਵਾਹ ਨਾ ਕਰਦੇ ਹੋਏ ਉਨ੍ਹਾਂ ਨੂੰ ਖੇਡਦੇ ਵੇਖ ਕੇ ਸੋਚਦਾ ਕਿ ਇਨ੍ਹਾਂ ਵਿੱਚੋਂ ਵੀ ਇਕ ਨਾ ਇਕ ਦਿਨ ਕੋਈ ਨਾ ਕੋਈ ਜ਼ਰੂਰ ਕੋਈ ਵਧੀਆ ਖਿਲਾੜੀ ਬਣ ਕੇ ਉੱਭਰੇਗਾ।

ਇੱਕ ਦਿਨ ਰੋਜ਼ ਵਾਂਗ ਇਹ ਦਸ ਯਾਰਾਂ ਬੱਚਿਆਂ ਦੀ ਟੋਲੀ ਜਦੋਂ ਸਾਉਣ ਮਹੀਨੇ ਵਰਖਾ ਹੋ ਰਹੀ ਸੀ ਤੇ ਸਾਰੇ ਜਲ ਥਲ ਹੋ ਗਿਆ ਸੀ,ਗਲੀਆਂ ਵਿੱਚ ਵਗਦੇ ਬਰਸਾਤ ਦੇ ਪਾਣੀ ਵਿੱਚ ਨੱਚਦੇ ਟੱਪਦੇ, ਕਲੋਲਾਂ ਕਰਦੇ ਉਸ ਦੇ ਗੇਟ ਅੱਗਿਉਂ ਲੰਘ ਰਹੇ ਸਨ ਤਾਂ ਉਹ ਉਨ੍ਹਾਂ ਦੀ ਰੌਲੀ ਸੁਣ ਕੇ ਆਪਣਾ ਗੇਟ ਖੋਲ੍ਹ ਕੇ ਉਨ੍ਹਾਂ ਵੱਲ ਵੇਖ ਰਿਹਾ ਸੀ ਤਾਂ ਉਨ੍ਹਾਂ ਝੱਟ ਉਸ ਨੂੰ ਪਛਾਣ ਲਿਆ ਕੇ ਅੱਗੇ ਵਾਂਗ ਉਸ ਨੂੰ ਵਾਰੀ ਵਾਰੀ ਮੱਥਾ ਟੇਕ ਕੇ ਜਾਣ ਲੱਗੇ ਤਾਂ ਉਹ ਉਨ੍ਹਾਂ ਨੂੰ ਕਹਿਣ ਲੱਗਾ ਕਿ ਇਥੇ ਹੀ ਠਹਿਰੋ ਜ਼ਰਾ ਮੈਂ ਤੁਹਾਡੇ ਖਾਣ ਨੂੰ ਹੁਣੇ ਲੈ ਕੇ ਆਇਆਂ, ਉਹ ਅੰਦਰ ਗਿਆ ਤੇ ਬਾਹਰੋਂ ਲਿਆਂਦੀਆਂ ਟਾਫੀਆਂ ਦਾ ਪੈਕਟ ਫੜੀ ਬਾਹਰ ਆਇਆ ਤੇ ਸਾਰਿਆਂ ਨੂੰ ਦੋ ਦੋ ਟਾਫੀਆਂ ਖਾਣ ਲਈ ਦਿੱਤੀਆਂ, ਬੱਚੇ ਖੁਸ਼ ਹੋ ਕੇ ਟਾਫੀਆਂ ਖਾਂਦੇ ਨੱਚਦੇ ਟੱਪਦੇ ਕਦਾੜੀਆਂ ਮਾਰਦੇ ਇਕ ਦੂਜੇ ਦੇ ਅੱਗੇ ਪਿੱਛੇ ਦੌੜਦੇ ਅਗਲੀ ਗਲੀ ਮੁੜ ਗਏ।

ਹੁਣ ਉਹ ਜਦੋਂ ਉਸ ਗਲੀ ਵਿੱਚੋਂ ਮੌਜਾਂ ਮਸਤੀਆਂ ਕਰਦੇ ਲੰਘਦੇ ਹਨ ਤਾਂ ਬਾਹਰੋਂ ਹੀ ਉਸ ਦੇ ਘਰ ਦੀ ਬੈੱਲ ਵਜਾ ਕੇ ਭਾਪਾ ਪੈਰ ਪਏ ਕਹਿੰਦੇ ਬੂਹੇ ਅੱਗੇ ਰੁਕ ਜਾਂਦੇ ਹਨ, ਭਾਪਾ ਉਨ੍ਹਾਂ ਦਾ ਮਤਲਬ ਸਮਝ ਜਾਂਦਾ ਹੈ ਤੇ ਅੰਦਰੋਂ ਟਾਫੀਆਂ ਲੈ ਕੇ ਹਾਜ਼ਰ ਹੋ ਜਾਂਦਾ ਹੈ ਤੇ ਉਨ੍ਹਾਂ ਨੂੰ ਵੰਡਣ ਲੱਗ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਵੀ ਬੱਚੇ ਉਸ ਦੀ ਗਲੀ ਵਿੱਚੋਂ ਜਦੋਂ ਵੀ ਲੰਘਣ, ਉਹ ਉਨ੍ਹਾਂ ਨੂੰ ਟਾਫੀਆਂ ਵੰਡਣੋਂ ਨਹੀਂ ਖੁੰਝਦਾ,ਇਸ ਤਰ੍ਹਾਂ ਹੁਣ ਉਹ ਇਨ੍ਹਾਂ ਬੱਚਿਆਂ ਵਿੱਚ ,ਟੌਫੀਆਂ ਵਾਲਾ ਭਾਪਾ, ਕਰਕੇ ਜਾਣਿਆ ਜਾਂਦਾ ਹੈ।

ਹੁਣ ਜਦੋਂ ਵੀ ਉਹ ਆਪਣੇ ਖੇਤਾਂ ਵੱਲ ਫੇਰਾ ਮਾਰਣ ਜਾਂਦਾ ਹੈ ਤਾਂ ਗਰਾਉਂਡ ਵਿੱਚ ਸਾਰੇ ਬੱਚੇ ਵਾਰੀ ਵਾਰੀ ਆ ਕੇ ਉਸ ਨੂੰ ਜਦੋਂ ਮੱਥੇ ਟੇਕਦੇ ਹਨ ਤਾਂ ਉਹ ਬੜੇ ਲਾਡ ਪਿਆਰ ਨਾਲ ਉਨਾਂ ਦੇ ਮਿੱਟੀ ਘੱਟੇ ਤੇ ਮੁੜ੍ਹਕੇ ਨਾਲ ਲਿਬੜੇ ਮੂੰਹ ਮੱਥੇ ਚੁੰਮਦਾ ਤੇ ਅਸੀਸਾਂ ਦੇਂਦਾ ਆਪਣੇ ਖੇਤਾਂ ਵੱਲੋਂ ਫੇਰਾ ਮਾਰ ਕੇ ਜਦੋਂ ਘਰ ਆ ਕੇ ਆਰਾਮ ਕਰਦਾ ਹੈ ਤਾਂ ਸ਼ਾਮਾਂ ਨੂੰ ਉਨ੍ਹਾਂ ਦੇ ਆ ਕੇ ਗੇਟ ਦੀ ਬੈੱਲ ਖੜਕਾਉਣ ਦੀ ਬਿੜਕ ਵੀ ਰੱਖਦਾ ਹੈ ਕਿ ਬੱਚੇ ਕਦੋਂ ਆਉਣ ਅਤੇ ਕਦੋਂ ਉਹ ਉਨ੍ਹਾਂ ਨੂੰ ਟਾਫੀਆਂ ਵੰਡੇ।

ਭਾਂਵੇਂ ਸਾਰਾ ਪਿੰਡ ਉਸ ਦਾ ਸਤਿਕਾਰ ਕਰਦਾ ਹੈ ਪਰ ਬੱਚਿਆਂ ਦਾ ਪਿਆਰ ਟਾਫੀਆਂ ਵਾਲੇ ਭਾਪੇ ਲਈ ਉਸ ਦੇ ਪਿੰਡ ਆਉਣ ਤੇ ਉਸ ਨੂੰ ਬਹੁਤ ਅਰਥ ਭਰਪੂਰ ਤੇ ਬਹੁ ਮੁੱਲਾ ਜਾਪਦਾ ਹੈ।

ਇਹ ਸੋਚ ਕੇ ਉਸ ਦਾ ਮਨ ਮੁੜ ਵਿਦੇਸ਼ ਜਾਣ ਨਹੀਂ ਕਰਦਾ,ਪਰ ਸਮੇਂ ਦੀ ਚਾਲ ਦਾ ਕੀ ਪਤਾ ਉਹ ਟਾਫੀਆਂ ਵਾਲੇ ਭਾਪੇ ਨੂੰ ਕਿੱਧਰ ਨੂੰ ਲੈ ਤੁਰੇ ਪਰ ਹਾਲ ਦੀ ਘੜੀ ਉਹ ਆਪਣੇ ਪਿੰਡ ਦੇ ਲੋਕਾਂ ਨਾਲ ਖਾਸ ਕਰ ਕੇ ਇਨ੍ਹਾਂ ਫੁੱਲਾਂ ਵਰਗੇ ਹਾਸੇ ਖੇੜੇ, ਅੱਠਖੇਲੀਆਂ , ਬਚਪਨ ਦੀਆਂ ਮਹਿਕਾਂ ,ਸੁਗੰਧੀਆਂ ਵੰਡਦੇ, ਪਿਆਰੇ ਪਿਆਰੇ ਬੱਚਿਆਂ ਵਿੱਚ ਰਹਿ ਕੇ ਬਹੁਤ ਖੁਸ਼ ਹੈ।

ਕਹਾਣੀ

ਅੰਮ੍ਰਿਤ ਕੌਰ

# ਭੇਤ ਵਾਲੀ ਗੱਲ

ਰਿਸ਼ਤਾ ਤਾਂ ਬਹੁਤ ਤਕੜੇ ਘਰ ਦੈ, ਪਰ ਪੈਸਾ ਤਾਂ ਵੱਧ ਲਾਉਣਾ ਪਊ, ਆਪਣੀ ਦੀਪੀ ਰਾਜ ਕਰੂਗੀ। ਅਮਰ ਸਿੰਘ ਨੇ ਆਪਣੀ ਪਤਨੀ ਕੋਲੋਂ ਦੁੱਧ ਦਾ ਗਲਾਸ ਫੜਦਿਆਂ ਆਖਿਆ।

ਚਲ ਚਾਰ ਪੈਸੇ ਵੱਧ ਲੱਗ ਜਾਣਗੇ ਤਾਂ ਕੀ ਐ, ਜਵਾਕੜੀ ਮਾੜੀ ਮਾੜੀ ਚੀਜ਼ ਨੂੰ ਤਾਂ ਨ੍ਹੀਂ ਤਰਸੂਗੀ। ਪਤਨੀ ਨੇ ਸਹਿਮਤੀ ਪ੍ਰਗਟਾਈ।

ਠੀਕ ਐ, ਵਿਚੋਲੇ ਨਾਲ ਗੱਲ ਕਰ ਕੇ ਕੱਲ੍ਹ ਨੂੰ ਆੜ੍ਹਤੀਏ ਨੂੰ ਪੁੱਛ ਆਉਨਾਂ, ਕਿੰਨੇ ਕੁ ਪੈਸੇ ਦੇ ਦਊ।

ਪਰ ਦੀਪੀ ਨਿਆਣੀ ਐ ਅਜੇ। ਨਾਲੇ ਉਹ ਕਹਿੰਦੀ ਐ, ਮੈਂ ਪੜ੍ਹਨੈਂ। ਪੜ੍ਹਾਈ 'ਚ ਵੀ ਹੁਸ਼ਿਆਰ ਐ।

ਚੰਗੇ ਰਿਸ਼ਤੇ ਵਾਰ ਵਾਰ ਨ੍ਹੀਂ ਮਿਲਦੇ ਹੁੰਦੇ। ਬਾਰਾਂ ਜਮਾਤਾਂ ਹੋ ਜਾਣੀਆਂ ਨੇ ਹੁਣ, ਅਗਲਿਆਂ ਕਿਹੜਾ ਨੌਕਰੀ ਕਰਾਉਣੀ ਐ।

ਹਾਂ ਇਹ ਵੀ ਠੀਕ ਐ। ਚਲੋ ਥੋਡੀ ਮਰਜੀ, ਨਾਲੇ ਜਮਾਨਾ ਵੀ ਮਾੜੈ।

ਮੈਂ ਵੀ ਏਹੀ ਸੋਚਦਾਂ-ਕੁੜੀ ਆਵਦੇ ਘਰੇ ਜਾਵੇ, ਆਪਣੀ ਸੋਚ ਮਿਟੇ।

ਸੌਂ ਜੋ ਹੁਣ, ਸਵੇਰੇ ਦੇਖਦੇ ਆਂ। ਅਮਰ ਸਿੰਘ ਦੀ ਪਤਨੀ ਨੇ ਦੁੱਧ ਵਾਲਾ ਖਾਲੀ ਗਲਾਸ ਫੜਦਿਆਂ ਕਿਹਾ। ਅਮਰ ਸਿੰਘ ਗਹਿਰੀਆਂ ਸੋਚਾਂ ਵਿੱਚ ਡੁੱਬ ਗਿਆ, ਧੀਆਂ ਜਵਾਨ ਹੁੰਦੀਆਂ ਨੂੰ ਕਿਹੜਾ ਟੈਮ ਲੱਗਦੈ! ਅਜੇ ਕੱਲ੍ਹ ਪਰਸੋਂ ਤਾਂ ਭੋਰਾ ਕੁ ਸੀ, ਹੁਣ ਵਿਆਹੁਣ ਜੋਗੀ ਵੀ ਹੋ'ਗੀ। ਛਿੰਦੇ ਤੋਂ ਤਿੰਨ ਕੁ ਵਰ੍ਹੇ ਤਾਂ ਵੱਡੀ ਐ, 'ਠਾਰਾਂ ਸਾਲਾਂ ਦੀ। ਊਂ ਅਜੇ ਨਿਆਣੀ ਵੀ ਐ, ਜਦੋਂ ਕਿਤੇ ਵਗ ਜਾਂਦੀ ਐ, ਕਿਹੜਾ ਜੀਅ ਲੱਗਦੈ। ਹੁਣ ਵੀ ਅਜੇ ਪਰਸੋਂ ਤਾਂ ਗਈ ਐ ਭੂਆ ਕੋਲ, ਐਂ ਲੱਗਦੈ ਪਤਾ ਨ੍ਹੀਂ ਕਿੰਨੇ ਦਿਨ ਹੋ'ਗੇ ਗਈ ਨੂੰ। ਜਦੋਂ ਵਿਆਹ ਹੋ ਗਿਆ, ਫੇਰ ਤਾਂ ਕਦੇ ਕਦੇ ਆਇਆ ਕਰੂ।



ਪਹਿਲੇ ਜ਼ਮਾਨਿਆਂ ਵਿੱਚ ਈ ਹੁੰਦਾ ਸੀ, ਕੁੜੀਆਂ ਦੋ ਦੋ ਮਹੀਨੇ ਲਾ ਜਾਂਦੀਆਂ। ਹੁਣ ਤਾਂ ਕੋਈ ਊਈਂ ਨ੍ਹੀਂ ਛੱਡਦਾ, ਚਲ ਕੀ ਕਰਾਉਣੈ? ਆਵਦੇ ਘਰੇ ਵਸੇ ਰਸੇ। ਇਹੀ ਸੋਚਦਿਆਂ ਉਸ ਦੀਆਂ ਅੱਖਾਂ ਮਿਚਣ ਲੱਗ ਪਈਆਂ। ਫਿਰ ਉਸ ਨੇ ਕੰਬਲ ਖਿੱਚ ਕੇ ਮੂੰਹ-ਸਿਰ ਢਕ ਲਿਆ।

ਓ ਮੇਰੀ ਗਰਦਨ ਛੱਡ। ਉਸ ਦਾ ਗਲਾ ਜਿਵੇਂ ਕਿਸੇ ਨੇ ਘੁੱਟ ਦਿੱਤਾ ਸੀ। ਉਹ ਆਪਣੇ ਆਪ ਨੂੰ ਛੁਡਾਉਣ ਲਈ ਹੱਥ-ਪੈਰ ਮਾਰ ਰਿਹਾ ਸੀ। ਜਿੰਨਾ ਉਹ ਛੁਡਾਉਣ ਲਈ ਕੋਸ਼ਿਸ਼ ਕਰਦਾ, ਓਨਾ ਹੀ ਉਸ ਦਾ ਸਾਹ ਘੁਟਦਾ। ਉਸ ਦੀ ਆਤਮਾ ਸਰੀਰ ਨਾਲੋਂ ਵੱਖ ਹੋ ਚੁਕੀ ਸੀ। ਦੇਖਦਿਆਂ ਹੀ ਦੇਖਦਿਆਂ ਉਸ ਦਾ ਛਿੰਦਾ ਪੁੱਤ ਜਵਾਨ ਹੋ ਗਿਆ, ਪਰ ਛਿੰਦੇ ਦੇ ਕੱਪੜੇ ਮੈਲੇ ਤੇ ਫਟੇ ਹੋਏ ਸਨ। ਉਹੀ ਰੱਸਾ ਹੋਰ ਮੋਟਾ ਹੋ ਕੇ ਛਿੰਦੇ ਦੇ ਗਲ ਵਿੱਚ ਆ ਪਿਆ। ਛਿੰਦੇ ਦਾ ਸਿਰ ਤੇ ਦਾੜ੍ਹੀ ਜਵਾਨੀ ਵਿਚ ਹੀ ਚਿੱਟੇ ਹੋ ਗਏ। ਉਹ ਆਪਣੇ ਪੁੱਤਰ ਦੀ ਗਰਦਨ ਦੁਆਲਿਉਂ ਰੱਸਾ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਸੀਨੋ ਪਸੀਨਾ ਹੋਇਆ। ਜਦੋਂ ਕੋਈ ਵਾਹ ਨਾ ਚੱਲੀ ਤਾਂ ਪੁੱਤਰ ਦੀ ਹਾਲਤ ਦੇਖ ਕੇ ਉਸ ਦੀਆਂ ਚੀਕਾਂ ਨਿਕਲ ਗਈਆਂ।

ਉਸ ਦੀ ਅੱਖ ਖੁੱਲ੍ਹ ਗਈ। ਅਮਰ ਸਿੰਘ ਉਠ ਕੇ ਬੈਠ ਗਿਆ। ਹੇ ਮਾਲਕਾ ਸੁੱਖ ਰੱਖੀਂ। ਉਸ ਦੇ ਮੂੰਹੋਂ ਨਿਕਲਿਆ। ਕਿੰਨਾ ਭਿਆਨਕ ਸੁਫਨਾ ਸੀ। ਉਸ ਨੇ ਛਿੰਦੇ ਵੱਲ ਨਿਗ੍ਹਾ ਮਾਰੀ, ਉਹ ਸੌਂ ਰਿਹਾ ਸੀ। ਉਸ ਪਿਛੋਂ ਅਮਰ ਸਿੰਘ ਨਹੀਂ ਸੁੱਤਾ।

ਅਮਰ ਸਿੰਘ ਡੰਗਰਾਂ ਨੂੰ ਪੱਠੇ ਪਾਉਣ ਲੱਗਾ ਵੀ ਸੁਫਨੇ ਬਾਰੇ ਸੋਚ ਰਿਹਾ ਸੀ। ਉਸ ਦਾ ਮਨ ਬੜਾ ਬੇਚੈਨ ਸੀ। ਉਹ ਆਪਣਾ ਧਿਆਨ ਦੂਜੇ ਪਾਸੇ ਲਾਉਣ ਲਈ ਰਸੋਈ ਵਿਚ ਚਲਾ ਗਿਆ। ਉਸ ਦੀ ਪਤਨੀ ਚਾਹ ਬਣਾ ਰਹੀ ਸੀ। ਆਪਣੀ ਪਤਨੀ ਨਾਲ ਦੀਪੀ ਦੇ ਵਿਆਹ ਦੀ ਗੱਲ ਛੇੜਦਿਆਂ ਆਖਿਆ, ਚੰਗਾ ਫੇਰ ਅੱਜ ਮੈਂ ਆੜ੍ਹਤੀਏ ਨਾਲ ਗੱਲ ਕਰਦਾਂ, ਕਿੰਨੇ ਕੁ ਪੈਸੇ ਦੇ ਦਊ ਆਪਾਂ ਨੂੰ?

ਪਰ ਦੀਪੀ ਦੇ ਬਾਪੂ ਕਰਜ਼ਾ ਦੇਖ ਕੇ ਚੱਕਿਓ, ਫਸਲ ਨਾਲ ਤਾਂ ਰੇਹ ਤੇਲ ਵੀ ਪੂਰੇ ਨ੍ਹੀਂ ਹੁੰਦੇ।

ਓਹ ਤਾਂ ਪੁੱਛ ਕੇ ਪਤਾ ਲੱਗੂ ਕਿੰਨੇ ਕੁ ਦਿੰਦੈ।

ਮੇਰੀ ਸਾਰੀ ਰਾਤ ਇਹੀ ਸੋਚਦੀ ਦੀ ਲੰਘ'ਗੀ। ਜੇ ਵੱਡਿਆਂ ਨਾਲ ਮੱਥਾ ਲਾਵਾਂਗੇ ਤਾਂ ਉਨ੍ਹਾਂ ਦੇ ਬੈਠਣ ਲਈ ਵੀ ਚੱਜ ਦੀ ਬੈਠਕ (ਕਮਰਾ) ਚਾਹੀਦੀ ਐ।

ਐਂ ਤਾਂ ਫੇਰ ਖਾਸੇ ਪੈਸੇ ਚੱਕਣੇ ਪੈਣਗੇ ਆਪਾਂ ਨੂੰ। ਅਮਰ ਸਿੰਘ ਨੇ ਫਿਕਰਮੰਦ ਹੁੰਦਿਆਂ ਕਿਹਾ।

ਵੱਡੇ ਘਰ ਇਹ ਆਖ ਦਿੰਦੇ ਹੁੰਦੇ ਨੇ, ਲੈਣਾ ਤਾਂ ਅਸੀਂ ਕੱਖ ਨ੍ਹੀਂ, ਵਿਆਹ ਪੈਲੇਸ 'ਚ ਹੋਵੇ ਤੇ ਬਰਾਤ ਦੀ ਸੇਵਾ ਵਧੀਆ ਹੋਵੇ।

ਹਾਂ ਬਰਾਤ ਦੀ ਸੇਵਾ ਤਾਂ ਅਗਲਾ ਕਹੂਗਾ ਈ।

ਬਰਾਤ ਦੀ ਸੇਵਾ ਕਰਦਿਆਂ ਈ ਬੰਦਾ ਲੱਖਾਂ ਵਿੱਚ ਠੁਕ ਜਾਂਦੈ। ਐਵੇਂ ਕਿਤੇ ਧੀ ਨੂੰ ਸੌਖੇ ਕਰਦੇ ਕਰਦੇ ਪੁੱਤ ਦੀ ਜਾਨ ਨੂੰ ਰੱਸੇ ਵੱਟ ਦਈਏ।

ਰੱਸਾ? ਅਮਰ ਸਿੰਘ ਨੂੰ ਕੰਬਣੀ ਜਿਹੀ ਛਿੜ ਗਈ, ਉਸ ਦੇ ਚਿਹਰੇ 'ਤੇ ਡਰ ਦੇ ਭਾਵ ਸਨ।

ਕੀ ਹੋਇਆ? ਪਤਨੀ ਨੇ ਪੁੱਛਿਆ।

ਕੁਸ਼ ਨ੍ਹੀਂ, ਤੂੰ ਜਾਹ ਛਿੰਦੇ ਨੂੰ ਜਗਾ ਜਾ ਕੇ। ਫੇਰ ਸੋਚਦੇ ਆਂ ਕੁਸ਼। ਉਹ ਥੋੜ੍ਹਾ ਖਿਝ ਕੇ ਬੋਲਿਆ।

ਅਮਰ ਸਿੰਘ ਕੰਧ ਨਾਲ ਢੋਅ ਲਾ ਕੇ ਖਲੋ ਗਿਆ। ਕੁਝ ਸਕਿੰਟਾਂ ਵਿੱਚ ਹੀ ਰਾਤ ਵਾਲਾ ਸੁਫਨਾ ਉਸ ਦੀਆਂ ਅੱਖਾਂ ਅੱਗੇ ਘੁੰਮ ਗਿਆ। ਅੱਖਾਂ ਬੰਦ ਕਰਕੇ ਉਪਰ ਵੱਲ ਨੂੰ ਮੂੰਹ ਚੁੱਕ ਕੇ ਪਤਾ ਨਹੀਂ ਕੀ ਸੋਚਦਾ ਰਿਹਾ। ਉਸ ਦੇ ਚਿਹਰੇ 'ਤੇ ਹੁਣ ਸਕੂਨ ਸੀ ਤੇ ਸਰੀਰ ਹੌਲਾ ਫੁੱਲ। ਉਸ ਨੇ ਅਸਮਾਨ ਵੱਲ ਦੇਖ ਕੇ ਦੋਵੇਂ ਹੱਥ ਜੋੜੇ ਤੇ ਸਿਰ ਝੁਕਾਇਆ। ਅੰਦਰ ਜਾ ਕੇ ਆਪਣੀ ਪਤਨੀ ਨੂੰ ਕਹਿਣ ਲੱਗਾ, ਆਪਾਂ ਦੀਪੀ ਦਾ ਵਿਆਹ ਪੰਜ ਚਾਰ ਸਾਲ ਠਹਿਰ ਕੇ ਕਰਾਂਗੇ। ਨਿਆਣੀ ਐ ਅਜੇ, ਹੋਰ ਪੜ੍ਹ ਲੂ ਨਾਲੇ।

ਪਤਨੀ ਨੇ ਕੁਝ ਬੋਲਣਾ ਚਾਹਿਆ, ਪਰ ਉਸ ਨੇ ਹੱਥ ਦੇ ਇਸ਼ਾਰੇ ਨਾਲ ਚੁੱਪ ਕਰਵਾ ਦਿੱਤਾ।

ਪਤਨੀ ਨੇ ਮੱਥੇ 'ਤੇ ਤਿਓੜੀ ਪਾਈ, ਅਮਰ ਸਿੰਘ ਨੇ ਕਿਹਾ, ਇਹ ਭੇਤ ਦੀ ਗੱਲ ਐ, ਕਦੇ ਫੇਰ ਦੱਸੂੰ।




## ਜੀ ਹਜ਼ੂਰੀ
**ਛਿੰਦਰ ਕੌਰ ਸਿਰਸਾ**

ਉਦਾਸ ਮੌਸਮਾਂ ਦੀਆਂ ਉਦਾਸੀਆਂ ਵਿੱਚ ਸਾਡਾ ਵਾਸ ਬੀਬਾ
ਉਦਾਸ ਰੁੱਤਾਂ ਤੇ ਉਦਾਸ ਹਵਾਵਾਂ ਦਿੱਤਾ ਸਾਨੂੰ ਧਰਵਾਸ ਬੀਬਾ

ਖਿੜਿਆ ਫੁੱਲ ਗੁਲਾਬੀ ਤੋੜ ਕੇ ਟਾਹਣੀਓਂ ਸੰਘੀ ਮਰੋੜ ਗਿਓਂ
ਸਾਡਾ ਖਿੜਨਾ ਤੇ ਮਹਿਕਣਾ ਨਾ ਆਇਆ ਤੈਨੂੰ ਰਾਸ ਬੀਬਾ

ਦਿਲ ਨਾਜ਼ੁਕ ਦੋਧੀ ਛੱਲੀ, ਗ਼ਮਾਂ ਦੇ ਤੋਤੇ ਨਿੱਤ ਠੂੰਗੇ ਮਾਰਨ
ਸਾਡੇ ਠਰਦੇ ਤੇ ਮਰਦੇ ਚਾਵਾਂ ਨੂੰ ਸਬਰ ਸਿਦਕ ਤੋਂ ਆਸ ਬੀਬਾ

ਛੇਕੜਲੇ ਸਾਹਵਾਂ ਤੱਕ ਦੀ ਅਸਾਂ ਸਾਂਝ ਤੇਰੇ ਨਾਲ ਪਾ ਲਈ ਸੀ
ਚਾਂਦੀ ਰੰਗ ਵਟਾ ਗਏ ਸਮਿਉਂ ਪਹਿਲਾਂ ਸਾਡੇ ਕਾਲੇ ਕੇਸ ਬੀਬਾ

ਸਿਉਂਕੀ ਮਿੱਟੀ ਦੇ ਵਾਂਗ ਅੰਦਰੋ ਅੰਦਰੀਂ ਸਿਉਂਕੀਆਂ ਗਈਆਂ
ਤੇਰੇ ਰਾਜ ਦੀਆਂ ਸਾਰੀਆਂ ਰੁੱਤਾਂ ਤੋਂ ਅਸੀਂ ਨਿਰਾਸ ਬੀਬਾ

ਸਾਉਣ ਚੜ੍ਹੇ ਤੋਂ ਚਾਈਂ-ਚਾਈਂ ਗੁੱਡੀਆਂ ਦੀਆਂ ਜੰਞਾਂ ਸੱਦੀਆਂ
ਚੜ੍ਹੇ ਵਿਸਾਖ ਸਾਡੇ ਬਾਬਲ ਦਿੱਤਾ ਸਾਨੂੰ ਦੇਸੋਂ ਪਰਵਾਸ ਬੀਬਾ

ਤੇਰੇ ਵਿਹੜੇ ਦਿਨ ਚੜ੍ਹਦੇ ਨਾਲ ਹੋਲੀਆਂ ਤੇ ਹਰ ਰਾਤ ਦੀਵਾਲੀ
ਸਾਥੋਂ ਨਾ ਵਿਸਰੀ ਸਾਡੇ ਬਾਬਲ ਦੇ ਵਿਹੜੇ ਦੀ ਰਹਿਰਾਸ ਬੀਬਾ

ਸੁੱਚੇ ਮੋਤੀਆਂ ਵਰਗੇ ਸਾਡੇ ਸੁੱਚੇ ਸ਼ਬਦਾਂ ਨੇ ਮੋਨ ਧਾਰ ਲਿਆ
ਸਾਡੀ ਗੂੰਗੀ ਜੀਭ ਨੂੰ ਤੇਰੀ ਜੀ ਹਜ਼ੂਰੀ ਨਾ ਆਈ ਰਾਸ ਬੀਬਾ

## ਬੇਲਿਹਾਜ਼ ਵਕਤ
**ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ**



ਵਕਤ ਤਾਂ
ਗਿੜ ਹੀ ਰਿਹਾ ਹੈ
ਖੂਹ ਦੀਆਂ ਟਿੰਡਾਂ ਵਾਂਗੂੰ
ਤੇ ਜ਼ਿੰਦਗੀ
ਗੁਜ਼ਰ ਰਹੀ ਐ
ਖੂਹ ਦੀ ਸਤਹ ਤੋਂ
ਖੂਹ ਦੀ ਮੌਣ ਤੱਕ
ਵਗਦੇ ਪਾਣੀ ਦੀ ਤਰ੍ਹਾਂ!
ਫਰਕ ਬਾਹਵਾ ਹੁੰਦਾ ਏ
ਜ਼ਿੰਦਗੀ ਬੀਤ ਜਾਣ
ਤੇ
ਜ਼ਿੰਦਗੀ ਜਿਉਣ ਵਿੱਚ!
ਵਕਤ ਗਿੜ ਹੀ ਰਿਹਾ ਤਾਂ
ਜ਼ਿੰਦਗੀ ਬੀਤ ਜਾਏਗੀ
ਜ਼ਿੰਦਗੀ ਜਿਉਣ ਲਈ ਤਾਂ
ਵਕਤ ਗੇੜਨਾ ਪੈਣਾ!

## ਰੁਜ਼ਗਾਰ
**ਸੁਖਵਿੰਦਰ ਸਿੰਘ ਮੁੱਲਾਂਪੁਰ**

ਬੱਚੇ ਰੁਜ਼ਗਾਰ ਖ਼ਾਤਰ ਵਿਦੇਸ਼ ਚੱਲੇ,
ਮਾਪੇ ਤੱਕਣਗੇ ਬੱਚਿਆਂ ਦੀਆਂ ਰਾਵਾਂ।
ਬੱਚੇ ਛੱਡ ਚੱਲੇ ਪਿੱਛੇ ਜਨਮ ਭੂਮੀ,
ਤੁਰ ਚੱਲੇ ਵਿਦੇਸ਼ਾਂ ਨੂੰ ਨਾਲ ਚਾਵਾਂ!

ਦਾਦਾ ਪੁੱਛਦਾ ਕਦੋਂ ਦੀ ਉਡੀਕ ਰੱਖਾਂ,
ਸ਼ਾਇਦ ਤੇਰੇ ਮੁੜਨ ਤੱਕ ਮੈਂ ਨਈ ਹੋਣਾ।
ਘੁੱਟਕੇ ਗਲਵੱਕੜੀ ਵਿੱਚ ਮਿਲਜਾ ਤੂੰ,
ਕੁਝ ਸਮੇਂ ਦਾ ਹਾਂ ਮੈਂ ਇੱਥੇ ਪ੍ਰਾਹੁਣਾ!

ਭੈਣ ਮਿਲਣ ਆ ਗਈ ਚੱਲ ਸੌਹਰਿਆਂ ਤੋਂ,
ਰੱਖੜੀ ਬੰਨਣ ਪਰਦੇਸ ਨਈ ਆ ਸਕਦੀ।
ਧਾਗਾ ਇੱਕ ਡਾਕ ਵਿੱਚ ਪਾ ਦਿਆ ਕਰੂੰ,
ਰੱਖੜੀ ਵਾਲੇ ਦਿਨ ਤੈਨੂੰ ਯਾਦ ਰੱਖਦੀ!

ਮਾਂ ਪਿਉ ਵੀ ਤੁਰ ਚੱਲੇ ਪਿੱਛੇ ਬੱਚਿਆਂ ਦੇ,
ਦਾਦੇ ਦਾਦੀ ਦੀ ਖ਼ਬਰ ਨਾ ਕੋਈ ਲੈਣ ਵਾਲਾ।
ਮੁੱਲਾਂਪੁਰ ਜੇ ਸੰਭਾਲਣ ਦਾ ਹੀਲਾ ਨਾ ਬਣਿਆ,
ਫਿਰ ਮੰਜਾ ਬਿਰਧ ਆਸ਼ਰਮ ਡਹਿਣ ਵਾਲਾ!

## ਤਮਾਸ਼ਬੀਨ
**ਹਰਪ੍ਰੀਤ ਕੌਰ ਘੁਣ**

ਇਹ ਸੜਕ
ਤੇ ਕਿਸਦੀ ਲਾਸ਼ ਪਈ ਹੈ?
ਭੀੜ ਤਮਾਸ਼ਾ ਦੇਖ ਰਹੀ ਹੈ
ਕੁੱਤੇ ਜਿਸਮ ਫਰੋਲ ਰਹੇ ਨੇ
ਲੋਕੀਂ ਕੁੱਝ ਨਾ ਬੋਲ ਰਹੇ ਨੇ
ਸਾਸ਼ਕ ਨੂੰ
ਕੋਈ ਫ਼ਰਕ ਨਾ ਪੈਂਦਾ
ਉਸ ਲਈ ਪੈਸਾ ਟੋਲ ਰਹੇ ਨੇ

ਇਨਸਾਨਾਂ ਤੋਂ ਚੰਗੇ
ਤਾਂ ਕੁੱਤੇ ਨੇ ਹੋ ਗਏ
ਇੱਕ ਦੂਜੇ ਲਈ ਬੋਲ ਰਹੇ ਨੇ
ਗਲੇ ਸੜੇ ਜਿਸਮਾਂ ਦੇ ਵਿੱਚੋਂ
ਕੁੱਝ ਨਾ ਕੁੱਝ ਤੇ ਟੋਲ ਰਹੇ ਨੇ

ਬੰਦਿਆਂ ਦੇ ਦਿਲ ਪੱਥਰ ਨੇ ਹੋ ਗਏ
ਗਿਰਵੀ ਰੱਖ ਬੈਠੇ ਨੇ ਖ਼ੁਦ ਨੂੰ
ਜ਼ਮੀਰਾਂ ਨੂੰ ਛਿੱਕੇ ਟੰਗਕੇ
ਖ਼ੁਦ ਹੀ ਖ਼ੁਦ ਨੂੰ ਰੋਲ ਰਹੇ ਨੇ

ਕੀ ਹੁੰਦੇ ਸੀ
ਕੀ ਬਣ ਬੈਠੇ ਨੇ
ਸੋਹਣਾ ਵਿਰਸਾ ਭੁੱਲ ਚੁੱਕੇ ਨੇ
ਟਿੱਕ ਟੋਕਾਂ ਤੇ
ਪਤਾ ਨਹੀਂ ਕੀ ਟੋਲ ਰਹੇ ਨੇ
ਆਪਣੀ ਭਾਸ਼ਾ ਭੁੱਲ ਰਹੇ ਨੇ

ਆਪਣੀ ਭਾਸ਼ਾ ਭੁੱਲ ਰਹੇ ਨੇ
ਗ਼ੈਰਾਂ ਦੀ ਬੋਲੀ ਬੋਲ ਰਹੇ ਨੇ
ਇਹ
ਸੜਕ 'ਤੇ ਕਿਸਦੀ ਲਾਸ਼ ਪਈ ਹੈ।

## ਵਫ਼ਾਦਾਰ ਹਾਂ ਮਾਂ ਬੋਲੀ ਦਾ
**ਰਵਿੰਦਰ ਸਿੰਘ ਕੁੰਦਰਾ**
ਕਵੈਂਟਰੀ, ਯੂ.ਕੇ.
07748772308






ਵਫ਼ਾਦਾਰ ਹਾਂ ਮਾਂ ਬੋਲੀ ਦਾ, ਗ਼ਦਾਰ ਨਹੀਂ,
ਇਸ ਨੂੰ ਪਿੱਠ ਦਿਖਾਣਾ, ਮੈਨੂੰ ਦਰਕਾਰ ਨਹੀਂ।
ਸਦਾ ਇਸੇ ਦਾ ਖੱਟਿਆ ਖਾਧਾ ਹੈ, ਦਿਨੇ ਰਾਤੀਂ,
ਕਿਉਂ ਮੈਂ ਨਮਕ ਹਰਾਮ ਕਰਾਂ, ਨਹੀਂ ਯਾਰ ਨਹੀਂ!
ਲੜਨਾ ਮਨਜ਼ੂਰ ਹੈ ਮੈਨੂੰ, ਨੰਗੇ ਧੜ ਹਰ ਵੇਲੇ,
ਸਹਿਣਾ ਕਿਸੇ ਵੀ ਸਕਤੇ ਦਾ, ਕੋਈ ਵਾਰ ਨਹੀ।
ਕਈ ਦੇਖੇ ਪੁੱਤ ਕਪੁੱਤ ਬਣਦੇ, ਮਾਂ ਬੋਲੀ ਦੇ,
ਐਸੇ ਲੋਕਾਂ ਨਾਲ ਮੇਰਾ, ਕੋਈ ਸਰੋਕਾਰ ਨਹੀਂ।
ਆਪਣੀ ਛੱਡ ਦੂਜੀ ਵੱਲ, ਧਾਣਾ ਨਹੀਂ ਫੱਬਦਾ,
ਇੰਝ ਆਪਣੀ ਬੋਲੀ ਦਾ, ਹੋਣਾ ਪਰਸਾਰ ਨਹੀਂ।
ਜੰਦਰਾ ਮਾਰ ਜੋ ਤੁਰ ਜਾਂਦੇ ਨੇ, ਘਰ ਛੱਡ ਕੇ,
ਉਨ੍ਹਾਂ ਲਈ ਕਦੀ ਖੁੱਲ੍ਹਦਾ, ਮੁੜ ਉਹ ਦੁਆਰ ਨਹੀਂ।
ਪੈਰ ਪੈਰ 'ਤੇ ਪਹਿਰਾ, ਦੇਣਾ ਪੈਂਦਾ ਹੈ,
ਲੁੱਟਿਆ ਉਹੀ ਜਾਂਦਾ ਜੋ, ਖ਼ਬਰਦਾਰ ਨਹੀਂ।
ਪੱਥਰ ਚੱਟ ਕੇ ਮੁੱਛੀ, ਕਦੀ ਤਾਂ ਮੁੜ ਆਉਂਦੀ,
ਵਿਸਾਰਨ ਵਿਰਸਾ ਉਹੀ, ਜਿਨ੍ਹਾਂ ਨੂੰ ਪਿਆਰ ਨਹੀਂ।
ਵਫ਼ਾਦਾਰਾਂ ਨੂੰ ਤਾਂ ਮਾਂ, ਗਲ਼ ਨਾਲ ਲਾ ਲੈਂਦੀ,
ਅਕ੍ਰਿਤਘਣਾਂ ਦਾ ਧਰਤੀ ਵੀ, ਝੱਲਦੀ ਭਾਰ ਨਹੀ।
ਵਫ਼ਾਦਾਰ ਹਾਂ ਮਾਂ ਬੋਲੀ ਦਾ, ਗ਼ਦਾਰ ਨਹੀਂ,
ਇਸ ਨੂੰ ਪਿੱਠ ਦਿਖਾਣਾ, ਮੈਨੂੰ ਦਰਕਾਰ ਨਹੀਂ।

## ਚਿਹਰੇ ਨਾ ਪੜ੍ਹੇ
**ਗੁਰਪ੍ਰੀਤ ਕੌਰ**



ਚਿਹਰੇ ਨਾ ਪੜ੍ਹੇ ਗਏ ਨੀਤਾਂ ਨਾ ਸਮਝ ਆਈਆਂ
ਮੁੜ ਪਰਤੇ ਘਰਾਂ ਨੂੰ ਪਾ ਝੋਲੀ ਵਿੱਚ ਰੁਸਵਾਈਆਂ
ਡਾਲੀਆਂ ਸੁੱਕੀਆਂ ਹਲੂਣੀਆਂ ਵੱਖ ਕਰ ਸੁੱਟੀਆਂ
ਰੁੱਖ ਹੱਸਿਆ ਕਿ ਲਗਰਾਂ ਨਵੀਆਂ ਫੁੱਟ ਆਈਆਂ
ਚੰਨ ਤਾਰਿਆਂ ਦੀ ਛੱਡੋ ਪੈਰਾਂ ਹੇਠਲੀ ਨਾ ਸੰਭਲੀ
ਕਦੋਂ ਦੀਵਾ ਬੁਝਿਆ ਤੇ ਕਦੋਂ ਮੁੱਕੀਆਂ ਪਰਛਾਈਆਂ
ਹੱਸਣਾ ਵੀ ਭੁੱਲਿਆ ਤੇ ਰੋਣਾ ਵੀ ਕਿਤੇ ਗੁਆ ਬੈਠਾ
ਉਹ ਸੁਬਕਦਾ ਏ ਸੁਪਨਾ ਤੇ ਹੰਢਾਉਂਦਾ ਤਨਹਾਈਆਂ
ਲਹਿਰਾਂ ਦੀਆਂ ਸਾਜਿਸ਼ਾਂ ਦੀ ਜੇ ਖ਼ਬਰ ਹੀ ਮਿਲ ਜਾਂਦੀ
ਨਾ ਡੁੱਬਦੇ ਤਰਦੇ-ਤਰਦੇ ਨਾ ਹੀ ਛਾਣਦੇ ਗਹਿਰਾਈਆਂ।

## ਪੂੰਜੀਵਾਦ
**ਹਰਪ੍ਰੀਤ ਕੌਰ ਘੁਣ**

ਮੱਛਰ ਬਣ ਤੁਰ ਰਿਹਾ ਹੈ
ਕੱਟ ਰਿਹਾ ਹੈ ਹਰ ਕਿਸੇ ਨੂੰ
ਕਿਸਦਾ ਖ਼ੂਨ ਮਿੱਠਾ ਹੈ
ਪੀ ਰਿਹਾ ਹੈ ਮਜ਼ੇ ਦੇ ਨਾਲ
ਕਦੀ ਵਾਇਰਸ ਫੈਲਾ
ਕਦੀ ਕੋਈ ਭੈੜੀ ਬਿਮਾਰੀ ਲਾ
ਕਦੀ ਪਰਮਾਣੂ ਬੰਬ ਦਿਖਾ
ਕੋਈ ਨਵੀਂ ਮਿਜ਼ਾਇਲ ਬਣਾ
ਹਥਿਆਰਬੰਦ ਫ਼ੌਜਾਂ ਵਧਾ
ਕਰ ਰਿਹਾ ਹੈ ਫ਼ੈਸਲੇ
ਕਈ
ਅੰਦਰੋਂ ਅੰਦਰੀ
ਦੁਨੀਆਂ ਖ਼ਤਮ ਕਰਨ ਦੇ।

## ਗੁੱਸੇ
**ਕਮਲਦੀਪ ਕੌਰ ਸੋਨਟ**

ਇਹ ਧਰਤਿ ਹੈ ਗੁੱਸੇ , ਜਾਂ ਆਕਾਸ਼ ਹੈ ਗੁੱਸੇ ...!
ਸਾਡੇ ਬੱਚੇ ਹੈ ਗੁੱਸੇ , ਜਾਂ ਬਜ਼ੁਰਗ ਹੈ ਗੁੱਸੇ...!
ਸੂਰਜ ਹੈ ਗੁੱਸੇ , ਜਾਂ ਚੰਦ ਹੈ ਗੁੱਸੇ ...!
ਰੱਬ ਹੈ ਗੁੱਸੇ, ਜਾਂ ਕੁਦਰਤ ਹੈ ਗੁੱਸੇ ...!
ਇਨਸਾਨ ਹੈ ਗੁੱਸੇ , ਜਾਂ ਸ਼ੈਤਾਨ ਹੈ ਗੁੱਸੇ ...!
ਦੁਸ਼ਮਣ ਹੈ ਗੁੱਸੇ, ਜਾਂ ਅਜ਼ੀਜ ਹੈ ਗੁੱਸੇ...!
ਮਾਪੇ ਹੈ ਗੁੱਸੇ , ਜਾਂ ਸੌਹਰੇ ਹੈ ਗੁੱਸੇ...!
ਰਿਸ਼ਤੇਦਾਰ ਹੈ ਗੁੱਸੇ , ਜਾਂ ਦੋਸਤ ਹੈ ਗੁੱਸੇ...!
ਰੁਜ਼ਗਾਰ ਹੈ ਗੁੱਸੇ, ਜਾਂ ਧੰਦਾ ਹੈ ਗੁੱਸੇ ...!
ਕਮਲ ਨਹੀਂ ਮੰਨਦੀ ਕੋਈ ਵੀ ਗੁੱਸੇ ,
ਅਸਲ ਤਾਂ ਸਾਡੀ ਅਕਲ ਹੈ ਗੁੱਸੇ...!
ਅਸਲ ਤਾਂ ਸਾਡੀ ਅਕਲ ਹੈ ਗੁੱਸੇ ...!!

## ਮਿਲਦੀ ਨਹੀਂ ਮੁਸਕਾਨ ਹੀ ਹੋਠੀਂ ਸਜਾਉਣ ਨੂੰ
**ਸੁਰਜੀਤ ਪਾਤਰ**



ਮਿਲਦੀ ਨਹੀਂ ਮੁਸਕਾਨ ਹੀ ਹੋਠੀਂ ਸਜਾਉਣ ਨੂੰ
ਦਿਲ ਤਾਂ ਬਹੁਤ ਹੀ ਕਰਦਾ ਹੈ, ਮੇਰਾ ਮਿਲਣ ਆਉਣ ਨੂੰ

ਹੋਠਾਂ 'ਤੇ ਹਾਸਾ ਮਰ ਗਿਆ, ਦੰਦਾਸਾ ਰਹਿ ਗਿਆ
ਇਹੀ ਰਹਿਣ ਦੇ ਹਾਸਿਆਂ ਦਾ ਭਰਮ ਪਾਉਣ ਨੂੰ
ਦਿਲ ਤਾਂ ਬਹੁਤ ਹੀ ਕਰਦਾ ਹੈ, ਮੇਰਾ ਮਿਲਣ ਆਉਣ ਨੂੰ

ਕੁਝ ਸੂਟ ਲਾਭੋਂ ਸਾਂਭ ਕੇ, ਰਖ ਗੂੜ੍ਹੇ ਰੰਗ ਦੇ
ਕੱਚੇ ਦੀ ਕਚੀ ਦੋਸਤੀ, ਟੁੱਟੀ ਤੇ ਪਾਉਣ ਨੂੰ
ਦਿਲ ਤਾਂ ਬਹੁਤ ਹੀ ਕਰਦਾ ਹੈ, ਮੇਰਾ ਮਿਲਣ ਆਉਣ ਨੂੰ

ਟੁਟਿਆ ਏ ਕਿਓਂ, ਗੂੜ੍ਹਾ ਜਿਹਾ ਚਸ਼ਮਾ ਖਰੀਦ ਲੈ
ਰੋ ਰੋ ਕੇ ਸੁੱਜੀਆਂ ਸੋਹਣੀਆਂ ਅਖੀਆਂ ਲੁਕਾਉਣ ਨੂੰ
ਦਿਲ ਤਾਂ ਬਹੁਤ ਹੀ ਕਰਦਾ ਹੈ, ਮੇਰਾ ਮਿਲਣ ਆਉਣ ਨੂੰ

ਵਿਛੜੇ ਸਜਣ ਨੇ ਖ਼ੁਆਬ ਵਿੱਚ, ਸੀਨੇ ਨੂੰ ਲਾ ਕਿਹਾ
ਕਿਸਨੇ ਕਿਹਾ ਸੀ ਇੰਝ ਤੈਨੂੰ ਦਿਲ ਨੂੰ ਲਾਉਣ ਨੂੰ
ਦਿਲ ਤਾਂ ਬਹੁਤ ਹੀ ਕਰਦਾ ਹੈ, ਮੇਰਾ ਮਿਲਣ ਆਉਣ ਨੂੰ

ਲੰਘਾਂਗੇ ਤੇਰੀ ਵੀ ਗਲੀ, ਇੱਕ ਦਿਨ ਛਣਨ ਛਣਨ
ਤੇਰੇ ਬਿਨਾਂ ਵੀ ਜੀ ਰਹੇ ਹਾਂ ਇਹ ਦਿਖਾਉਣ ਨੂੰ
ਦਿਲ ਤਾਂ ਬਹੁਤ ਹੀ ਕਰਦਾ ਹੈ, ਮੇਰਾ ਮਿਲਣ ਆਉਣ ਨੂੰ

# ਪ੍ਰਾਚੀਨ ਖੇਡਾਂ ਦੀ ਜਨਮਭੂਮੀ ਯੂਨਾਨ ’ਚ ਪੈਰਿਸ ਉਲੰਪਿਕਸ ਦੀ ਮਸ਼ਾਲ ਜਗਾਈ

ਪੈਰਿਸ ਉਲੰਪਿਕ ਵਿੱਚ ਜਗਣ ਵਾਲੀ ਮਸ਼ਾਲ ਦੱਖਣੀ ਯੂਨਾਨ ਵਿੱਚ ਪ੍ਰਾਚੀਨ ਖੇਡਾਂ ਦੇ ਸਥਾਨ ’ਤੇ ਜਗਾਈ ਗਈ। ਬੱਦਲਾਂ ਕਾਰਨ ਰਵਾਇਤੀ ਤਰੀਕੇ ਨਾਲ ਲਾਟ ਨੂੰ ਜਗਾਉਣ ਦੀ ਕੋਸ਼ਿਸ਼ ਨਾਕਾਮ ਹੋ ਗਈ। ਰਵਾਇਤੀ ਤਰੀਕੇ ਮੁਤਾਬਕ ਚਾਂਦੀ ਦੀ ਮਸ਼ਾਲ ਜਗਾਉਣ ਲਈ ਸੂਰਜ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਲਈ ਇੱਕ ਪ੍ਰਾਚੀਨ ਯੂਨਾਨੀ ਪੁਜਾਰਣ ਦੇ ਰੂਪ ਵਿੱਚ ਕੱਪੜੇ ਪਹਿਨੀ ਮੁਟਿਆਰ ਮਸ਼ਾਲ ਫੜਦੀ ਹੈ, ਸਗੋਂ ‘ਬੈਕਅੱਪ’ ਲਾਟ ਦੀ ਵਰਤੋਂ ਕੀਤੀ ਗਈ, ਜੋ ਸੋਮਵਾਰ ਨੂੰ ਅੰਤਿਮ ‘ਰਿਹਰਸਲ’ ਦੌਰਾਨ ਉਸੇ ਸਥਾਨ ’ਤੇ ਜਗਾਈ ਗਈ ਸੀ। ਮਸ਼ਾਲ ਨੂੰ ਮਸ਼ਾਲਾਂ ਦੀ ਰੀਲੇਅ ਰਾਹੀਂ ਪ੍ਰਾਚੀਨ ਉਲੰਪੀਆ ਦੇ ਖੰਡਰ ਮੰਦਰਾਂ ਅਤੇ ਖੇਡ ਮੈਦਾਨਾਂ ਵਿੱਚੋਂ ਲੰਘਾਇਆ ਜਾਵੇਗਾ। ਰੀਲੇਅ ਦੀ ਯੂਨਾਨ ਦੀ 11 ਦਿਨਾਂ ਦੀ ਯਾਤਰਾ ਏਥਨਜ਼ ਵਿੱਚ ਪੈਰਿਸ 2024 ਦੇ ਪ੍ਰਬੰਧਕਾਂ ਨੂੰ ਸੌਂਪਣ ਦੇ ਨਾਲ ਸਮਾਪਤ ਹੋਵੇਗੀ।





**ਉਲੰਪਿਕ ਖੇਡਾਂ ਵਿੱਚ ਟਰੈਕ ਹੋਵੇਗਾ ਜਾਮਣੀ ਰੰਗ ਦਾ**

ਪੈਰਿਸ ਉਲੰਪਿਕ ਖੇਡਾਂ ’ਚ ਜਦੋਂ ਖਿਡਾਰੀ ਨਵੇਂ ਰੀਕਾਰਡ ਬਣਾਉਣ ਦੀ ਕੋਸ਼ਿਸ਼ ਕਰਨਗੇ ਤਾਂ ਦਰਸ਼ਕਾਂ ਨੂੰ ਜਾਮਣੀ ਰੰਗ ਦਾ ਐਥਲੈਟਿਕ ਟਰੈਕ ਵੇਖਣ ਨੂੰ ਮਿਲੇਗਾ। ਪਹਿਲੀ ਵਾਰ ਉਲੰਪਿਕ ਟਰੈਕ ਇਸ ਵਾਰ ਜਾਮਣੀ ਰੰਗ ਦਾ ਹੋਵੇਗਾ, ਜੋ ਰਵਾਇਤੀ ਇੱਟਾਂ ਵਰਗੇ ਲਾਲ ਰੰਗ ਤੋਂ ਦੂਰ ਹੋਵੇਗਾ।

ਉੱਤਰੀ ਇਟਲੀ ਦੀ ਇਕ ਫੈਕਟਰੀ ਵਿੱਚ ‘ਵੌਲਕੇਨਾਈਜ਼ਡ ਰਬੜ ਟਰੈਕਾਂ’ (ਰਸਾਇਣਕ ਪ੍ਰਕਿਰਿਆ ਨਾਲ ਤਿਆਰ ਹੋਣ ਵਾਲਾ ਬਿਹਤਰੀ ਬਨਾਵਟੀ ਟਰੈਕ) ਦੇ ਟੁਕੜੇ ਤਿਆਰ ਕੀਤੇ ਗਏ ਹਨ ਅਤੇ ਮੁਲਾਜ਼ਮ ਉਨ੍ਹਾਂ ਨੂੰ ‘ਸਟੈਡ ਡੀ ਫਰਾਂਸ’ ਵਿੱਚ ਵਿਛਾ ਰਹੇ ਹਨ, ਜੋ ਟਰੈਕ ਸਮਾਗਮਾਂ ਦੀ ਮੇਜ਼ਬਾਨੀ ਕਰਨ ਵਾਲਾ ਕੌਮੀ ਸਟੇਡੀਅਮ ਹੈ।



ਟਰੈਕ ਨੂੰ ਢਕਣ ਲਈ ਵੌਲਕੇਨਾਈਜ਼ਡ ਰਬੜ ਦੇ 1000 ਤੋਂ ਵੱਧ ਰੋਲ ਵਰਤੇ ਜਾਣਗੇ। ਇਸ ’ਚ ਲਗਭਗ ਇੱਕ ਮਹੀਨਾ ਲੱਗੇਗਾ ਅਤੇ ਕੁਲ ਮਿਲਾ ਕੇ 2800 ਡੱਬੇ ਗੂੰਦ ਲੱਗਣਗੇ। ਤਿੰਨ ਸਾਲ ਪਹਿਲਾਂ ਟੋਕੀਓ ’ਚ ਰੈੱਡ ਟਰੈਕ ’ਤੇ ਤਿੰਨ ਵਿਸ਼ਵ ਅਤੇ 12 ਉਲੰਪਿਕ ਰੀਕਾਰਡ ਬਣਾਏ ਗਏ ਸਨ। ਮੌਂਡੀਓ ਨੇ 1976 ’ਚ ਮਾਂਟਰੀਅਲ ਤੋਂ ਬਾਅਦ ਹਰ ਗਰਮੀਆਂ ਦੀਆਂ ਖੇਡਾਂ ਦਾ ਐਥਲੈਟਿਕ ਟਰੈਕ ਡਿਜ਼ਾਈਨ ਕੀਤਾ ਹੈ ਅਤੇ ਕੰਪਨੀ ਪੈਰਿਸ ’ਚ ਹੋਰ ਵੀ ਵਧੀਆ ਟਰੈਕ ਬਣਾਉਣ ਦੀ ਉਮੀਦ ਕਰਦੀ ਹੈ।

ਜ਼ਿਕਰਯੋਗ ਹੈ ਕਿ ਇਸ ਸਾਲ ਪੈਰਿਸ ਵਿਖੇ ਹੋਣ ਵਾਲੀਆਂ ਉਲੰਪਿਕ ਖੇਡਾਂ ਸਬੰਧੀ ਪੂਰੀ ਦੁਨੀਆਂ ਦੇ ਖੇਡ ਪ੍ਰੇਮੀਆਂ ਵਿੱਚ ਬਹੁਤ ਉਤਸ਼ਾਹ ਪਾਇਆ ਜਾ ਰਿਹਾ ਹੈ। ਜਦੋਂ ਉਲੰਪਿਕ ਖੇਡਾਂ ਹੋ ਰਹੀਆਂ ਹੁੰਦੀਆਂ ਹਨ ਤਾਂ ਵੱਡੀ ਗਿਣਤੀ ਖੇਡ ਪ੍ਰੇਮੀ ਆਪਣੇ ਜ਼ਰੂਰੀ ਕੰਮ ਧੰਦਿਆਂ ਨੂੰ ਵੀ ਛੱਡ ਕੇ ਇਹਨਾਂ ਖੇਡਾਂ ਨੂੰ ਦੇਖਦੇ ਹਨ। ਹਰ ਚਾਰ ਸਾਲ ਬਾਅਦ ਹੋਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਲਈ ਹਰ ਖਿਡਾਰੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਕਰਦਾ ਹੈ। ਅਨੇਕਾਂ ਖੇਡ ਪ੍ਰੇਮੀ ਵੱਖ- ਵੱਖ ਟੀ ਵੀ ਚੈਨਲਾਂ ’ਤੇ ਪ੍ਰਸਾਰਿਤ ਹੁੰਦੀਆਂ ਉਲੰਪਿਕ ਖੇਡਾਂ ਨੂੰ ਦਿਨ ਰਾਤ ਵੇਖਦੇ ਹਨ ਅਤੇ ਇਹਨਾਂ ਖੇਡਾਂ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਹਰ ਵਾਰ ਦੀਆਂ ਉਲੰਪਿਕ ਖੇਡਾਂ ਵਿੱਚ ਜਿਥੇ ਪੁਰਾਣੇ ਰਿਕਾਰਡ ਟੁੱਟਦੇ ਹਨ, ਉਥੇ ਖਿਡਾਰੀਆਂ ਤੇ ਖਿਡਾਰਨਾਂ ਵੱਲੋਂ ਨਵੇਂ ਰਿਕਾਰਡ ਵੀ ਕਾਇਮ ਕੀਤੇ ਜਾਂਦੇ ਹਨ। ਹਰ ਖਿਡਾਰੀ ਦਾ ਉਲੰਪਿਕ ਖੇਡਾਂ ਵਿੱਚ ਖੇਡਣਾ ਸੁਪਨਾ ਹੁੰਦਾ ਹੈ, ਜਿਸ ਨੂੰ ਪੂਰਾ ਹੋਣ ਵੇਲੇ ਖਿਡਾਰੀਆਂ ਤੇ ਖਿਡਾਰਨਾਂ ਦਾ ਉਤਸ਼ਾਹ ਵੇਖਣ ਵਾਲਾ ਹੁੰਦਾ ਹੈ। ਉਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ ਉਲੰਪੀਅਨ ਕਿਹਾ ਜਾਂਦਾ ਹੈ।

# ਉਭਰਦੀਆਂ ਖਿਡਾਰਨਾਂ ਨੂੰ ਮਹਿਲਾ ਹਾਕੀ ਲੀਗ ’ਚ ਮਿਲੇਗਾ ਆਪਣੇ ਹੁਨਰ ਨੂੰ ਨਿਖਾਰਨ ਦਾ ਮੌਕਾ

## ਭਾਰਤੀ ਹਾਕੀ ਲਈ ਵੱਡਾ ਮੌਕਾ ਹੈ ਕੌਮੀ ਮਹਿਲਾ ਹਾਕੀ ਲੀਗ : ਹਾਕੀ ਇੰਡੀਆ



ਪਹਿਲੀ ਕੌਮੀ ਮਹਿਲਾ ਹਾਕੀ ਲੀਗ ਰਾਂਚੀ ਵਿੱਚ 30 ਅਪ੍ਰੈਲ ਤੋਂ 10 ਮਈ ਤੱਕ ਖੇਡੀ ਜਾਵੇਗੀ। ਹਾਕੀ ਇੰਡੀਆ ਨੇ ਇਹ ਐਲਾਨ ਕੀਤਾ। ਲੀਗ ਰਾਹੀਂ ਉਭਰਦੀਆਂ ਖਿਡਾਰਨਾਂ ਨੂੰ ਆਪਣਾ ਹੁਨਰ ਨਿਖਾਰਨ ਦਾ ਮੌਕਾ ਮਿਲੇਗਾ। ਲੀਗ ਦੇ ਪਹਿਲੇ ਗੇੜ ਵਿੱਚ ਸੀਨੀਅਰ ਕੌਮੀ ਚੈਂਪੀਅਨਸ਼ਿਪ ਦੇ ਕੁਆਰਟਰ ਫਾਈਨਲ ਵਿੱਚ ਪਹੁੰਚੀਆਂ ਹਰਿਆਣਾ, ਮਹਾਰਾਸ਼ਟਰ, ਝਾਰਖੰਡ, ਮੱਧ ਪ੍ਰਦੇਸ਼, ਬੰਗਾਲ, ਮਿਜ਼ੋਰਮ, ਮਨੀਪੁਰ ਅਤੇ ਉੜੀਸਾ ਦੀਆਂ ਟੀਮਾਂ ਹਿੱਸਾ ਲੈਣਗੀਆਂ। ਇਸ ਲੀਗ ਵਿੱਚ ਅੰਡਰ-21 ਦੀਆਂ ਖਿਡਾਰਨਾਂ ਖੇਡਣਗੀਆਂ। ਦੂਜੇ ਗੇੜ ਦੀਆਂ ਤਰੀਕਾਂ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ। ਹਾਕੀ ਇੰਡੀਆ ਦੇ ਪ੍ਰਧਾਨ ਦਿਲੀਪ ਟਿਰਕੀ ਨੇ ਕਿਹਾ, ‘‘ਕੌਮੀ ਮਹਿਲਾ ਹਾਕੀ ਲੀਗ ਭਾਰਤੀ ਹਾਕੀ ਲਈ ਵੱਡਾ ਮੌਕਾ ਹੈ।’’



ਜ਼ਿਕਰਯੋਗ ਹੈ ਕਿ ਭਾਰਤ ਵਿੱਚ ਖੇਡ ਯੋਗਤਾ ਦੀ ਘਾਟ ਨਹੀਂ ਹੈ, ਸਗੋਂ ਵੱਖ -ਵੱਖ ਖੇਡਾਂ ਨਾਲ ਸਬੰਧਿਤ ਉਭਰਦੇ ਖਿਡਾਰੀਆਂ ਅਤੇ ਖਿਡਾਰਨਾਂ ਨੂੰ ਆਪਣਾ ਹੁਨਰ ਦਿਖਾਉਣ ਦਾ ਮੌਕਾ ਘੱਟ ਮਿਲਦਾ ਹੈ। ਭਾਰਤ ਦੇ ਪੇਂਡੂ ਖੇਤਰ ਵਿੱਚ ਅਨੇਕਾਂ ਖਿਡਾਰਨਾਂ ਸਿਰਫ਼ ਇਸ ਕਰਕੇ ਆਪਣਾ ਹੁਨਰ ਦਿਖਾਉਣ ਤੋਂ ਰਹਿ ਜਾਂਦੀਆਂ ਹਨ ਕਿ ਉਹਨਾਂ ਨੂੰ ਯੋਗ ਅਗਵਾਈ ਨਹੀਂ ਮਿਲਦੀ ਅਤੇ ਉਹਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਕਰਕੇ ਪਿੰਡ ਵਾਸੀਆਂ ਦੇ ਲੁਕਵੇਂ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਤਾਂ ਉਭਰਦੀਆਂ ਖਿਡਾਰਨਾਂ ਨੂੰ ਉਹਨਾਂ ਦਾ ਪਰਿਵਾਰ ਵੀ ਪੂਰੀ ਸਹਾਇਤਾ ਨਹੀਂ ਕਰਦਾ, ਜਿਸ ਕਰਕੇ ਉਹ ਪਰਿਵਾਰ ਦਾ ਸਹਿਯੋਗ ਨਾ ਮਿਲਣ ਕਾਰਨ ਵੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਤੋਂ ਵਾਂਝੀਆ ਰਹਿ ਜਾਂਦੀਆਂ ਹਨ। ਭਾਵੇਂ ਕਿ ਹੁਣ ਕੁਝ ਸਮੇਂ ਤੋਂ ਸਥਿਤੀ ਬਦਲਣ ਲੱਗੀ ਹੈ ਅਤੇ ਭਾਰਤ ਦੇ ਪੇਂਡੂ ਇਲਾਕਿਆਂ ਵਿੱਚ ਵੀ ਲੋਕ ਆਪਣੀਆਂ ਧੀਆਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਲੱਗੇ ਹਨ।



ਭਾਵੇਂ ਹੁਣ ਸਰਕਾਰ ਵੱਲੋਂ ਭਾਰਤ ਦੇ ਪੇਂਡੂ ਖੇਤਰਾਂ ਵਿੱਚ ਵੀ ਖੇਡ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਪਰ ਅਜੇ ਪੂਰੇ ਪਿੰਡਾਂ ਵਿੱਚ ਖੇਡ ਸਹੂਲਤਾਂ ਸਹੀ ਤਰੀਕਿਆਂ ਨਾਲ ਨਹੀਂ ਪਹੁੰਚੀਆਂ। ਸ਼ਹਿਰੀ ਖੇਤਰਾਂ ਵਿੱਚ ਤਾਂ ਉਭਰਦੀਆਂ ਖਿਡਾਰਨਾਂ ਨੂੰ ਆਪਣੀ ਖੇਡ ਕਲਾ ਦਿਖਾਉਣ ਦਾ ਸਹੀ ਮੌਕਾ ਮਿਲ ਜਾਂਦਾ ਹੈ, ਪਰ ਅਨੇਕਾਂ ਪੇਂਡੂ ਖੇਤਰਾਂ ਵਿੱਚ ਪੇਂਡੂ ਖਿਡਾਰਨਾਂ ਨੂੰ ਆਪਣੇ ਹੁਨਰ ਨੂੰ ਦਿਖਾਉਣ ਦਾ ਮੌਕਾ ਨਹੀਂ ਮਿਲਦਾ ਜਾਂ ਉਹਨਾਂ ਦੇ ਰਸਤੇ ਵਿੱਚ ਆਪਣਿਆਂ ਤੇ ਬੇਗਾਨਿਆਂ ਵੱਲੋਂ ਰੁਕਾਵਟਾਂ ਖੜੀਆਂ ਕਰ ਦਿੱਤੀਆਂ ਜਾਂਦੀਆਂ ਹਨ, ਜਿਸ ਕਾਰਨ ਇਹ ਉਭਰਦੀਆਂ ਖਿਡਾਰਨਾਂ ਚੰਗੀਆਂ ਖਿਡਾਰਨਾਂ ਬਣਨ ਤੋਂ ਰਹਿ ਜਾਂਦੀਆਂ ਹਨ। ਹੁਣ ਉਭਰਦੀਆਂ ਖਿਡਾਰਨਾਂ ਨੂੰ ਆਪਣਾ ਹੁਨਰ ਦਿਖਾਉਣ ਦਾ ਮੌਕਾ ਹਾਕੀ ਲੀਗ ਰਾਹੀਂ ਦਿੱਤਾ ਜਾ ਰਿਹਾ ਹੈ, ਜਿਸ ਕਾਰਨ ਆਸ ਬਣ ਗਈ ਹੈ ਕਿ ਇਸ ਮੌਕੇ ਦਾ ਸਹੀ ਲਾਭ ਉਭਰਦੀਆਂ ਖਿਡਾਰਨਾਂ ਉਠਾਉਣਗੀਆਂ ਅਤੇ ਇਹਨਾਂ ਉਭਰਦੀਆਂ ਖਿਡਾਰਨਾਂ ਵਿੱਚੋਂ ਹੀ ਚੰਗੀਆਂ ਖਿਡਾਰਨਾਂ ਉਭਰ ਕੇ ਸਾਹਮਣੇ ਆਉਣਗੀਆਂ।



# ਨੀਰੂ ਬਾਜਵਾ ਤੇ ਸਤਿੰਦਰ ਸਰਤਾਜ ਦੀ ਜੋੜੀ ਨੇ ਫ਼ਿਰ ਜਿੱਤਿਆ ਦਿਲ




ਨੀਰੂ ਬਾਜਵਾ ਤੇ ਸਤਿੰਦਰ ਸਰਤਾਜ ਦੀ ਜੋੜੀ ਇੱਕ ਵਾਰ ਫ਼ਿਰ ਛਾ ਗਈ ਹੈ। ਦੋਵਾਂ ਦੀ ਫ਼ਿਲਮ 'ਸ਼ਾਇਰ' 19 ਅਪ੍ਰੈਲ ਨੂੰ ਰਿਲੀਜ਼ ਹੋ ਗਈ ਹੈ। ਇਹ ਤਾਂ ਕਹਿਣਾ ਪਵੇਗਾ ਕਿ ਨੀਰੂ ਬਾਜਵਾ ਤੇ ਸਤਿੰਦਰ ਸਰਤਾਜ ਦੀ ਜੋੜੀ ਸੁਪਰਹਿੱਟ ਹੈ।

ਫ਼ਿਲਮ ਦਾ ਨਾਮ ਹੀ ਦੱਸਦਾ ਹੈ ਕਿ ਫ਼ਿਲਮ 'ਚ ਕਾਫ਼ੀ ਜ਼ਿਆਦਾ ਸ਼ਾਇਰੀ ਹੈ। ਬਲਕਿ ਇਹ ਫ਼ਿਲਮ ਹੀ ਸ਼ਾਇਰੀ 'ਤੇ ਬਣੀ ਹੈ। ਫ਼ਿਲਮ 'ਚ ਬਕਮਾਲ ਸ਼ਾਇਰੀ ਤੁਹਾਡਾ ਦਿਲ ਜਿੱਤ ਲੈਂਦੀ ਹੈ। ਇਸ ਦੇ ਨਾਲ ਨਾਲ ਸ਼ਾਨਦਾਰ ਕੱਵਾਲੀਆਂ ਵੀ ਸਮਾਂ ਬੰਨ੍ਹਦੀਆਂ ਹਨ। ਜਿਹੜੇ ਲੋਕ ਕੱਵਾਲੀਆਂ ਦੇ ਸ਼ੌਕੀਨ ਹਨ, ਉਨ੍ਹਾਂ ਨੂੰ ਇਹ ਫ਼ਿਲਮ ਬਹੁਤ ਵਧੀਆ ਲੱਗੇਗੀ। ਫ਼ਿਲਮ ਦੀ ਕਹਾਣੀ ਸੱਤੇ (ਸਰਤਾਜ) ਤੇ ਸੀਰੋ (ਨੀਰੂ) ਦੇ ਆਲੇ ਦੁਆਲੇ ਘੁੰਮਦੀ ਹੈ। ਦੋਵਾਂ ਨੂੰ ਇੱਕ ਦੂਜੇ ਨਾਲ ਪਿਆਰ ਹੁੰਦਾ ਹੈ ਤੇ ਫ਼ਿਰ ਵਿਛੋੜੇ ਦਾ ਸੀਜ਼ਨ ਵੀ ਆਉਂਦਾ ਹੈ, ਪਰ ਇਸ ਤੋਂ ਬਾਅਦ ਤੇ ਇਸ ਦਰਮਿਆਨ ਜੋ ਹੁੰਦਾ ਹੈ, ਉਸ ਦੇ ਲਈ ਤਾਂ ਤੁਹਾਨੂੰ ਫ਼ਿਲਮ ਦੇਖਣੀ ਪਵੇਗੀ।

ਜਦੋਂ ਤੁਸੀਂ ਫ਼ਿਲਮ ਦੇਖਣਾ ਸ਼ੁਰੂ ਕਰਦੇ ਹੋ ਤਾਂ ਇਸ ਨਾਲ ਹੌਲੀ ਹੌਲੀ ਜੁੜਦੇ ਜਾਂਦੇ ਹੋ। ਇੱਥੇ ਇਹ ਵੀ ਕਹਿਣਾ ਬਣਦਾ ਹੈ ਕਿ ਇਹ ਫ਼ਿਲਮ ਤੁਹਾਨੂੰ ਹਸਾਏਗੀ, ਰੁਆਏਗੀ ਤੇ ਖ਼ੂਬ ਇਮੋਸ਼ਨਲ ਕਰੇਗੀ ਪਰ ਸਾਵਧਾਨ! ਇਹ ਫ਼ਿਲਮ ਨੂੰ ਦੇਖ ਤੁਹਾਡੀਆਂ ਅੱਖਾਂ 'ਚ ਹੰਝੂ ਵੀ ਆ ਸਕਦੇ ਹਨ।

ਕਾਬਿਲੇ.ਗੌਰ ਹੈ ਕਿ ਸ਼ਾਇਰ ਫ਼ਿਲਮ ਦਾ ਦੁਨੀਆ ਭਰ 'ਚ ਦਰਸ਼ਕ ਲੰਬੇ ਸਮੇਂ ਤੋਂ ਇੰਤਜ਼ਾਰ ਕਰ ਰਹੇ ਸੀ। ਆਖਰ ਇਹ ਫ਼ਿਲਮ 19 ਅਪ੍ਰੈਲ ਨੂੰ ਰਿਲੀਜ਼ ਹੋ ਗਈ ਹੈ। ਜਿਵੇਂ ਕਿ ਸਾਰਿਆਂ ਨੂੰ ਉਮੀਦ ਸੀ ਕਿ ਫ਼ਿਲਮ ਵਧੀਆ ਹੋਵੇਗੀ। ਇਹ ਫ਼ਿਲਮ ਦਰਸ਼ਕਾਂ ਦੀਆਂ ਉਮੀਦਾਂ 'ਤੇ ਖਰੀ ਉਤਰਦੀ ਨਜ਼ਰ ਆ ਰਹੀ ਹੈ।

# ਅਦਾਕਾਰਾ ਨਹੀਂ ਬਣਨਾ ਚਾਹੁੰਦੀ ਸੀ ਰੇਖਾ





ਬਾਲੀਵੁੱਡ ਦੀ ਬਹੁਤ ਹੀ ਖ਼ੂਬਸੂਰਤ ਅਦਾਕਾਰਾ ਰੇਖਾ ਨੇ ਆਪਣੇ 5 ਦਹਾਕੇ ਲੰਬੇ ਫਿਲਮੀ ਕੈਰੀਅਰ 'ਚ ਕਈ ਫਿਲਮਾਂ ਕੀਤੀਆਂ ਹਨ। ਉਸ ਸਮੇਂ ਰੇਖਾ ਨੇ ਆਪਣੀ ਖ਼ੂਬਸੂਰਤੀ ਤੇ ਸ਼ਾਨਦਾਰ ਐਕਟਿੰਗ ਨਾਲ ਸਾਰਿਆਂ ਦਾ ਦਿਲ ਜਿੱਤ ਲਿਆ ਸੀ। ਇਕ ਦਿੱਗਜ ਅਦਾਕਾਰਾ ਵਜੋਂ ਰੇਖਾ ਅੱਜ ਵੀ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਰਹੀ ਹੈ। ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਰੇਖਾ ਕਦੇ ਵੀ ਅਦਾਕਾਰਾ ਨਹੀਂ ਬਣਨਾ ਚਾਹੁੰਦੀ ਸੀ।

**ਪਰਿਵਾਰ ਨੇ ਕੀਤਾ ਸੀ ਫੋਰਸ**

ਕਿਸੇ ਸਮੇਂ ਨਰਗਿਸ ਤੇ ਸ਼ਰਮੀਲਾ ਟੈਗੋਰ ਇੰਡਸਟਰੀ 'ਤੇ ਰਾਜ ਕਰ ਰਹੀਆਂ ਸਨ, ਜਿਨ੍ਹਾਂ ਨੂੰ ਦੇਖ ਕੇ ਕੁੜੀਆਂ ਫਿਲਮਾਂ 'ਚ ਹੀਰੋਇਨ ਬਣਨ ਦੇ ਸੁਪਨੇ ਲੈਂਦੀਆਂ ਸਨ। ਇਸ ਦੇ ਨਾਲ ਹੀ ਰੇਖਾ ਉਸ ਸਮੇਂ ਸਟਾਰ ਕਿਡ ਹੋਣ ਦੇ ਬਾਵਜੂਦ ਅਦਾਕਾਰ ਨਹੀਂ ਬਣਨਾ ਚਾਹੁੰਦੀ ਸੀ। ਰੇਖਾ ਦਿੱਗਜ ਅਦਾਕਾਰ ਜੇਮਿਨੀ ਗਣੇਸ਼ਨ ਦੀ ਬੇਟੀ ਸੀ ਉਸ ਦੇ ਪਿਤਾ ਇੰਡਸਟਰੀ 'ਚ ਚੰਗਾ ਨਾਂ ਕਮਾ ਚੁੱਕੇ ਸੀ। ਰੇਖਾ ਨੇ 1996 'ਚ ਇੱਕ ਇੰਟਰਵਿਊ ਦੌਰਾਨ ਖ਼ੁਲਾਸਾ ਕੀਤਾ ਸੀ ਕਿ ਉਹ ਕਦੇ ਵੀ ਅਦਾਕਾਰਾ ਨਹੀਂ ਬਣਨਾ ਚਾਹੁੰਦੀ ਸੀ। ਰੇਖਾ ਨੇ ਕਿਹਾ, 'ਮੈਂ ਕਦੇ ਵੀ ਅਦਾਕਾਰਾ ਨਹੀਂ ਬਣਨਾ ਚਾਹੁੰਦੀ ਸੀ। ਇਹ ਮੇਰੇ ਪਰਿਵਾਰ ਦੀ ਇੱਛਾ ਸੀ। ਉਨ੍ਹਾਂ ਨੇ ਮੈਨੂੰ ਫਿਲਮਾਂ ਕਰਨ ਲਈ ਮਨਾਉਣ ਲਈ ਰਾਜ਼ੀ ਕੀਤਾ ਸੀ।'

**ਫਿਲਮਾਂ 'ਚ ਕੰਮ ਨਹੀਂ ਕਰਨਾ ਚਾਹੁੰਦੀ ਸੀ ਰੇਖਾ**

ਮੇਰੇ ਪਰਿਵਾਰ ਨੇ ਮੈਨੂੰ ਸ਼ੂਟਿੰਗ ਲਈ ਸੈੱਟ 'ਤੇ ਭੇਜਿਆ ਸੀ। ਮੇਰੀ ਬਿਲਕੁਲ ਵੀ ਇੱਛਾ ਨਹੀਂ ਸੀ ਕਿ ਮੈਂ ਇੱਕ ਸੁਪਰਸਟਾਰ ਦੀ ਬੇਟੀ ਹਾਂ ਤੇ ਮੈਂ ਵੀ ਇਸੇ ਫੀਲਡ 'ਚ ਜਾਣਾ ਹੈ। ਅਜਿਹੇ 'ਚ ਮੈਨੂੰ ਫਿਲਮਾਂ 'ਚ ਕੰਮ ਕਰਨ ਲਈ ਮਜਬੂਰ ਕੀਤਾ ਪਿਆ। ਸੱਚ ਦੱਸਾਂ ਤਾਂ ਕਰੀਅਰ ਦੇ ਪਹਿਲੇ 7-8 ਸਾਲਾਂ 'ਚ ਮੈਨੂੰ ਫਿਲਮਾਂ 'ਚ ਕੰਮ ਕਰਨ ਦੀ ਕੋਈ ਇੱਛਾ ਨਹੀਂ ਸੀ ਉਹ ਚਾਹੁੰਦੇ ਸਨ ਕਿ ਉਸ ਲੜਕੀ ਨੂੰ ਥੋੜ੍ਹੀ ਹਿੰਦੀ ਵੀ ਆਉਂਦੀ ਹੋਵੇ। ਮੈਨੂੰ ਉਸ ਸਮੇਂ ਬਿਲਕੁਲ ਵੀ ਹਿੰਦੀ ਨਹੀਂ ਆਉਂਦੀ ਸੀ। ਉਨ੍ਹਾਂ ਨਾਲ ਮੇਰੀ ਗੱਲ ਹੋਈ, ਉਨ੍ਹਾਂ ਪੁੱਛਿਆ ਹਿੰਦੀ ਆਉਂਦੀ ਹੈ, ਮੈਂ ਕਿਹਾ ਨਹੀਂ, ਉਨ੍ਹਾਂ ਕਿਹਾ ਕਿ ਫਿਲਮਾਂ 'ਚ ਕੰਮ ਕਰੋਗੇ ਤਾਂ ਮੈਂ ਕਿਹਾ ਨਹੀਂ। ਪਰ ਇਸ ਦੇ ਬਾਵਜੂਦ ਉਨ੍ਹਾਂ ਮੈਨੂੰ ਸਾਈਨ ਕਰਨ ਲਈ ਮਨਾ ਲਿਆ।13 ਸਾਲ ਦੀ ਉਮਰ 'ਚ ਮੈਨੂੰ ਪਹਿਲੀ ਫਿਲਮ ਮਿਲੀ। ਤੁਹਾਨੂੰ ਦੱਸ ਦੇਈਏ ਕਿ ਅਦਾਕਾਰਾ ਰੇਖਾ ਨੇ ਫਿਲਮ ਸਾਵਨ ਭਾਦੋ ਨਾਲ ਬਾਲੀਵੁੱਡ 'ਚ ਡੈਬਿਊ ਕੀਤਾ ਸੀ, ਜੋ ਸੁਪਰਹਿੱਟ ਸਾਬਤ ਹੋਈ ਸੀ।

# ਸਾਹਿਤਕ ਸਿਨੇਮਾ ਦੀ ਸਟੀਕ ਪੇਸ਼ਕਾਰੀ 'ਬੁੱਕਲ ਦੇ ਸੱਪ'

**ਸੁਰਜੀਤ ਜੱਸਲ**

ਪੰਜਾਬੀ ਸਿਨੇਮਾ ਦੀ ਇਹ ਤਰਾਸਦੀ ਰਹੀ ਹੈ ਕਿ ਪੰਜਾਬ ਵਿੱਚ ਸਾਹਿਤ ਦਾ ਖੁੱਲ੍ਹਾ ਖ਼ਜ਼ਾਨਾ ਹੋਣ ਦੇ ਬਾਵਜੂਦ ਬਹੁਤੇ ਫ਼ਿਲਮਸਾਜ਼ਾਂ ਨੂੰ ਮਨਘੜਤ ਕਹਾਣੀਆਂ ਜਾਂ ਹੋਰ ਭਾਸ਼ਾਈ ਫ਼ਿਲਮਾਂ ਦੀ ਚੀਰ ਫ਼ਾੜ ਕਰਕੇ ਨਵੀਆਂ ਫ਼ਿਲਮਾਂ ਦੀ ਸਿਰਜਣਾ ਕਰਨੀ ਪੈਂਦੀ ਹੈ। ਅਜਿਹੇ ਬਹੁਤ ਘੱਟ ਫ਼ਿਲਮਸਾਜ਼ ਹਨ ਜਿਨ੍ਹਾਂ ਨੇ ਪੰਜਾਬ ਦੇ ਸਾਹਿਤ ਨੂੰ ਆਪਣੀਆਂ ਫ਼ਿਲਮਾਂ ਦਾ ਹਿੱਸਾ ਬਣਾਇਆ। ਭਾਵੇਂ ਇਹ ਫ਼ਿਲਮਾਂ ਵਪਾਰਕ ਪੱਖੋਂ ਊਣੀਆਂ ਰਹੀਆਂ ਪਰ ਦਰਸ਼ਕਾਂ ਦੀ ਕਸਵੱਟੀ 'ਤੇ ਖਰੀਆਂ ਉਤਰੀਆਂ। ਚੰਗੀ ਗੱਲ ਹੋਵੇਗੀ ਜੇ ਇਸ ਰੁਝਾਨ ਨੂੰ ਹੋਰ ਹੁਲਾਰਾ ਦਿੱਤਾ ਜਾਵੇ ਅਤੇ ਵੱਧ ਤੋਂ ਵੱਧ ਸਾਹਿਤਕ ਲਿਖਤਾਂ ਉੱਪਰ ਫ਼ਿਲਮਾਂ ਦਾ ਨਿਰਮਾਣ ਹੋਵੇ। ਅਜਿਹੀ ਹੀ ਇੱਕ ਨਵੀਂ ਕੋਸ਼ਿਸ਼ ਅਧੀਨ ਫ਼ਿਲਮ 'ਬੁੱਕਲ ਦੇ ਸੱਪ' ਪਿਛਲੇ ਦਿਨੀਂ ਯੂ-ਟਿਊਬ ਚੈਨਲ 'ਤੇ ਵੇਖਣ ਨੂੰ ਮਿਲੀ ਜੋ ਪੰਜਾਬ ਦੇ ਪਿੰਡਾਂ ਦੇ ਵਿਰਾਸਤੀ ਸੱਭਿਆਚਾਰ 'ਚੋਂ ਪੈਦਾ ਹੋਈ ਇੱਕ ਸਮਾਜਿਕ ਕਹਾਣੀ ਹੈ। ਉੱਘੇ ਨਾਵਲਕਾਰ ਜੀਤ ਸਿੰਘ ਸੰਧੂ ਦੇ ਚਰਚਿਤ ਨਾਵਲ 'ਬੁੱਕਲ ਦੇ ਸੱਪ' 'ਤੇ ਬਣੀ ਇਸ ਫ਼ਿਲਮ ਨੂੰ ਨਿਰਦੇਸ਼ਕ ਰਵਿੰਦਰ ਰਵੀ ਨੇ ਬਣਾਇਆ ਹੈ।



ਨਾਵਲਕਾਰ ਜੀਤ ਸਿੰਘ ਸੰਧੂ ਹੁਣ ਤੱਕ 25 ਦੇ ਕਰੀਬ ਨਾਵਲ ਲਿਖ ਚੁੱਕਿਆ ਹੈ। ਇਸ ਤੋਂ ਪਹਿਲਾਂ ਉਸ ਦੇ ਨਾਵਲ 'ਤੇਜਾ ਨਗੌਰੀ' 'ਤੇ ਵੀ ਇੱਕ ਸਫ਼ਲ ਵੈੱਬ ਸੀਰੀਜ਼ ਬਣ ਚੁੱਕੀ ਹੈ। 'ਬੁੱਕਲ ਦੇ ਸੱਪ' ਦੀ ਕਹਾਣੀ ਪੰਜਾਬ ਦੇ ਪੇਂਡੂ ਸੱਭਿਆਚਾਰ ਨਾਲ ਜੁੜੀ ਸੱਚੀ ਸਮਾਜਿਕ ਗਾਥਾ ਹੈ ਜੋ ਔਲਾਦ ਦੀ ਪੂਰਤੀ ਲਈ ਦੂਜਾ ਵਿਆਹ ਕਰਵਾ ਕੇ ਪੈਦਾ ਹੋਏ ਹਾਲਾਤ 'ਤੇ ਆਧਾਰਿਤ ਹੈ। ਮਨੋਰੰਜਨ ਦੇ ਨਾਲ ਨਾਲ ਸਮਾਜ ਨੂੰ ਇੱਕ ਚੰਗੀ ਸੇਧ ਦਿੰਦੀ ਇਸ ਫ਼ਿਲਮ ਦੀ ਕਹਾਣੀ ਰਣਜੀਤ ਅਤੇ ਕੰਵਲ ਦੁਆਲੇ ਘੁੰਮਦੀ ਹੈ। ਖੇਤੀ-ਪੱਤੀ ਕਰਨ ਵਾਲੇ (**ਬਾਕੀ ਸਫ਼ਾ 31 'ਤੇ**)

# ਇੱਕ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ ਬਲਰਾਜ ਸਾਹਨੀ

**ਮੁਖ਼ਤਾਰ ਗਿੱਲ**



ਫ਼ਿਲਮ ਅਦਾਕਾਰ ਬਲਰਾਜ ਸਾਹਨੀ ਪੰਜਾਬ, ਪੰਜਾਬੀਅਤ ਅਤੇ ਅਮੀਰ ਪੰਜਾਬੀ ਸਭਿਆਚਾਰਕ ਵਿਰਸੇ ਦਾ ਸੱਚਾ-ਸੁੱਚਾ ਮੁਦਈ ਸੀ। ਉਹ ਤਾਉਮਰ ਸਮਾਜਿਕ ਪਰਿਵਰਤਨ ਤੇ ਲੁੱਟ ਰਹਿਤ ਸਮਾਜ ਦੀ ਸਿਰਜਣਾ ਲਈ ਸੰਘਰਸ਼ਸ਼ੀਲ ਰਿਹਾ। ਬਲਰਾਜ ਸਾਹਨੀ ਪੰਜਾਬੀ ਮਾਂ ਬੋਲੀ ਦਾ ਲਾਡਲਾ ਪੁੱਤਰ ਸੀ। ਉਨ੍ਹਾਂ ਤੋਂ ਸੁਣੀਆਂ ਜਾਂ ਬਾਅਦ ਵਿੱਚ ਕੁਝ ਪੜ੍ਹੀਆਂ ਸਾਹਸੀ ਘਟਨਾਵਾਂ ਜੋ ਮੇਰੇ ਚੇਤਿਆਂ ਵਿੱਚ ਅੱਜ ਵੀ ਵਸੀਆਂ ਹੋਈਆਂ ਹਨ, ਪੇਸ਼ ਕਰ ਰਿਹਾ ਹਾਂ। ਬਕੌਲ ਬਲਰਾਜ ਸਾਹਨੀ, ਮੁਸ਼ਕਲ ਫ਼ੈਸਲੇ ਲੈਂਦਿਆਂ ਮੈਂ ਹਮੇਸ਼ਾਂ ਖ਼ੁਸ਼ ਹੁੰਦਾ ਰਿਹਾ ਹਾਂ। ਮੈਨੂੰ ਆਪਣੇ ਵਿਦਿਆਰਥੀ ਜੀਵਨ ਦੀ ਇਕ ਘਟਨਾ ਯਾਦ ਆ ਰਹੀ ਹੈ। ਮੈਂ ਆਪਣੇ ਪਰਿਵਾਰ ਨਾਲ ਰਾਵਲਪਿੰਡੀ ਤੋਂ ਛੁੱਟੀਆਂ ਮਨਾਉਣ ਕਸ਼ਮੀਰ ਜਾ ਰਿਹਾ ਸੀ। ਬੀਤੀ ਰਾਤ ਭਾਰੀ ਬਾਰਿਸ਼ ਹੋਣ ਕਰ ਕੇ ਰਸਤੇ ਵਿੱਚ ਪਹਾੜ ਦਾ ਇੱਕ ਹਿੱਸਾ ਟੁੱਟ ਕੇ ਸੜਕ ਉਤੇ ਡਿੱਗ ਪਿਆ। ਸੜਕ ਬੰਦ ਹੋ ਗਈ। ਦੋਵੇਂ ਪਾਸੇ ਮੋਟਰ ਗੱਡੀਆਂ ਦੀ ਲੰਮੀ ਕਤਾਰ ਲੱਗ ਗਈ। ਉੱਥੇ ਨਾ ਕੋਈ ਖਾਣ-ਪੀਣ ਦਾ ਇੰਤਜ਼ਾਮ ਸੀ ਅਤੇ ਨਾ ਹੀ ਰਾਤ ਗੁਜ਼ਾਰਣ ਦਾ। ਪੀਡਬਲੀਊਡੀ ਦੇ ਕਰਮਚਾਰੀ ਸੜਕ ਸਾਫ਼ ਕਰਨ ਦੀ ਜੀਅ ਤੋੜ ਕੋਸ਼ਿਸ਼ ਕਰ ਰਹੇ ਸਨ ਪਰ ਫ਼ਿਰ ਵੀ ਡਰਾਈਵਰ ਤੇ ਯਾਤਰੀ ਉਨ੍ਹਾਂ ਨੂੰ ਸੁਸਤ ਤੇ ਲਾਪਰਵਾਹ ਕਹਿ ਕੇ ਕੋਸ ਰਹੇ ਸਨ। ਆਖ਼ਰ ਰਸਤਾ ਖੁੱਲ੍ਹ ਗਿਆ ਅਤੇ ਡਰਾਈਵਰਾਂ ਨੂੰ ਹਰੀ ਝੰਡੀ ਵਿਖਾ ਦਿੱਤੀ ਗਈ ਪਰ ਅਜੀਬ ਗੱਲ ਹੋਈ ਕੋਈ ਵੀ ਡਰਾਈਵਰ ਪਹਿਲਾਂ ਆਪਣੀ ਗੱਡੀ ਅੱਗੇ ਲੈ ਜਾਣ ਨੂੰ ਤਿਆਰ ਹੀ ਨਹੀਂ ਸੀ ਕਿਉਂਕਿ ਡਰ ਦਾ ਕਾਰਨ ਸੀ, ਇਕ ਪਾਸੇ ਪਹਾੜ, ਹੇਠਾਂ ਖੱਡ ਤੇ ਨਾਲ ਹੀ ਸ਼ੂਕਦਾ ਦਰਿਆ ਜੇਹਲਮ। ਇਸ ਦੌਰਾਨ ਪਿੱਛੋਂ ਇੱਕ ਛੋਟੀ ਜਿਹੀ ਸਪੋਰਟਸ ਕਾਰ ਆਈ ਜਿਸਨੂੰ ਇੱਕ ਅੰਗਰੇਜ਼ ਚਲਾ ਰਿਹਾ ਸੀ। ਉਸਨੇ ਏਨੀਆਂ ਗੱਡੀਆਂ ਦੀ ਭੀੜ ਵੇਖ ਮੈਨੂੰ ਕੋਟ ਪਤਲੂਨ ਪਾਈ ਖੜ੍ਹੇ ਨੂੰ ਅੰਗਰੇਜ਼ੀ ਵਿੱਚ ਪੁੱਛਿਆ। ਮੈਂ ਸਾਰੀ ਘਟਨਾ ਬਿਆਨ ਕੀਤੀ। ਅੰਗਰੇਜ਼ ਹੱਸਿਆ ਤੇ ਹਾਰਨ ਵਜਾਉਂਦਾ ਬਿਨਾਂ ਕਿਸੇ ਡਰ ਦੇ ਕਾਰ ਚਲਾਉਂਦਾ ਅੱਗੇ ਨਿਕਲ ਗਿਆ। ਫ਼ੇਰ ਉਸਦੇ ਲੰਘ ਜਾਣ ਤੋਂ ਬਾਅਦ ਏਨੀ ਆਪੋ ਧਾਪੀ ਮੱਚੀ ਕਿ ਰਸਤਾ ਫ਼ਿਰ ਬੰਦ ਕਰਨਾ ਪਿਆ। ਮੈਂ ਮਹਿਸੂਸ ਕੀਤਾ ਕਿ ਅਜ਼ਾਦ ਤੇ ਗ਼ੁਲਾਮ ਦੇਸ਼ ਵਿੱਚ ਜੰਮੇ-ਪਲੇ ਤੇ ਵੱਡੇ ਹੋਏ ਮਨੁੱਖ 'ਚ ਕੀ ਫ਼ਰਕ ਹੁੰਦਾ ਹੈ। ਅਜ਼ਾਦ ਦੇਸ਼ ਦੇ ਬਾਸ਼ਿੰਦੇ ਅੰਦਰ ਕੁੱਝ ਸੋਚਣ, ਫ਼ੈਸਲਾ ਤੇ ਅਮਲ ਕਰਨ ਦੀ ਦਲੇਰੀ ਹੁੰਦੀ ਹੈ ਪਰ ਗ਼ੁਲਾਮ ਆਦਮੀ ਵਿੱਚ ਆਪ ਫ਼ੈਸਲੇ ਲੈਣ ਦਾ ਸਾਹਸ ਨਹੀਂ ਹੁੰਦਾ'।

ਇੱਕ ਮਹਿਫ਼ਲ ਦੌਰਾਨ ਬਲਰਾਜ ਸਾਹਨੀ ਨੇ ਮੈਨੂੰ ਆਪਣੀ ਜੇਲ੍ਹ ਯਾਤਰਾ ਦਾ ਕਿੱਸਾ ਸੁਣਾਇਆ। ਸੰਨ 1949 ਵਿੱਚ ਉਨ੍ਹਾਂ ਦੀ ਸੰਤੋਸ਼ ਨਾਲ ਸ਼ਾਦੀ ਹੋਈ ਸੀ। ਉਹ ਦੋਵੇਂ ਬਲਵੰਤ ਗਾਰਗੀ ਦੇ ਨਾਟਕ 'ਸਿਗਨਲਮੈਨ' ਦੀ ਰਿਹਰਸਲ ਕਰ ਰਹੇ ਸਨ। ਰਿਹਰਸਲ ਦੌਰਾਨ ਖ਼ਬਰ ਮਿਲੀ ਕਿ ਪਰੇਲ ਤੋਂ ਕਮਿਊਨਿਸਟ ਪਾਰਟੀ ਦਾ ਜਲੂਸ ਨਿਕਲਣ ਵਾਲਾ ਹੈ। ਖੱਬੇ ਪੱਖੀ ਵਿਚਾਰਧਾਰਾ ਦੇ ਕੱਟੜ ਸਮਰਥਕ ਬਲਰਾਜ ਵੀ ਪਤਨੀ ਨਾਲ ਜਲੂਸ ਵਿੱਚ ਸ਼ਾਮਲ ਹੋ ਗਏ। ਥੋੜ੍ਹੀ ਦੇਰ ਬਾਅਦ ਜਲੂਸ ਹਿੰਸਕ ਹੋ ਗਿਆ। ਹੋਰ ਲੋਕਾਂ ਨਾਲ ਬਲਰਾਜ ਸਾਹਨੀ ਵੀ ਗ੍ਰਿਫ਼ਤਾਰ ਹੋ ਗਏ। ਉਨ੍ਹਾਂ ਨੂੰ ਮੁੰਬਈ ਦੀ ਆਰਥਰ ਰੋਡ ਜੇਲ੍ਹ ਭੇਜ ਦਿੱਤਾ ਗਿਆ। ਇੱਕ ਦਿਨ ਉਨ੍ਹਾਂ ਨੂੰ ਜੇਲ੍ਹਰ ਨੇ ਆਪਣੇ ਦਫ਼ਤਰ ਬੁਲਾਇਆ। ਅੱਗੇ ਜੇਲ੍ਹਰ ਨਾਲ ਨਿਰਮਾਤਾ ਨਿਰਦੇਸ਼ਕ ਕੇ ਆਸਿਫ਼ ਬੈਠੇ ਸਨ। ਉਹ ਕਮਿਸ਼ਨਰ ਦਾ ਫ਼ਰਮਾਨ ਲੈ ਕੇ ਆਏ ਸਨ ਕਿ ਜਿਸ ਦਿਨ ਫ਼ਿਲਮ 'ਹਲਚਲ' (ਦਲੀਪ, ਨਰਗਿਸ, ਬਲਰਾਜ ਸਾਹਨੀ, ਸਿਤਾਰਾ ਦੇਵੀ) ਦੀ ਸ਼ੂਟਿੰਗ ਹੋਵੇ ਬਲਰਾਜ ਸਾਹਨੀ ਨੂੰ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਜਾਵੇ। ਬਲਰਾਜ ਨੇ ਆਪਣੀ ਤਿੰਨ ਮਹੀਨੇ ਦੀ ਕੈਦ ਦੌਰਾਨ 'ਹਲਚਲ' ਦੀ ਸ਼ੂਟਿੰਗ 'ਚ ਹਿੱਸਾ ਲਿਆ। ਇਹ ਫ਼ਿਲਮ 1950 ਵਿੱਚ ਰਿਲੀਜ਼ ਹੋਈ ਸੀ।

ਬਲਰਾਜ ਸਾਹਨੀ ਦੀ ਜ਼ੁਬਾਨੀ ਇੱਕ ਹੋਰ ਵਾਕਿਆ, 'ਮੈਨੂੰ ਇੱਕ ਘਟਨਾ ਯਾਦ ਆ ਰਹੀ ਹੈ, ਜੋ ਮੇਰੇ ਇਕ ਫ਼ਿਲਮ ਨਿਰਮਾਤਾ ਮਿੱਤਰ ਨੇ ਦਸੀ ਸੀ। ਉਸਨੇ ਸਮਾਜ ਭਲਾਈ ਨੂੰ ਸਾਹਮਣੇ ਰੱਖ ਕੇ ਇੱਕ ਫ਼ਿਲਮ ਬਣਾਉਣ ਦੀ ਗ਼ਲਤੀ ਕੀਤੀ ਸੀ। ਉਹ ਚਾਹੁੰਦਾ ਸੀ ਫ਼ਿਲਮ ਦਾ ਮਨੋਰੰਜਨ ਟੈਕਸ ਮਾਫ਼ ਹੋ ਜਾਵੇ। ਸਬੰਧਤ ਮੰਤਰੀ ਨੇ ਉਸਨੂੰ ਰਾਜ ਭਵਨ ਆਉਣ ਦਾ ਸੱਦਾ ਦਿੱਤਾ ਹੋਇਆ ਸੀ। ਉਹ ਨਵਾਂ ਨਵਾਂ ਮੰਤਰੀ ਬਣਿਆ ਸੀ ਅਤੇ ਉਸਨੇ ਉਸੇ ਦਿਨ ਸਹੁੰ ਚੁੱਕਣੀ ਸੀ। ਨਿਰਮਾਤਾ ਤੈਅ ਸਮੇਂ ਰਾਜ ਭਵਨ ਪਹੁੰਚ ਗਿਆ। ਮੰਤਰੀ ਦੇ ਸੈਕਟਰੀ ਨੇ ਉਸਨੂੰ ਆਪਣੇ ਸਾਹਮਣੇ ਖੜ੍ਹਾ ਕਰ ਲਿਆ। ਉਧਰ ਮੰਤਰੀ ਰਾਜਪਾਲ ਸਾਹਮਣੇ ਜਨਤਾ ਦੀ ਨਿਸ਼ਕਾਮ ਸੇਵਾ ਕਰਨ ਦੀ ਸਹੁੰ ਚੁੱਕ ਰਿਹਾ ਸੀ। ਇਧਰ ਉਸਦਾ ਸੈਕਟਰੀ ਫ਼ਿਲਮ ਨਿਰਮਾਤਾ ਤੋਂ ਵੀਹ ਹਜ਼ਾਰ ਰੁਪਏ ਦੀ ਰਿਸ਼ਵਤ ਮੰਗ ਰਿਹਾ ਸੀ'। ਮੈਂ ਚਾਰ ਕੁ ਸਾਲ ਬਤੌਰ ਬੀਬੀਸੀ ਅਨਾਊਂਸਰ ਕੰਮ ਕੀਤਾ। ਉਨ੍ਹਾਂ ਚਾਰ ਸਾਲਾਂ ਵਿੱਚ ਮੈਂ ਇੱਕ ਵਾਰ ਵੀ ਬ੍ਰਿਟਿਸ਼ ਪ੍ਰਧਾਨ ਮੰਤਰੀ ਤੇ ਕੈਬਨਿਟ ਸਮੇਤ ਕਿਸੇ ਵੀ ਮੰਤਰੀ ਨੂੰ ਕਿਧਰੇ ਨਹੀਂ ਵੇਖਿਆ ਪਰ ਭਾਰਤ ਦੀ ਅਜ਼ਾਦੀ ਬਾਅਦ ਮੈਨੂੰ ਹਰ ਜਗ੍ਹਾ ਮੰਤਰੀ ਹੀ ਮੰਤਰੀ ਵਿਖਾਈ ਦਿੰਦੇ ਰਹੇ। ਬਲਰਾਜ 13 ਅਪਰੈਲ 1973 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਜਦਕਿ ਉਨ੍ਹਾਂ ਪੱਕੇ ਤੌਰ 'ਤੇ ਪ੍ਰੀਤ ਨਗਰ ਆ ਜਾਣਾ ਸੀ। ਉਨ੍ਹਾਂ ਇੱਥੇ ਉਨ੍ਹਾਂ ਆਪਣਾ ਘਰ ਵੀ ਲੈ ਲਿਆ ਸੀ। ਗੁਰਬਖਸ਼ ਸਿੰਘ ਨੇ ਪ੍ਰੀਤਲੜੀ ਵਿੱਚ ਲਿਖਿਆ ਸੀ, 'ਅੱਜ ਪ੍ਰੀਤ ਲੜੀ ਦਾ ਹਰ ਸ਼ਬਦ ਲਟ ਲਟ ਬਲ ਉਠਿਆ ਹੈ ਤੇ ਕਹਿ ਰਿਹਾ ਹੈ, ਹਾਏ ਉਹ ਬੇਮਿਸਾਲ, ਖ਼ੂਬਸੂਰਤ ਤੇ ਖ਼ੁਸ਼ਬੂਦਾਰ ਇਨਸਾਨ ਅਛੋਪਲੇ ਜਿਹੇ ਹੀ ਤੁਰ ਗਿਆ'। ਲੇਖਕਾਂ ਦੀ ਇਬਾਦਤਗਾਹ ਪ੍ਰੀਤ ਨਗਰ ਅੱਜ ਵੀ ਬਲਰਾਜ ਸਾਹਨੀ ਨੂੰ ਯਾਦ ਕਰਦਾ ਹੈ।



## ਕੱਚੇ ਦੁੱਧ 'ਚ ਪਾਇਆ ਗਿਆ

ਪਰਹੇਜ਼ ਕਰਨਾ ਚਾਹੀਦਾ ਹੈ ਜਦੋਂ ਕਿ ਪਸ਼ੂਆਂ ਵਿੱਚ ਪ੍ਰਕੋਪ ਜਾਰੀ ਸੀ, ਕਿਉਂਕਿ ਗਲਤ ਤਰੀਕੇ ਨਾਲ ਪਕਾਏ ਗਏ ਜਾਨਵਰਾਂ ਦੇ ਉਤਪਾਦਾਂ ਵਿੱਚ ਵਾਇਰਸ ਅਤੇ ਬੈਕਟੀਰੀਆ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

ਵਿਸ਼ਵ ਸਿਹਤ ਸੰਗਠਨ ਦੇ ਗਲੋਬਲ ਇਨਫਲੂਐਂਜ਼ਾ ਪ੍ਰੋਗਰਾਮ ਦੇ ਮੁਖੀ ਵੇਨਕਿੰਗ ਝਾਂਗ ਨੇ ਕਿਹਾ ਕਿ ਟੈਕਸਾਸ ਵਿੱਚ ਇੱਕ ਗਾਂ ਦੁਆਰਾ ਏਵੀਅਨ ਇਨਫਲੂਐਂਜ਼ਾ ਨਾਲ ਸੰਕਰਮਿਤ ਮਨੁੱਖ ਦਾ ਪਹਿਲਾ ਮਾਮਲਾ ਹੈ। ਪੰਛੀ ਤੋਂ ਗਾਂ ਅਤੇ ਗਾਂ ਤੋਂ ਪੰਛੀਆਂ ਦਾ ਸੰਚਾਰ ਵੀ ਇਹਨਾਂ ਮੌਜੂਦਾ ਪ੍ਰਕੋਪਾਂ ਦੌਰਾਨ ਰਿਕਾਰਡ ਕੀਤਾ ਗਿਆ ਹੈ।

***

## ਭਾਰਤ ਦੀ ਅੰਦਾਜ਼ਨ ਆਬਾਦੀ 144 ਕਰੋੜ

ਰਿਪੋਰਟ ਵਿੱਚ ਅਨੁਮਾਨ ਲਾਇਆ ਗਿਆ ਹੈ ਕਿ 10-24 ਸਾਲ ਦੇ 26 ਫੀਸਦੀ ਲੋਕ ਹਨ, ਜਦੋਂਕਿ 68 ਫੀਸਦੀ 15-64 ਸਾਲ ਦੇ ਉਮਰ ਵਰਗ ਦੇ ਹਨ। ਭਾਰਤ ਦੀ 7 ਫੀਸਦੀ ਆਬਾਦੀ 65 ਸਾਲ ਜਾਂ ਉਸ ਤੋਂ ਵੱਧ ਉਮਰ ਦੀ ਹੈ, ਜਿਸ ਵਿੱਚ ਮਰਦਾਂ ਦੀ ਸੰਭਾਵਿਤ ਉਮਰ 71 ਸਾਲ ਤੇ ਔਰਤਾਂ ਦੀ 74 ਸਾਲ ਹੈ।

***

## ਕੈਨੇਡਾ 'ਚ 22 ਮਿਲੀਅਨ ਡਾਲਰ ਦੀ ਸੋਨੇ ਦੀ ਸਭ ਤੋਂ

ਵਿਦੇਸ਼ੀ ਕਰੰਸੀ ਨਾਲ ਭਰੇ ਇੱਕ ਕੰਟੇਨਰ ਨਾਲ ਲੁੱਟ ਕੀਤੀ। ਇਹ ਕੰਟੇਨਰ ਸਵਿਟਜ਼ਰਲੈਂਡ ਦੇ ਜ਼ਿਊਰਿਖ ਤੋਂ ਏਅਰ ਕੈਨੇਡਾ ਰਾਹੀਂ ਟੋਰਾਂਟੋ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਿਆ। ਮਾਮਲੇ 'ਚ ਪੁਲਿਸ ਸ਼ਿਕਾਇਤ ਅਨੁਸਾਰ ਏਅਰ ਕੈਨੇਡਾ ਦੇ ਦੋ ਸਾਬਕਾ ਮੁਲਾਜ਼ਮਾਂ ਨੇ ਡਕੈਤੀ 'ਚ ਦੋਸ਼ੀਆਂ ਦੀ ਮਦਦ ਕੀਤੀ ਸੀ, ਜਿਨ੍ਹਾਂ 'ਚੋਂ ਇੱਕ ਇਸ ਸਮੇਂ ਪੁਲਿਸ ਦੀ ਹਿਰਾਸਤ 'ਚ ਹੈ। ਜਦਕਿ ਦੂਜੇ ਦੇ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ। ਪਰਮਪਾਲ ਸਿੱਧੂ ਅਤੇ ਅਮਿਤ ਜਲੋਟਾ ਉਨ੍ਹਾਂ 6 ਲੋਕਾਂ 'ਚ ਸ਼ਾਮਲ ਹਨ, ਜਿਨ੍ਹਾਂ ਨੂੰ ਕੈਨੇਡੀਅਨ ਪੁਲਿਸ ਨੇ ਇਸ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਹੈ। ਇਹ ਦੋਵੇਂ ਭਾਰਤੀ ਮੂਲ ਦੇ ਹਨ ਅਤੇ ਕੈਨੇਡਾ ਦੇ ਓਨਟਾਰੀਓ ਵਿੱਚ ਰਹਿੰਦੇ ਹਨ, ਇਨ੍ਹਾਂ ਤੋਂ ਇਲਾਵਾ ਕੈਨੇਡੀਅਨ ਪੁਲਿਸ ਨੇ ਅਹਿਮਦ ਚੌਧਰੀ, ਅਲੀ ਰਜ਼ਾ, ਪ੍ਰਸਾਦ ਪਾਰਲਿੰਗਮ ਨਾਮ ਦੇ ਮੁਲਜ਼ਮਾਂ ਖ਼ਿਲਾਫ਼ ਵੀ ਵਾਰੰਟ ਜਾਰੀ ਕੀਤੇ ਹਨ।

22 ਮਿਲੀਅਨ ਕੈਨੇਡੀਅਨ ਡਾਲਰ ਦਾ ਸੋਨਾ ਅਤੇ ਵਿਦੇਸ਼ੀ ਕਰੰਸੀ ਦੀ ਇਸ ਡਕੈਤੀ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਨੂੰ ਫੜਨ ਲਈ ਕੈਨੇਡੀਅਨ ਪੁਲਿਸ ਨੇ ਹੋਰ ਦੇਸ਼ਾਂ ਦੀ ਪੁਲਿਸ ਦਾ ਵੀ ਸਹਿਯੋਗ ਲਿਆ ਅਤੇ ਕਾਫੀ ਮੁਸ਼ੱਕਤ ਤੋਂ ਬਾਅਦ ਲੁਟੇਰੇ ਦੀ ਪਹਿਚਾਣ ਹੋਈ। ਕੈਨੇਡਾ ਦੀ ਪੀਲ ਪੁਲਿਸ ਨੇ ਸਿਮਰਨ ਪ੍ਰੀਤ ਪਨੇਸਰ, ਅਰਚਿਤ ਗਰੋਵਰ ਅਤੇ ਅਰਸਲਾਨ ਚੌਧਰੀ ਦੇ ਖਿਲਾਫ ਲੁੱਟ-ਖੋਹ ਵਿੱਚ ਕਥਿਤ ਸ਼ਮੂਲੀਅਤ ਲਈ ਵਾਰੰਟ ਵੀ ਜਾਰੀ ਕੀਤੇ ਸਨ। ਏਅਰ ਇੰਡੀਆ ਨੇ ਵੀ ਇੱਕ ਵਾਰ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਸਿੱਧੂ ਅਤੇ ਪਨੇਸਰ ਚੋਰੀ ਵਿੱਚ ਸ਼ਾਮਲ ਉਸਦੇ ਕਰਮਚਾਰੀ ਸਨ, ਪਰ ਇੱਕ ਦੋਸ਼ੀ ਨੇ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਹੀ ਅਸਤੀਫਾ ਦੇ ਦਿੱਤਾ ਸੀ, ਜਦੋਂ ਕਿ ਦੂਜੇ ਨੂੰ ਜਾਂਚ ਲਈ ਮੁਅੱਤਲ ਕਰ ਦਿੱਤਾ ਗਿਆ ਸੀ।

ਮਾਮਲੇ ਦੇ ਮੁੱਖ ਜਾਂਚ ਅਧਿਕਾਰੀ ਮਾਈਕ ਮਾਵਿਟੀ ਨੇ ਟੋਰਾਂਟੋ ਦੇ ਏਅਰਪੋਰਟ 'ਤੇ ਹੋਈ ਡਕੈਤੀ ਨੂੰ ਕੈਨੇਡੀਅਨ ਇਤਿਹਾਸ ਦੀ ਸਭ ਤੋਂ ਵੱਡੀ ਡਕੈਤੀ ਦੱਸਦਿਆਂ ਕਿਹਾ ਕਿ ਇਸ ਸਾਰੀ ਸਾਜ਼ਿਸ਼ ਨੂੰ ਏਅਰ ਕੈਨੇਡਾ ਦੇ ਮੁਲਾਜ਼ਮ ਦੀ ਮਦਦ ਨਾਲ ਅੰਜਾਮ ਦਿੱਤਾ ਗਿਆ ਸੀ। ਕੈਨੇਡੀਅਨ ਪੁਲਿਸ ਨੇ ਅਮਰੀਕਾ ਤੋਂ ਇੱਕ ਦੋਸ਼ੀ ਨੂੰ ਵੀ ਕੀਤਾ ਗ੍ਰਿਫ਼ਤਾਰ ਕੀਤਾ ਹੈ। ਜਿਸ ਨੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਕੋਲ ਕੁਝ ਮੋਡੀਫਾਈਡ ਹਥਿਆਰ ਵੀ ਸਨ। ਪੁਲਿਸ ਨੇ ਲੁੱਟਿਆ ਗਿਆ ਕੁਝ ਸੋਨਾ ਵੀ ਬਰਾਮਦ ਕਰ ਲਿਆ ਹੈ, ਹਾਲਾਂਕਿ ਸ਼ੱਕ ਹੈ ਕਿ ਲੁਟੇਰਿਆਂ ਵੱਲੋਂ ਬਹੁਤਾ ਸੋਨਾ ਪਿਘਲਾਇਆ ਗਿਆ ਸੀ, ਕਿਉਂਕਿ ਮਾਮਲੇ ਦੀ ਜਾਂਚ ਦੌਰਾਨ ਪੁਲਿਸ ਨੂੰ ਸੋਨਾ ਪਿਘਲਾਉਣ ਦਾ ਸਾਮਾਨ ਵੀ ਮਿਲਿਆ ਸੀ। ਲੁਟੇਰੇ ਜਿਸ ਕੰਟੇਨਰ ਨੂੰ ਲੈ ਕੇ ਗਏ ਸਨ, ਉਸ ਵਿੱਚ 6,600 ਸੋਨੇ ਦੀਆਂ ਬਾਰਾਂ ਸਨ, ਜਿਨ੍ਹਾਂ ਦਾ ਵਜ਼ਨ 800 ਪੌਂਡ ਤੋਂ ਵੱਧ ਸੀ ਅਤੇ ਇਸਦੀ ਮਾਰਕੀਟ ਕੀਮਤ /20 ਮਿਲੀਅਨ ਤੋਂ ਵੱਧ ਸੀ। ਇਸ ਤੋਂ ਇਲਾਵਾ ਡੱਬੇ ਵਿੱਚ 25 ਲੱਖ ਡਾਲਰ ਦੀ ਵਿਦੇਸ਼ੀ ਕਰੰਸੀ ਸੀ। ਮਾਮਲੇ ਦੀ ਤਫ਼ਤੀਸ਼ ਦੌਰਾਨ ਪੰਜ ਸ਼ੱਕੀਆਂ ਨੂੰ ਛੇਤੀ ਫੜ ਲਿਆ ਗਿਆ ਸੀ, ਪਰ ਸਾਰਿਆਂ ਨੂੰ ਅਦਾਲਤ ਵਿੱਚ ਪੇਸ਼ ਹੋਣ ਦੀ ਸ਼ਰਤ 'ਤੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਇਹ ਲੁੱਟ 17 ਅਪ੍ਰੈਲ 2023 ਨੂੰ ਕੀਤੀ ਗਈ ਸੀ, ਜਿਸ ਵਿੱਚ ਸਵਿਟਜ਼ਰਲੈਂਡ ਤੋਂ ਆਏ ਕੰਟੇਨਰ ਨੂੰ ਜਹਾਜ਼ ਤੋਂ ਉਤਾਰ ਕੇ ਕਾਰਗੋ ਸਹੂਲਤ 'ਤੇ ਲਿਜਾਇਆ ਗਿਆ ਸੀ, ਪਰ ਇਸ ਤੋਂ ਪਹਿਲਾਂ ਕਿ ਇਸ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾਇਆ ਜਾਂਦਾ, ਲੁਟੇਰੇ ਕਾਰਗੋ ਸਹੂਲਤ 'ਤੇ ਪਹੁੰਚ ਗਏ ਅਤੇ ਇਸ ਤੋਂ ਮਾਲ ਉਤਾਰ ਦਿੱਤਾ ਅਤੇ ਇਸ ਨੂੰ ਇੱਕ ਡਿਲੀਵਰੀ ਟਰੱਕ ਵਿੱਚ ਲੋਡ ਕੀਤਾ ਗਿਆ ਸੀ।

***

## ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ

ਸਮਰਥਕ ਸਮੂਹ ਵੀ ਉਥੇ ਪਹੁੰਚ ਗਿਆ। ਅਨੇਕਾਂ ਪ੍ਰਦਰਸ਼ਨਕਾਰੀਆਂ, ਜਿਨ੍ਹਾਂ ਦੇ ਹੱਥਾਂ ਵਿੱਚ ਫਲਸਤੀਨੀ ਝੰਡੇ ਫੜੇ ਹੋਏ ਸਨ, ਦੀ ਪੁਲਿਸ ਅਫਸਰਾਂ ਨਾਲ ਬਹਿਸ ਹੋਈ ਤੇ ਕੁਝ ਪ੍ਰਦਰਸ਼ਨਕਾਰੀ ਪੁਲਿਸ ਅਫਸਰਾਂ ਨਾਲ ਭਿੜ ਗਏ। ਪੁਲਿਸ ਨੇ ਗ੍ਰਿਫ਼ਤਾਰ ਕੀਤੇ ਗਏ ਪ੍ਰਦਰਸ਼ਨਕਾਰੀਆਂ ਵਿਰੁੱਧ ਦਾਇਰ ਮਾਮਲੇ ਬਾਰੇ ਕੁਝ ਨਹੀਂ ਕਿਹਾ ਤੇ ਨਾ ਹੀ ਗ੍ਰਿਫ਼ਤਾਰੀਆਂ ਬਾਰੇ ਕੋਈ ਹੋਰ ਜਾਣਕਾਰੀ ਦਿੱਤੀ ਹੈ।

ਇਸ ਘਟਨਾ ਤੋਂ ਬਾਅਦ ਯੂਨੀਵਰਸਿਟੀ ਵਿੱਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ ਤੇ ਕੈਂਪਸ ਦੇ ਗੇਟ ਬੰਦ ਕਰ ਦਿੱਤੇ ਗਏ ਹਨ।

ਯੂਨੀਵਰਸਿਟੀ ਦਾ ਸ਼ਨਾਖ਼ਤੀ ਕਾਰਡ ਵਿਖਾ ਕੇ ਹੀ ਅੰਦਰ ਦਾਖਲ ਹੋਇਆ ਜਾ ਸਕਦਾ ਹੈ। ਇਸੇ ਦੌਰਾਨ ਕੋਲੰਬੀਆ ਯੂਨੀਵਰਸਿਟੀ ਦੇ ਪ੍ਰਧਾਨ ਨੇਮਤ; ਮਿਨਓਚ ਸ਼ਫਿਕ ਨੇ ਕਿਹਾ ਹੈ ਕਿ ਉਸ ਨੇ ਪੁਲਿਸ ਨੂੰ ਇਕ ਪੱਤਰ ਲਿਖ ਕੇ ਪ੍ਰਦਰਸ਼ਨਕਾਰੀਆਂ ਨੂੰ ਉਥੋਂ ਹਟਾਉਣ ਲਈ ਕਿਹਾ ਸੀ। ਪ੍ਰਧਾਨ ਨੇ ਕਿਹਾ ਹੈ ਕਿ ਪ੍ਰਦਰਸ਼ਨਕਾਰੀ ਯੂਨੀਵਰਸਿਟੀ ਦੇ ਨਿਯਮਾਂ ਤੇ ਨੀਤੀਆਂ ਦੀ ਉਲੰਘਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਇਹ ਅਸਾਧਾਰਨ ਕਦਮ ਚੁੱਕਿਆ ਹੈ ਕਿਉਂਕਿ ਅਸਾਧਾਰਨ ਹਾਲਾਤ ਪੈਦਾ ਹੋ ਗਏ ਸਨ।

.**

## ਮੇਰਾ ਸਿਆਸਤ 'ਚ ਜਾਣ ਦਾ ਅਜੇ ਕੋਈ

ਅਤੇ ਸੋਸ਼ਲ ਮੀਡੀਆ ਕਾਫੀ ਐਕਟਿਵ ਰਹਿੰਦਾ ਹੈ ਤਾਂ ਕਰਕੇ ਸੱਚ-ਝੂਠ ਦੀਆਂ ਸਾਰੀਆਂ ਗੱਲਾਂ ਇਸ 'ਤੇ ਹੀ ਚੱਲਦੀਆਂ ਹੀ ਰਹਿੰਦੀਆਂ ਹਨ। ਸੱਚਾਈ ਇਹ ਹੈ ਕਿ ਸਾਰੀਆਂ ਪਾਰਟੀਆਂ ਇਸ ਬਾਰੇ ਕਹਿੰਦੀਆਂ ਵੀ ਹਨ, ਪ੍ਰਚਾਰ ਲਈ ਬਲਾਉਂਦੀਆਂ ਵੀ ਹਨ ਪਰ ਮੇਰਾ ਸਿਆਸਤ 'ਚ ਆਉਣ ਦਾ ਕੋਈ ਵਿਚਾਰ ਨਹੀਂ। ਮੇਰਾ ਜਦੋਂ ਮਨ ਹੋਵੇਗਾ ਤਾਂ ਲੋਕਾਂ ਨੂੰ ਦੱਸ ਕੇ ਜਾਵਾਂਗਾ, ਫਿਲਹਾਲ ਅਜਿਹਾ ਕੋਈ ਇਰਾਦਾ ਨਹੀਂ ਹੈ।

****

## ਬੇਅਦਬੀ ਕਾਂਡ ਦੇ ਮੁੱਦੇ ਉੱਪਰ ਕੰਵਰ ਵਿਜੇ ਪ੍ਰਤਾਪ ਸਿੰਘ

ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਬਹਿਬਲ ਕਲਾਂ ਕਾਂਡ ਨੂੰ ਵੀ ਤੁਹਾਡੇ (ਭਗਵੰਤ ਮਾਨ ਦੇ) ਸਰਕਾਰੀ ਤੰਤਰ ਵੱਲੋਂ ਖਾਰਜ ਕੀਤਾ ਜਾ ਰਿਹਾ ਸੀ, ਇਸ ਲਈ ਮੈਨੂੰ ਕਾਲਾ ਕੋਟ ਪਾ ਕੇ ਪ੍ਰਾਈਵੇਟ ਵਕੀਲਾਂ ਨਾਲ ਲੜਨਾ ਪਿਆ। ਮੇਰੇ ਦੁਆਰਾ ਕੀਤੀ ਗਈ ਜਾਂਚ ਨੂੰ ਸਹੀ ਕਰਾਰ ਦਿੱਤਾ ਗਿਆ। 4 ਅਗਸਤ 2022 ਦਾ ਹਾਈ ਕੋਰਟ ਦਾ ਹੁਕਮ ਵੇਖੋ, ਪਰ ਤੁਹਾਡੀ ਚਹੇਤੀ ਸਿੱਟ ਨੇ ਫਰੀਦਕੋਟ ਵਿੱਚ ਹੀ ਇਸ ਕੇਸ ਨੂੰ ਖ਼ਤਮ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਦੇਖ ਹੀ ਚੁੱਕੇ ਹੋ, ਜਿੱਥੋਂ ਮੈਂ ਛੱਡਿਆ ਸੀ ਤਫ਼ਤੀਸ਼ ਨੂੰ ਇੱਕ ਇੰਚ ਵੀ ਅੱਗੇ ਨਹੀਂ ਗਈ, ਸਗੋਂ ਗਵਾਹਾਂ ਨੂੰ ਜ਼ਰੂਰ ਮੁਕਰਾਉਣ ਦੀ ਕੋਸ਼ਿਸ਼ ਕੀਤੀ ਗਈ।

***

## ਭਾਰਤ 'ਚ ਕਈਆਂ ਨੂੰ ਹੋਈ ਹੈ

ਦੋਵੇਂ ਭੈਣਾਂ ਨੇ 1990 ਤੋਂ 1996 ਦਰਮਿਆਨ ਪੁਣੇ, ਠਾਣੇ, ਨਾਸਿਕ, ਕੋਲਹਾਪੁਰ ਵਰਗੇ ਸ਼ਹਿਰਾਂ ਤੋਂ ਦਰਜਨਾਂ ਬੱਚੇ ਚੋਰੀ ਕੀਤੇ। ਇਨ੍ਹਾਂ ਦੋਵਾਂ ਨੇ 5 ਬੱਚਿਆਂ ਦਾ ਕਤਲ ਵੀ ਕੀਤਾ ਸੀ। ਇਸ ਤੋਂ ਬਾਅਦ ਇਨ੍ਹਾਂ ਦੋਹਾਂ ਭੈਣਾਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ।

ਇਸ ਤੋਂ ਇਲਾਵਾ ਅਜਿਹੇ ਹੋਰ ਵੀ ਕਈ ਮਾਮਲੇ ਹਨ, ਜਿਹਨਾਂ ਵਿੱਚ ਮਹਿਲਾ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ, ਪਰ ਬਾਅਦ ਵਿੱਚ ਉਹਨਾਂ ਮਹਿਲਾਵਾਂ ਦੀ ਸਜ਼ਾ ਉਚੇਰੀ ਅਦਾਲਤ ਵੱਲੋਂ ਉਮਰ ਕੈਦ ਵਿੱਚ ਬਦਲ ਦਿੱਤੀ ਗਈ।

ਜੇ ਹੁਣ ਮਰਦ ਅਪਰਾਧੀਆਂ ਨੂੰ ਫ਼ਾਂਸੀ ਦੀ ਸਜ਼ਾ ਦੇਣ ਦੀ ਗੱਲ ਕੀਤੀ ਜਾਵੇ ਤਾਂ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਅਨੁਸਾਰ 2004 ਤੋਂ 2013 ਦਰਮਿਆਨ ਭਾਰਤ ਵਿੱਚ 1303 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ, ਹਾਲਾਂਕਿ ਇਸ ਸਮੇਂ ਦੌਰਾਨ ਸਿਰਫ਼ ਤਿੰਨ ਲੋਕਾਂ ਨੂੰ ਹੀ ਫ਼ਾਂਸੀ ਦਿੱਤੀ ਗਈ ਸੀ।

ਨਿਰਭਯਾ ਦੇ ਦੋਸ਼ੀਆਂ ਤੋਂ ਪਹਿਲਾਂ ਯਾਕੂਬ ਮੇਮਨ ਨੂੰ ਆਖਰੀ ਫ਼ਾਂਸੀ ਦਿੱਤੀ ਗਈ ਸੀ। ਯਾਕੂਬ ਮੇਮਨ ਨੂੰ 1993 ਦੇ ਮੁੰਬਈ ਲੜੀਵਾਰ ਧਮਾਕਿਆਂ ਲਈ 30 ਜੁਲਾਈ 2015 ਨੂੰ ਫ਼ਾਂਸੀ ਦਿੱਤੀ ਗਈ ਸੀ। ਮੇਮਨ ਤੋਂ ਪਹਿਲਾਂ ਸੰਸਦ ਭਵਨ 'ਤੇ ਹਮਲੇ ਦੇ ਦੋਸ਼ੀ ਅਫ਼ਜ਼ਲ ਗੁਰੂ ਨੂੰ ਆਖਰੀ ਮੌਤ ਦੀ ਸਜ਼ਾ ਸੁਣਾਈ ਗਈ ਸੀ।

ਸਰਕਾਰੀ ਅੰਕੜਿਆਂ ਅਨੁਸਾਰ 1947 ਤੋਂ ਲੈ ਕੇ ਹੁਣ ਤੱਕ ਦੇਸ਼ ਵਿੱਚ ਕੁੱਲ 61 ਲੋਕਾਂ (ਨਿਰਭਯਾ ਦੇ ਦੋਸ਼ੀਆਂ ਸਮੇਤ) ਨੂੰ ਫ਼ਾਂਸੀ ਦਿੱਤੀ ਜਾ ਚੁੱਕੀ ਹੈ। ਜੇਕਰ ਪਿਛਲੇ ਸਾਲਾਂ ਦੀ ਗੱਲ ਕਰੀਏ ਤਾਂ ਭਾਰਤ ਵਿੱਚ 1300 ਤੋਂ ਵੱਧ ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇਨ੍ਹਾਂ ਵਿੱਚੋਂ ਸਿਰਫ਼ ਚਾਰ, ਧਨੰਜੈ ਚੈਟਰਜੀ (2004), ਅਫ਼ਜ਼ਲ ਗੁਰੂ (2013), 26/11 ਮੁੰਬਈ ਹਮਲੇ ਦੇ ਮੁਲਜ਼ਮ ਪਾਕਿਸਤਾਨੀ ਨਾਗਰਿਕ ਆਮਿਰ ਅਜਮਲ ਕਸਾਬ (2012), ਯਾਕੂਬ ਮੇਮਨ (2015) ਨੂੰ ਫ਼ਾਂਸੀ ਦਿੱਤੀ ਗਈ ਸੀ। ਭਾਰਤ ਵਿੱਚ ਹਰ ਸਾਲ ਕਰੀਬ 130 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਜਾਂਦੀ ਹੈ ਪਰ ਇਸ ਨੂੰ ਲਾਗੂ ਨਹੀਂ ਕੀਤਾ ਜਾਂਦਾ। ਇਸ ਦਾ ਕਾਰਨ ਭਾਰਤ ਵਿੱਚ ਸਜ਼ਾ ਮੁਆਫ਼ੀ ਦੀ ਲੰਬੀ ਪ੍ਰਕਿਰਿਆ ਹੈ। ਨੈਸ਼ਨਲ ਲਾਅ ਯੂਨੀਵਰਸਿਟੀ (ਐਨਐਲਯੂ), ਦਿੱਲੀ ਦੇ 'ਮੌਤ ਦੀ ਸਜ਼ਾ ਖੋਜ ਪ੍ਰੋਜੈਕਟ' ਦੇ ਅਨੁਸਾਰ, ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਨੱਥੂਰਾਮ ਗੋਡਸੇ ਨੂੰ ਪਹਿਲੀ ਵਾਰ ਫ਼ਾਂਸੀ ਦਿੱਤੀ ਗਈ ਸੀ।

***

## ਵੈਂਕਈਆ ਨਾਇਡੂ, ਮਿਥੁਨ ਚੱਕਰਵਰਤੀ, ਨਿਰਮਲ ਰਿਸ਼ੀ ਸਮੇਤ

ਨਿਰਮਲ ਰਿਸ਼ੀ ਆਪਣੀਆਂ ਤਿੰਨੇ ਭੈਣਾਂ 'ਚ ਸਭ ਤੋਂ ਛੋਟੀ ਹੈ। ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਥਿਏਟਰ ਕਰਨ ਦਾ ਸ਼ੌਂਕ ਸੀ ਪਰ ਇਸ ਦੇ ਨਾਲ ਹੀ ਉਹ ਐੱਨ. ਸੀ. ਸੀ. ਬੈਸਟ ਸ਼ੂਟਰ ਵੀ ਰਹੇ ਹਨ। ਇਸ ਤੋਂ ਇਲਾਵਾ ਖੋ-ਖੋ ਦੀ ਵਧੀਆ ਖਿਡਾਰਨ ਤੇ ਅਥਲੀਟ ਵੀ ਰਹਿ ਚੁੱਕੇ ਹਨ। ਉਨ੍ਹਾਂ ਨੇ ਆਪਣੀ ਗ੍ਰੈਜੂਏਸ਼ਨ ਦੀ ਪੜ੍ਹਾਈ ਸ਼੍ਰੀ ਗੰਗਾਨਗਰ ਤੋਂ ਪੂਰੀ ਕੀਤੀ ਸੀ। ਇਸ ਤੋਂ ਇਲਾਵਾ ਉਹਨਾਂ ਨੇ ਪਟਿਆਲਾ ਦੇ ਫਿਜ਼ੀਕਲ ਕਾਲਜ ਤੋਂ ਟ੍ਰੇਨਿੰਗ ਵੀ ਲਈ ਹੈ। ਇੱਥੇ ਹੀ ਉਹਨਾਂ ਦੀ ਮੁਲਾਕਾਤ ਫ਼ਿਲਮ ਨਿਰਦੇਸ਼ਕ ਹਰਪਾਲ ਸਿੰਘ ਟਿਵਾਣਾ ਅਤੇ ਨੀਨਾ ਟਿਵਾਣਾ ਨਾਲ ਹੋਈ, ਜਿਸ ਤੋਂ ਬਾਅਦ ਉਹ ਰੰਗ ਮੰਚ ਦੀ ਦੁਨੀਆਂ ਨਾਲ ਜੁੜ ਗਏ।

ਗੁਲਾਬੋ ਮਾਸੀ ਦੇ ਕਿਰਦਾਰ ਨਾਲ ਹੋਈ ਮਸ਼ਹੂਰ ਨਿਰਮਲ ਰਿਸ਼ੀ ਨੇ ਹਰਪਾਲ ਟਿਵਾਣਾ ਦੀ ਟੀਮ ਨਾਲ ਮਿਲ ਕੇ ਕਈ ਡਰਾਮੇ ਕੀਤੇ। ਉਸ ਸਮੇਂ ਉਨ੍ਹਾਂ ਦੀ ਟੀਮ 'ਚ ਰਾਜ ਬੱਬਰ, ਓਮ ਪੁਰੀ ਤੇ ਸਰਦਾਰ ਸੋਹੀ ਸ਼ਾਮਲ ਸਨ। ਇਸ ਦੌਰਾਨ ਹਰਪਾਲ ਟਿਵਾਣਾ ਨੇ 'ਲੌਂਗ ਦਾ ਲਿਸ਼ਕਾਰਾ' ਫ਼ਿਲਮ ਬਣਾਈ, ਜਿਸ 'ਚ ਨਿਰਮਲ ਰਿਸ਼ੀ ਨੇ ਗੁਲਾਬੋ ਮਾਸੀ ਦਾ ਕਿਰਦਾਰ ਨਿਭਾਇਆ ਤੇ ਇਸੇ ਕਿਰਦਾਰ ਕਰਕੇ ਉਨ੍ਹਾਂ ਨੂੰ ਜ਼ਿਆਦਾਤਰ ਲੋਕ 'ਗੁਲਾਬੋ ਮਾਸੀ' ਦੇ ਨਾਂ ਨਾਲ ਜਾਣਦੇ ਹਨ। ਦੱਸ ਦਈਏ ਕਿ ਨਿਰਮਲ ਰਿਸ਼ੀ ਕਈ ਨਾਮੀ ਸਿਤਾਰਿਆਂ ਨਾਲ ਕੰਮ ਕਰਦੇ ਹੋਏ ਨਜ਼ਰ ਆ ਚੁੱਕੀ ਹੈ। ਨਿਰਮਲ ਰਿਸ਼ੀ ਨੇ ਬੀਤੇ ਸਾਲ ਨੀਰੂ ਬਾਜਵਾ ਨਾਲ ਫ਼ਿਲਮ 'ਬੂਹੇ ਬਾਰੀਆਂ' ਕੀਤੀ ਸੀ, ਇਸ 'ਚ ਉਨ੍ਹਾਂ ਦੇ ਕਿਰਦਾਰ ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਇਸ ਤੋਂ ਇਲਾਵਾ ਉਹ ਜਲਦ ਹੀ 'ਨੀਂ ਮੈਂ ਸੱਸ ਕੁਟਣੀ 2', ਨਿਮਰਤ ਖਹਿਰਾ ਨਾਲ ਫ਼ਿਲਮ 'ਮਾਣਮੱਤੀ' 'ਚ ਵੀ ਨਜ਼ਰ ਆਉਣਗੇ।

***

## ਸਮਾਜ ਤੇ ਦੇਸ਼ ਨੂੰ ਪ੍ਰਗਤੀਸ਼ੀਲ ਤੇ ਲੋਕ ਪੱਖੀ ਬਣਾਉਣ

ਵਿੱਚ ਜਨਮ ਲੈਣ ਦਾ ਕਾਰਨ ਅਤੇ ਮਨੋਰਥ ਸਮਝ ਆ ਜਾਵੇਗਾ। ਇਹ ਦੇਖਣ ਵਿੱਚ ਆਉਂਦਾ ਹੈ ਕਿ ਕੁਝ ਬੱਚੇ ਪ੍ਰਗਤੀਸ਼ੀਲ ਹੁੰਦੇ ਹਨ, ਇਹ ਪਰਿਵਾਰ ਨੂੰ ਤਰੱਕੀ 'ਤੇ ਲੈ ਜਾਂਦੇ ਹਨ, ਕੁਝ ਪ੍ਰਤੀਗਾਮੀ ਹੁੰਦੇ ਹਨ, ਜੋ ਪਰਿਵਾਰ ਨੂੰ ਨੀਵਾਣ ਵੱਲ ਲੈ ਜਾਂਦੇ ਹਨ ਅਤੇ ਕੁਝ ਯਥਾਸਥਿਤੀਵਾਦੀ ਵੀ ਹੁੰਦੇ ਹਨ, ਜਿਨ੍ਹਾਂ ਦੇ ਹੋਣ, ਨਾ-ਹੋਣ ਨਾਲ ਕੋਈ ਫ਼ਰਕ ਨਹੀਂ ਪੈਂਦਾ, ਕਿਉਂਕਿ ਉਹ ਪਰਿਵਾਰ ਨੂੰ ਉਸੇ ਜਗ੍ਹਾ ਰੋਕੀ ਰੱਖਦੇ ਹਨ ਨਾ ਅਗਾਂਹ ਲਿਜਾਂਦੇ ਹਨ, ਨਾ ਪਿੱਛੇ। ਸੰਸਾਰ ਵਿੱਚ ਬਹੁਤੇ ਲੋਕ ਇਸੇ ਸ਼੍ਰੇਣੀ ਨਾਲ ਸੰਬੰਧ ਰੱਖਦੇ ਹਨ। ਪੱਛੜੀਆਂ ਕੌਮਾਂ ਵਿੱਚ ਇਸ ਫ਼ਰਕ ਦੇ ਲੋਕਾਂ ਦੀ ਭਰਮਾਰ ਹੁੰਦੀ ਹੈ। ਸ਼ਾਇਦ ਕੁਦਰਤ ਚਾਹੁੰਦੀ ਹੈ ਕਿ ਕੋਈ ਸਮਾਜ ਹੌਲੀ-ਹੌਲੀ ਵਿਕਾਸ ਜਾਂ ਪਤਨ ਵੱਲ ਵਧੇ। ਉਹ ਆਪਣੇ ਸਿਰ ਕੋਈ ਦੋਸ਼ ਨਹੀਂ ਲੈਣਾ ਚਾਹੁੰਦੀ। ਪਰ ਤਾਂ ਵੀ ਜਦੋਂ ਕੋਈ ਖਿੱਤਾ ਜੜ੍ਹਤਾ ਵਿਚ ਫਸ ਜਾਂਦਾ ਹੈ ਤਾਂ ਕੁਦਰਤ ਅਜਿਹੇ ਪੁਰਸ਼-ਔਰਤਾਂ ਵੀ ਪੈਦਾ ਕਰ ਦਿੰਦੀ ਹੈ, ਜੋ ਜੜ੍ਹਤਾ ਨੂੰ ਤੋੜਨ ਵਿੱਚ ਕ੍ਰਾਂਤੀਕਾਰੀ ਭੂਮਿਕਾ ਨਿਭਾਉਂਦੇ ਹਨ। ਮਹਾਂਪੁਰਖ, ਸਤਿਗੁਰੂ ਅਤੇ ਦੇਵਆਤਮਾਵਾਂ ਇਸ ਸ਼੍ਰੇਣੀ ਵਿਚ ਆਉਂਦੀਆਂ ਹਨ। ਇਨ੍ਹਾਂ ਮਹਾਂਪੁਰਖਾਂ ਅਤੇ ਸਤਿਗੁਰਾਂ ਨੂੰ ਜੜ੍ਹਤਾ ਤੋੜਨ ਦੇ ਕਾਰਨ ਬਹੁਤ ਸਾਰੀਆਂ ਬਿਪਤਾਵਾਂ ਅਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈਆਂ ਨੂੰ ਜੇਲ੍ਹ ਜਾਣਾ ਪੈਂਦਾ ਹੈ, ਕਈਆਂ ਨੂੰ ਕਠੋਰ ਸਜ਼ਾਵਾਂ ਮਿਲਦੀਆਂ ਹਨ ਅਤੇ ਕੁਝ ਇਕ ਨੂੰ ਤਾਂ ਸ਼ਹੀਦੀ ਦੇ ਜਾਮ ਤੱਕ ਪੀਣੇ ਪੈ ਜਾਂਦੇ ਹਨ। ਗੱਲ ਕੀ ਮਹਾਂਪੁਰਖਾਂ ਨੂੰ ਜੜ੍ਹਤਾ ਤੋੜਨ ਦੀ ਜੁਰੱਅਤ ਦੇ ਕਾਰਨ ਬਹੁਤ ਦੁੱਖ ਸਹਿਣੇ ਪੈਂਦੇ ਹਨ। ਬੇਸ਼ੱਕ ਅਜਿਹੇ ਮਹਾਂਪੁਰਖ ਆਪਣੇ ਜੀਵਨ ਦੀ ਆਹੂਤੀ ਦੇ ਕੇ ਕਿਸੇ ਸਮਾਜ ਨੂੰ ਗਤੀਸ਼ੀਲ ਤਾਂ ਬਣਾ ਦਿੰਦੇ ਹਨ ਪਰ ਇਹ ਗਤੀਸ਼ੀਲਤਾ ਸਦੀਵੀ ਨਹੀਂ ਹੁੰਦੀ। ਹਰ ਸਮਾਜ ਫਿਰ ਤੋਂ ਉਸੇ ਜੜ੍ਹਤਾ ਦਾ ਸ਼ਿਕਾਰ ਹੋ ਜਾਂਦਾ ਹੈ। ਭਾਰਤ ਵਿੱਚ ਬਹੁਤ ਸਾਰੇ ਮਹਾਂਪੁਰਖਾਂ ਅਤੇ ਦੇਵਆਤਮਾਵਾਂ ਦੇ ਜੀਵਨ ਦਾ ਅਧਿਐਨ ਕਰਨ ਉਪਰੰਤ ਇਹ ਤੱਥ ਚੰਗੀ ਤਰ੍ਹਾਂ ਨਾਲ ਸਮਝ ਆ ਜਾਂਦਾ ਹੈ। ਸ਼ਾਇਦ ਕੁਦਰਤ ਇਹ ਚਾਹੁੰਦੀ ਹੈ ਕਿ ਮਨੁੱਖ, ਮਨੁੱਖ ਹੀ ਬਣਿਆ ਰਹੇ। ਦੇਵਤਾ ਜਾਂ ਰੱਬ ਬਣਨ ਦੀ ਕੋਸ਼ਿਸ਼ ਨਾ ਕਰੇ। ਮਨੁੱਖ ਬਣੇ ਰਹਿਣ ਵਾਲਾ ਮਨੁੱਖ ਮੁਕਾਬਲਤਨ ਸੌਖਾ ਅਤੇ ਪ੍ਰਸੰਨ ਰਹਿੰਦਾ ਹੈ। ਪਰ ਇਹੋ ਜਿਹੇ ਸੌਖੇ ਰਹਿਣ ਵਾਲੇ ਮਨੁੱਖ ਤੋਂ ਸਦਾ ਇਹ ਡਰ ਵੀ ਰਹਿੰਦਾ ਹੈ ਕਿ ਉਹ ਕਿਤੇ ਦੈਂਤ ਹੀ ਨਾ ਬਣ ਜਾਵੇ। ਮਨੁੱਖ ਬਣੇ ਰਹਿਣਾ ਵੀ ਕੋਈ ਸੌਖਾ ਕੰਮ ਨਹੀਂ ਹੈ। ਹਰ ਮਨੁੱਖ ਨੂੰ ਪੈਰ-ਪੈਰ ਉੱਪਰ ਸਵੈ-ਚੋਣ ਕਰਨੀ ਪੈਂਦੀ ਹੈ, ਆਪਣੇ ਜੀਵਨ ਬਾਰੇ ਫ਼ੈਸਲੇ ਲੈਣੇ ਪੈਂਦੇ ਹਨ। ਬਹੁਤੇ ਮਨੁੱਖ ਖ਼ੁਦ ਫ਼ੈਸਲਾ ਲੈਣ ਦੀ ਸਥਿਤੀ ਵਿੱਚ ਨਹੀਂ ਹੁੰਦੇ। ਉਹ ਲੋਭ-ਲਾਲਚ, ਖ਼ੁਦਗਰਜ਼ੀ ਅਤੇ ਵਿਕਾਰਾਂ ਵਿੱਚ ਫਸ ਜਾਂਦੇ ਹਨ। ਸਿੱਟੇ ਵਜੋਂ ਉਨ੍ਹਾਂ ਦਾ ਹਰ ਕਰਮ ਮਾਨਵਤਾ ਦੇ ਵਿਨਾਸ਼ ਨਾਲ ਜਾ ਜੁੜਦਾ ਹੈ। ਇਸ ਸੂਰਤ ਵਿੱਚ ਸਤਿਗੁਰੂ ਅਤੇ ਮਹਾਂਪੁਰਖ ਹੀ ਉਨ੍ਹਾਂ ਦੀ ਯੋਗ ਅਗਵਾਈ ਕਰ ਸਕਦੇ ਹਨ। ਇਸ ਪ੍ਰਕਾਰ ਕਿਸੇ ਸਮਾਜ, ਜਾਤੀ ਅਤੇ ਦੇਸ਼ ਦੇ ਵਿਕਾਸ ਵਿੱਚ ਮਹਾਂਪੁਰਖਾਂ ਦਾ ਅਸਤਿਤਵ ਬਹੁਤ ਹੀ ਜ਼ਰੂਰੀ ਹੁੰਦਾ ਹੈ। ਆਮ ਲੋਕਾਂ ਲਈ ਉਹੀ ਰੋਲ ਮਾਡਲ ਬਣਦੇ ਹਨ। ਇਹ ਸੱਚ ਨਿਰਵਿਵਾਦ ਹੈ ਕਿ ਕਿਸੇ ਵੀ ਸਮਾਜ ਅਤੇ ਦੇਸ਼ ਨੂੰ ਪ੍ਰਗਤੀਸ਼ੀਲ, ਲੋਕ ਪੱਖੀ ਅਤੇ ਪ੍ਰਮਾਣਿਕ ਬਣਾਉਣ ਲਈ ਮਹਾਂਪੁਰਖਾਂ ਦੀ ਹੋਂਦ ਅਤਿ-ਜ਼ਰੂਰੀ ਹੈ, ਪ੍ਰੰਤੂ ਵੱਡੀ ਸਮੱਸਿਆ ਇਹ ਹੈ ਕਿ ਪੂੰਜੀਵਾਦ ਵਾਸਤਵਿਕ ਅਤੇ ਪ੍ਰਮਾਣਿਕ ਕਿਸਮ ਦੇ ਮਹਾਂਪੁਰਖਾਂ ਨੂੰ ਵਿਕਸਿਤ ਹੀ ਨਹੀਂ ਹੋਣ ਦਿੰਦਾ। ਇਹ ਕੇਵਲ ਸਫ਼ਲ ਅਤੇ ਧਨਾਢ ਵਿਅਕਤੀਆਂ ਨੂੰ ਹੀ ਵਿਕਸਿਤ ਕਰਦਾ ਹੈ। ਇਹ ਗੱਲ ਤਾਂ ਹਰ ਕੋਈ ਜਾਣਦਾ ਹੈ ਕਿ ਸਫ਼ਲ ਜਾਂ ਧਨਾਢ ਵਿਅਕਤੀ ਮਹਾਂਪੁਰਖ ਨਹੀਂ ਹੁੰਦੇ, ਬਲਕਿ ਕਈ ਵਾਰ ਤਾਂ ਉਹ ਅਪਰਾਧੀ ਜਾਂ ਅਸਮਾਜਿਕ ਵੀ ਹੁੰਦੇ ਹਨ। ਇਸ ਸੂਰਤ ਵਿੱਚ ਮਹਾਂਪੁਰਖਾਂ ਅਤੇ ਰੋਲ-ਮਾਡਲਾਂ ਦੀ ਪਰਿਭਾਸ਼ਾ ਬਦਲਦੀ ਜਾ ਰਹੀ ਹੈ। ਬਦਲੀ ਹੋਈ ਵਸਤੂ-ਸਥਿਤੀ ਵਿੱਚ ਸਮਾਜ ਨੂੰ ਨਵੇਂ ਫ਼ੈਸਲੇ ਲੈਣੇ ਪੈਣਗੇ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਭਾਰਤੀ ਅਰਥਵਿਵਸਥਾ ਦੇ ਵਿਕਾਸ ਦੀ

ਦੂਸਰੇ ਪਾਸੇ, ਜੇਕਰ ਭਾਰਤ ਵਿੱਚ ਦੌਲਤ-ਜਾਇਦਾਦ ਦੀ ਕਾਣੀ-ਵੰਡ ਦੇਖਣ ਲਈ ਅਰਬਪਤੀਆਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਦੀ ਗਿਣਤੀ ਵਿੱਚ ਵੀ ਮਹੱਤਵਪੂਰਨ ਵਾਧਾ ਹੋਇਆ ਹੈ। ਦੇਸ਼ ਵਿੱਚ ਇਨ੍ਹਾਂ ਅਰਬਪਤੀਆਂ ਦੀ ਕੁੱਲ ਗਿਣਤੀ ਸਾਲ 2020 ਦੌਰਾਨ 102 ਸੀ, ਜੋ ਕਿ 2022 ਵਿੱਚ ਵਧ ਕੇ 166 ਹੋ ਗਈ ਹੈ। ਸਭ ਤੋਂ ਵੱਧ ਅਮੀਰ 100 ਭਾਰਤੀਆਂ ਦੀ ਸੰਯੁਕਤ ਦੌਲਤ 54.12 ਲੱਖ ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਸਿਖ਼ਰ ਦੇ ਸਭ ਤੋਂ ਵੱਧ ਅਮੀਰ 10 ਵਿਅਕਤੀਆਂ ਨੇ ਇਕੱਲਿਆਂ ਹੀ 27.52 ਲੱਖ ਕਰੋੜ ਰੁਪਏ ਦੀ ਦੌਲਤ ਸਾਂਭੀ ਹੋਈ ਹੈ, ਜੋ ਕਿ 2021 ਤੋਂ 32.8 ਫ਼ੀਸਦੀ ਦੇ ਵਾਧੇ ਨੂੰ ਦਰਸਾਉਂਦੀ ਹੈ। ਕੋਰੋਨਾ-ਮਹਾਂਮਾਰੀ ਦੌਰਾਨ ਕੇਵਲ ਇਕੱਲੇ ਅਡਾਨੀ ਸਮੂਹ ਦੇ ਮਾਲਕ ਗੌਤਮ ਅਡਾਨੀ ਦੀ ਦੌਲਤ ਵਿੱਚ ਹੀ ਅੱਠ ਗੁਣਾ ਵਾਧਾ ਹੋਇਆ ਹੈ ਅਤੇ ਉਹ ਅਕਤੂਬਰ 2022 ਵਿੱਚ 10.96 ਲੱਖ ਕਰੋੜ ਰੁਪਏ ਦੀ ਕੁੱਲ ਦੌਲਤ ਦੇ ਨਾਲ ਸਭ ਤੋਂ ਅਮੀਰ ਭਾਰਤੀ ਵਜੋਂ ਉਭਰਿਆ ਹੈ। ਭਾਰਤੀ ਅਰਬਪਤੀਆਂ ਦੀ ਸਭ ਤੋਂ ਜ਼ਿਆਦਾ ਗਿਣਤੀ ਕੇਵਲ ਦੋ ਉਦਯੋਗਿਕ ਖ਼ੇਤਰਾਂ ਸਿਹਤ ਸੰਭਾਲ ਅਤੇ ਮੈਨੂੰਫੈਕਚਰਿੰਗ ਵਿੱਚ ਹੀ ਹੈ। ਸਭ ਤੋਂ ਜ਼ਿਆਦਾ 32 ਅਰਬਪਤੀ ਸਿਹਤ ਸੰਭਾਲ ਉਦਯੋਗਿਕ ਖੇਤਰ ਵਿੱਚ ਹਨ ਜਿਨ੍ਹਾਂ ਵਿੱਚ ਸਾਇਰਸ ਪੂਨਾਵਾਲਾ, ਦਿਲੀਪ ਸੰਘਵੀ ਅਤੇ ਮੁਰਲੀ ਦੀਵੀ ਇਸ ਖੇਤਰ ਦੀ ਅਗਵਾਈ ਕਰ ਰਹੇ ਹਨ। ਇਸ ਤੋਂ ਬਾਅਦ ਮੈਨੂੰਫੈਕਚਰਿੰਗ ਖ਼ੇਤਰ ਵਿਚ 31 ਅਰਬਪਤੀ ਹਨ ਜਿਨ੍ਹਾਂ ਵਿੱਚ ਅਸ਼ਵਿਨ ਦਾਨੀ, ਬੇਨੂ ਗੋਪਾਲ ਅਤੇ ਮਹਿੰਦਿਰ ਚੋਕਸੀ ਦੇ ਚੋਟੀ ਦੇ ਤਿੰਨ ਸਭ ਤੋਂ ਅਮੀਰ ਅਰਬਪਤੀ ਹਨ। ਇਸ ਤੋਂ ਇਲਾਵਾ ਤਕਨਾਲੋਜੀ ਖ਼ੇਤਰ ਵਿੱਚ 16 ਅਰਬਪਤੀ, ਫ਼ੈਸ਼ਨ ਅਤੇ ਪ੍ਰਚੂਨ ਵਿੱਚ 15 ਅਤੇ ਵਿਭਿੰਨ ਉਦਯੋਗਿਕ ਖ਼ੇਤਰਾਂ ਵਿੱਚ 16 ਅਰਬਪਤੀ ਹਨ। ਭਾਰਤ ਦੇ ਸਭ ਤੋਂ ਅਮੀਰ ਅਡਾਨੀ, ਅੰਬਾਨੀ, ਕੁਮਾਰ ਬਿਰਲਾ ਅਤੇ ਬਜਾਜ ਬ੍ਰਦਰਜ਼ ਵਿਭਿੰਨ ਉਦਯੋਗਿਕ ਖੇਤਰਾਂ ਵਿੱਚ ਸਭ ਤੋਂ ਵੱਡੇ ਅਰਬਪਤੀ ਹਨ। ਲਗਭਗ 19 ਫ਼ੀਸਦੀ ਭਾਰਤੀ ਅਰਬਪਤੀ ਪ੍ਰਾਈਵੇਟ ਹੈਲਥਕੇਅਰ ਅਤੇ ਫਾਰਮਾਸਿਊਟੀਕਲ ਉਦਯੋਗ ਖੇਤਰ ਤੋਂ ਆਏ ਸਨ, ਜਿਨ੍ਹਾਂ ਨੇ ਕੋਵਿਡ-19 ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਮਹੱਤਵਪੂਰਨ ਦੌਲਤ ਇਕੱਠੀ ਕੀਤੀ ਹੈ। ਸਾਇਰਸ ਪੂਨਾਵਾਲਾ ਗਰੁੱਪ ਅਧੀਨ ਕੋਰੋਨਾ ਮਹਾਂਮਾਰੀ ਦੌਰਾਨ ਕੋਵਿਸ਼ੀਲਡ ਵੈਕਸੀਨ ਤਿਆਰ ਕਰਨ ਵਾਲੀ 'ਸੀਰਮ ਇੰਸਟੀਟਿਊਟ ਆਫ਼ ਇੰਡੀਆ' ਦੇ ਮਾਲਕ ਕੇਵਲ ਸਾਇਰਸ ਪੂਨਾਵਾਲਾ ਨੇ ਹੀ 2021 ਤੋਂ ਆਪਣੀ ਦੌਲਤ ਵਿੱਚ 91 ਫ਼ੀਸਦੀ ਦਾ ਵਾਧਾ ਦਰਜ ਕੀਤਾ ਹੈ। ਸੰਖੇਪ ਸ਼ਬਦਾਂ ਵਿੱਚ, ਪ੍ਰਤੀ ਵਿਅਕਤੀ ਆਮਦਨ ਘੱਟ ਹੋਣ, ਗ਼ਰੀਬੀ ਤੇ ਭੁੱਖਮਰੀ ਕਾਰਨ ਦੇਸ਼ ਦੇ 80 ਕਰੋੜ ਨਾਗਰਿਕਾਂ ਭਾਵ ਕੁੱਲ ਆਬਾਦੀ ਦੇ 57 ਫ਼ੀਸਦੀ ਹਿੱਸੇ ਨੂੰ ਮੁਫ਼ਤ ਅਨਾਜ ਪ੍ਰਦਾਨ ਕਰਨ ਦੀ ਮਜ਼ਬੂਰੀ, ਦੌਲਤ ਅਤੇ ਆਮਦਨ ਵਿੱਚ ਸਪੱਸ਼ਟ ਕਾਣੀਵੰਡ ਦਰਸਾਉਂਦੀ ਹੈ ਕਿ 3.7 ਟ੍ਰਿਲੀਅਨ ਅਮਰੀਕੀ ਡਾਲਰਾਂ ਦੀ ਭਾਰਤੀ ਅਰਥਵਿਵਸਥਾ ਵਿੱਚ ਵਿਕਾਸ ਦਰ ਤੇਜ਼ ਹੋਣ ਦੇ ਬਾਵਜੂਦ 'ਵਿਕਸਿਤ ਭਾਰਤ' ਬਣਨ ਲਈ ਅਜੇ ਬਹੁਤ ਕੁੱਝ ਕਰਨ ਦੀ ਜ਼ਰੂਰਤ ਹੈ। ਹਾਲਾਂ ਕਿ, ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਜੀ.ਡੀ.ਪੀ ਕਿਸੇ ਵੀ ਅਰਥਵਿਵਸਥਾ ਦੀ ਸਿਹਤ ਨੂੰ ਸਮਝਣ ਲਈ ਇੱਕ ਉਪਯੋਗੀ ਮਾਪਦੰਡ ਤਾਂ ਹੈ, ਪ੍ਰੰਤੂ ਇਹ ਆਰਥਿਕ ਵਿਕਾਸ ਦਾ ਸਹੀ ਅਤੇ ਉਪਯੁਕਤ ਮਾਪਦੰਡ ਨਹੀਂ ਹੈ।

***

## ਫ਼ਾਰਮਾਸਿਊਟੀਕਲ ਕੰਪਨੀਆਂ ਦੇ ਭ੍ਰਿਸ਼ਟਾਚਾਰ,

ਇਸ ਸਭ ਨੂੰ ਹੁਣ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ। 2016 ਵਿੱਚ ਸਰਕਾਰ ਨੇ ਪੰਜਾਂ ਵਿੱਚੋਂ ਦੋ ਪਬਲਿਕ ਸੈਕਟਰ ਇਕਾਈਆਂ (ਸਰਕਾਰੀ ਖੇਤਰ ਵਿੱਚ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ) ਅਰਥਾਤ ਆਈ.ਡੀ.ਪੀ.ਐੱਲ. ਅਤੇ ਆਰ.ਡੀ.ਪੀ.ਐੱਲ. ਨੂੰ ਬੰਦ ਕਰਨ ਦਾ ਫ਼ੈਸਲਾ ਲਿਆ। ਸਰਕਾਰ ਨੇ ਐੱਚ.ਏ.ਐੱਲ, ਬੀ.ਸੀ.ਪੀ.ਐੱਲ, ਅਤੇ ਕਰਨਾਟਕ ਐਂਟੀਬਾਇਓਟਿਕਸ ਐਂਡ ਫ਼ਾਰਮਾਸਿਊਟੀਕਲ ਲਿਮਟਿਡ (ਕੇ.ਏ.ਪੀ.ਐੱਲ) ਦਾ ਰਣਨੀਤਕ ਤੌਰ 'ਤੇ ਵਿਨਿਵੇਸ਼ ਕਰਨ ਦਾ ਵੀ ਫ਼ੈਸਲਾ ਕੀਤਾ।

ਇਹ ਸਭ ਜਾਣਦੇ ਹਨ ਕਿ ਸਾਡੇ ਦੇਸ਼ ਵਿੱਚ ਲੋਕਾਂ ਨੂੰ ਸਿਹਤ ਸੇਵਾਵਾਂ 'ਤੇ ਆਪਣੀ ਜੇਬ ਤੋਂ ਖ਼ਰਚ ਕਰਨਾ ਪੈਂਦਾ ਹੈ। ਇਸਦਾ ਤਕਰੀਬਨ 70% ਹਿੱਸਾ ਦਵਾਈਆਂ ਦੀ ਖ਼ਰੀਦ 'ਤੇ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਦਵਾਈਆਂ ਦੀਆਂ ਕੀਮਤਾਂ ਆਮ ਆਦਮੀ ਦੀ ਪਹੁੰਚ ਵਿੱਚ ਹੋਣ। ਪਰ ਸਰਕਾਰ ਦੀ ਉਦਾਸੀਨਤਾ ਚਿੰਤਾ ਦਾ ਕਾਰਨ ਹੈ। ਸਰਕਾਰ ਦਾ ਵੱਡੇ ਫ਼ਾਰਮਾ ਮਾਲਕਾਂ ਨਾਲ ਗਠਜੋੜ ਹੋਣ ਦਾ ਪੱਕਾ ਸ਼ੱਕ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਕੁਝ ਫ਼ਾਰਮਾਸਿਊਟੀਕਲ ਕੰਪਨੀਆਂ ਅਤੇ ਕੁਝ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲੇ ਕੇਂਦਰਾਂ ਨੇ 800 ਕਰੋੜ ਰੁਪਏ ਦੇ ਚੋਣ ਬਾਂਡ ਖਰੀਦੇ। ਇਸ ਨਾਲ ਸਰਕਾਰ ਅਤੇ ਦਵਾਈਆਂ ਬਣਾਉਣ ਵਾਲੇ ਵੱਡੇ ਫ਼ਾਰਮਾਂ ਉਦਯੋਗ ਵਿਚਕਾਰ ਗਠਜੋੜ ਨੂੰ ਲੈ ਕੇ ਸ਼ੰਕੇ ਹੋਰ ਮਜ਼ਬੂਤ ਹੁੰਦੇ ਹਨ।

ਹੁਣ ਨੀਤੀ ਦੀ ਸਮੀਖਿਆ ਕਰਨ ਅਤੇ ਲੋਕਾਂ ਦੀ ਸਿਹਤ ਦੀ ਕੀਮਤ 'ਤੇ ਭ੍ਰਿਸ਼ਟ ਅਭਿਆਸਾਂ ਅਤੇ ਅਤਿ-ਮੁਨਾਫ਼ਾਖੋਰੀ ਨੂੰ ਬਚਾਉਣ ਲਈ ਫ਼ਾਰਮਾਸਿਊਟੀਕਲ ਵਿੱਚ ਜਨਤਕ ਖੇਤਰ ਦੀਆਂ ਇਕਾਈਆਂ ਨੂੰ ਮਜ਼ਬੂਤ ਕਰਨ ਦਾ ਸਮਾਂ ਹੈ। ਦਵਾਈਆਂ ਅਤੇ ਟੀਕਿਆਂ ਲਈ ਮੁਫ਼ਤ ਮਾਰਕੀਟ ਪਹੁੰਚ ਸਿਰਫ਼ ਵੱਡੇ ਫ਼ਾਰਮਾਸਿਊਟੀਕਲ ਮਾਲਕਾਂ ਦੀ ਮਦਦ ਕਰੇਗੀ ਅਤੇ ਲੋਕਾਂ ਦੀਆਂ ਸਿਹਤ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਮੁਨਾਫ਼ਾਖੋਰੀ ਵਿੱਚ ਵਾਧਾ ਕਰੇਗੀ।

***

## ਸਾਹਿਤਕ ਸਿਨੇਮਾ ਦੀ ਸਟੀਕ ਪੇਸ਼ਕਾਰੀ

ਰਣਜੀਤ ਦੇ ਵਿਆਹ ਨੂੰ ਜਦ ਚਾਰ-ਪੰਜ ਸਾਲ ਲੰਘ ਜਾਂਦੇ ਹਨ ਤਾਂ ਉਸ ਦੇ ਘਰ ਬੱਚੇ ਦੀ ਕਿਲਕਾਰੀ ਨਹੀਂ ਗੂੰਜਦੀ। ਸਾਰਾ ਪਿੰਡ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ। ਔਰਤਾਂ ਦੇ ਤਾਅਨੇ-ਮਿਹਣਿਆਂ ਤੋਂ ਤੰਗ ਆਈ ਕੰਵਲ, ਜੀਤ ਨੂੰ ਦੂਜਾ ਵਿਆਹ ਕਰਵਾਉਣ ਨੂੰ ਕਹਿੰਦੀ ਹੈ ਪਰ ਜੀਤ ਉਸ ਦੀ ਗੱਲ ਨੂੰ ਅਣਸੁਣਿਆ ਕਰ ਦਿੰਦਾ ਹੈ। ਅਖੀਰ ਉਸ ਨੂੰ ਕਮਲ ਦੀ ਜ਼ਿੱਦ ਮੂਹਰੇ ਝੁਕਣਾ ਪੈਂਦਾ ਹੈ।

ਦੂਜੇ ਵਿਆਹ ਦੀ ਪਤਨੀ ਸਮੁੰਦਰੋ ਜਦ ਵਿਹੜੇ ਪੈਰ ਪਾਉਂਦੀ ਹੈ ਤਾਂ ਘਰ ਵਿੱਚ ਭੂਚਾਲ ਲਿਆ ਦਿੰਦੀ ਹੈ। ਕੰਵਲ, ਸਮੁੰਦਰੋ ਨੂੰ ਆਪਣੀ ਛੋਟੀ ਭੈਣ ਵਾਂਗ ਸਮਝਦੀ ਹੈ ਜਦਕਿ ਸਮੁੰਦਰੋ ਹਮੇਸ਼ਾ ਉਸ ਨੂੰ ਘਰ ਦੀ ਨੌਕਰਾਣੀ ਸਮਝ ਕੇ ਮਹਾਰਾਣੀਆਂ ਵਾਂਗ ਹੁਕਮ ਚਲਾਉਂਦੀ ਹੈ। ਫ਼ਿਲਮ ਦੀ ਕਹਾਣੀ ਅਚਾਨਕ ਖ਼ਤਰਨਾਕ ਮੋੜ ਲੈਂਦੀ ਹੈ ਜਦ ਸਮੁੰਦਰੋ ਦਾ ਵੈਲੀ ਕਿਸਮ ਦਾ ਜੀਜਾ ਬਲੌਰੀ, ਜੀਤ ਦੇ ਘਰ ਵਿੱਚ ਦਖ਼ਲਅੰਦਾਜ਼ੀ ਕਰਦਾ ਹੈ ਤਾਂ ਘਰ ਦੇ ਹਾਲਾਤ ਵਿਗੜਨ ਲੱਗਦੇ ਹਨ। ਆਖਿਰ ਸਮੁੰਦਰੋ ਤੇ ਬਲੌਰੀ ਦਾ ਸਤਾਇਆ ਜੀਤ ਦੋਵਾਂ ਦੇ ਖ਼ੂਨ 'ਚ ਆਪਣੇ ਹੱਥ ਰੰਗ ਲੈਂਦਾ ਹੈ।

ਫ਼ਿਲਮ ਦੀ ਕਹਾਣੀ ਤੇ ਸੰਵਾਦ ਨਾਵਲਕਾਰ ਜੀਤ ਸਿੰਘ ਸੰਧੂ ਨੇ ਲਿਖੇ ਹਨ ਤੇ ਸਕਰੀਨ ਪਲੇਅ ਤੇ ਨਿਰਦੇਸ਼ਨ ਰਵਿੰਦਰ ਰਵੀ ਦਾ ਹੈ। ਰਵਿੰਦਰ ਰਵੀ ਨੇ ਦੱਸਿਆ ਕਿ ਇਹ ਫ਼ਿਲਮ ਹੂਬਹੂ ਨਾਵਲ ਦੇ ਹਿੱਸਿਆਂ ਨੂੰ ਪੇਸ਼ ਕਰਦੀ ਹੈ। ਫ਼ਿਲਮ ਦੇ ਸੰਵਾਦ ਬਿਲਕੁਲ ਦੇਸੀ, ਮਲਵਈ ਬੋਲੀ ਵਿੱਚ ਬੋਲੇ ਗਏ ਹਨ ਜੋ ਫ਼ਿਲਮ ਲਈ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ। ਸਮੁੰਦਰੋ ਦੇ ਕਿਰਦਾਰ ਨੂੰ ਕੁਲਵਿੰਦਰ ਕੌਰ ਨੇ ਬਹੁਤ ਬਾਖ਼ੂਬੀ ਪੇਸ਼ ਕੀਤਾ ਹੈ। ਉਸ ਦੀ ਅਦਾਕਾਰੀ ਤੇ ਸੰਵਾਦ ਰਚਨਾ ਕਮਾਲ ਦੀ ਹੈ। ਬਲੌਰੀ ਦੇ ਕਿਰਦਾਰ ਵਿੱਚ ਨੀਟੂ ਪੰਧੇਰ, ਕਾਮਰੇਡ ਦੇ ਕਿਰਦਾਰ ਵਿੱਚ ਹੌਬੀ ਧਾਲੀਵਾਲ ਅਤੇ ਸੀਰੀ ਦੇ ਕਿਰਦਾਰ ਵਿੱਚ ਕੁਲਦੀਪ ਨਿਆਮੀ ਆਪਣਾ ਪੂਰਾ ਪ੍ਰਭਾਵ ਛੱਡਦੇ ਨਜ਼ਰ ਆਏ। ਮੁੱਖ ਕਿਰਦਾਰ ਦੀ ਗੱਲ ਕਰੀਏ ਤਾਂ ਸੋਨਪ੍ਰੀਤ ਜਵੰਧਾ ਅਤੇ ਜੋਤ ਚਾਹਲ ਫ਼ਿਲਮ ਦੀ ਜਿੰਦਜਾਨ ਹਨ। ਫ਼ਿਲਮ ਦੀ ਫ਼ੋਟੋਗ੍ਰਾਫ਼ੀ ਕਰਨ ਅੰਜਾਨ ਨੇ ਕੀਤੀ ਹੈ। ਨਿਰਮਾਤਾ ਸਵਰਨ ਸਿੰਘ ਦਾ ਯਤਨ ਸ਼ਲਾਘਾਯੋਗ ਹੈ ਕਿ ਉਨ੍ਹਾਂ ਚਾਲੂ ਕਿਸਮ ਦੇ ਵਿਸ਼ਿਆਂ ਤੋਂ ਪਾਸੇ ਹੋ ਕੇ ਸਾਹਿਤਕ ਰਚਨਾ ਨੂੰ ਫ਼ਿਲਮੀ ਰੂਪ ਦਿੱਤਾ ਹੈ।

***

## ਸੁਖਬੀਰ ਤੋਂ ਨਾਰਾਜ਼ ਢੀਂਡਸਾ ਗਰੁੱਪ ਅਕਾਲੀ ਦਲ ਦਾ

ਬਣਾ ਕੇ ਬਾਦਲ ਦਲ ਦੇ ਸਮਰੱਥ ਉਮੀਦਵਾਰਾਂ ਵਿਰੁਧ ਆਪਣੀ ਪਾਰਟੀ ਦੇ ਉਮੀਦਵਾਰ ਖੜੇ ਕੀਤੇ ਸਨ। ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਸਰਕਾਰ ਬਣੀ ਤੇ ਪ੍ਰਕਾਸ਼ ਸਿੰਘ ਬਾਦਲ ਅਕਸਰ ਕਹਿੰਦੇ ਰਹੇ ਕਿ ਜੇਕਰ ਗੁਰਚਰਨ ਸਿੰਘ ਟੌਹੜਾ ਦੀ ਪਾਰਟੀ ਅੜਿੱਕਾ ਨਾ ਬਣਦੀ ਅਰਥਾਤ ਵੋਟ ਗਣਿਤ ਨਾ ਵਿਗਾੜਦੀ ਤਾਂ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਦੁਬਾਰਾ ਬਣਨੀ ਤਹਿ ਸੀ। ਇਸੇ ਤਰ੍ਹਾਂ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰਾਂ ਲਈ ਢੀਂਡਸਾ ਧੜੇ ਦੇ ਆਗੂ ਮੁਸੀਬਤ ਪੈਦਾ ਕਰ ਸਕਦੇ ਹਨ। ਬਿਨਾਂ ਸ਼ੱਕ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਹਲਕਾ ਸੰਗਰੂਰ ਦੀ ਸੀਟ ਤੋਂ ਢੀਂਡਸਾ ਪਰਿਵਾਰ ਲਾਂਭੇ ਕਰ ਕੇ ਖ਼ੁਦ ਲਈ ਸੰਕਟ ਸਹੇੜ ਲਿਆ ਹੈ, ਕਿਉਂਕਿ ਦੁਬਾਰਾ ਫਿਰ ਸੁਖਬੀਰ ਬਾਦਲ ਨਾਲ ਨਾਰਾਜ਼ ਹੋਏ ਅਕਾਲੀ ਆਗੂ ਢੀਂਡਸਿਆਂ ਦੇ ਹੱਕ ਵਿੱਚ ਜੁੜਨੇ ਸ਼ੁਰੂ ਹੋ ਗਏ ਹਨ। ਮੀਟਿੰਗ ਰਾਹੀਂ ਫੈਸਲਾ ਕੀਤਾ ਗਿਆ ਹੈ ਕਿ ਸੰਗਰੂਰ ਲੋਕ ਸਭਾ ਹਲਕੇ ਤੋਂ ਟਿਕਟ ਨਾ ਮਿਲਣ 'ਤੇ ਢੀਂਡਸਾ ਪਰਿਵਾਰ ਅਕਾਲੀ ਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਨਾਲ ਨਹੀਂ ਤੁਰੇਗਾ। ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਪਰਮਿੰਦਰ ਸਿੰਘ ਢੀਂਡਸਾ ਨੂੰ ਚੋਣ ਲੜਨ ਲਈ ਭਾਜਪਾ ਅਤੇ ਕਾਂਗਰਸ ਵੱਲੋਂ ਵੀ ਪੇਸ਼ਕਸ਼ ਆਈ ਸੀ ਪਰ ਉਨ੍ਹਾਂ ਅਕਾਲੀ ਦਲ ਛੱਡ ਕੇ ਕਿਸੇ ਹੋਰ ਪਾਰਟੀ ਤੋਂ ਚੋਣ ਲੜਨ ਲਈ ਸਾਫ ਇਨਕਾਰ ਕਰ ਦਿੱਤਾ। ਢੀਂਡਸਾ ਨੇ ਦੱਸਿਆ ਕਿ ਕੁੱਝ ਅਕਾਲੀ ਆਗੂਆਂ ਵੱਲੋਂ ਉਨ੍ਹਾਂ ਨੂੰ ਇਹ ਵੀ ਪੇਸ਼ਕਸ਼ ਕੀਤੀ ਗਈ ਸੀ ਕਿ ਕਿਉਂ ਨਾ ਸੰਗਰੂਰ ਤੋਂ ਐਲਾਨੇ ਗਏ ਅਕਾਲੀ ਉਮੀਦਵਾਰ ਨੂੰ ਬਦਲ ਕੇ ਪਰਮਿੰਦਰ ਸਿੰਘ ਢੀਂਡਸਾ ਨੂੰ ਉਮੀਦਵਾਰ ਐਲਾਨ ਦਿੱਤਾ ਜਾਵੇ ਪਰ ਉਨ੍ਹਾਂ ਇਸ ਪੇਸ਼ਕਸ਼ ਨੂੰ ਵੀ ਨਾਮਨਜ਼ੂਰ ਕਰ ਦਿੱਤਾ। ਬੀਤੇ ਦਿਨੀਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਢੀਂਡਸਾ ਪਰਿਵਾਰ ਦੀ ਚੰਡੀਗੜ੍ਹ ਰਿਹਾਇਸ਼ ਵਿਖੇ ਪਾਈ ਗਈ ਫੇਰੀ ਬਾਰੇ ਗੱਲ ਕਰਦਿਆਂ ਢੀਂਡਸਾ ਨੇ ਕਿਹਾ ਕਿ ਉਸ ਦਿਨ ਸੁਖਬੀਰ ਉਨ੍ਹਾਂ ਦੇ ਘਰ ਆ ਕੇ ਮੁਆਫ਼ੀ ਮੰਗ ਕੇ ਗਿਆ ਹੈ ਪਰ ਸੁਖਬੀਰ ਵੱਲੋਂ ਉਨ੍ਹਾਂ ਦਾ ਵਿਸ਼ਵਾਸ ਤੋੜਿਆ ਗਿਆ ਹੈ।

ਉਧਰ ਬਿਕਰਮਜੀਤ ਸਿੰਘ ਮਜੀਠੀਆ, ਬੀਬੀ ਜਗੀਰ ਕੌਰ, ਮਨਪ੍ਰੀਤ ਸਿੰਘ ਇਆਲੀ, ਸੁਖਦੇਵ ਸਿੰਘ ਢੀਂਡਸਾ ਦੇ ਹੱਕ ਵਿੱਚ ਹਨ ਤੇ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਪਾਰਟੀ ਦੀ ਟਿਕਟ ਦੇਣੀ ਚਾਹੀਦੀ ਸੀ। ਇਸ ਤਰ੍ਹਾਂ ਅਕਾਲੀ ਦਲ ਵਿੱਚ ਧੜੇਬੰਦੀ ਬਾਦਲ ਪਰਿਵਾਰ ਵਿਰੁੱਧ ਮਜ਼ਬੂਤ ਹੋਣ ਲੱਗੀ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਵਰਤਮਾਨ ਲੋਕ ਸਭਾ ਚੋਣਾਂ ਵਿੱਚ ਬਾਦਲ ਦਲ ਲਈ ਦਿੱਲੀ ਦੂਰ ਹੀ ਮੰਨੀ ਜਾ ਰਹੀ ਹੈ। ਪੰਥਕ ਹਲਕਿਆਂ ਮੁਤਾਬਿਕ ਢੀਂਡਸਾ ਧੜੇ ਦਾ ਬਾਦਲ ਦਲ ਨਾਲ ਗਠਜੋੜ ਸਿਰਫ਼ ਅਆਪਣੇ ਨਿੱਜ ਜਾਂ ਕੁਰਸੀ ਹਥਿਆਉਣ ਦੇ ਲਾਲਚ ਤਕ ਸੀਮਤ ਹੈ, ਇਸ ਵਿੱਚ ਪੰਥ ਜਾਂ ਪੰਜਾਬ ਦੇ ਭਲੇ ਜਾਂ ਤਰੱਕੀ ਲਈ ਕੋਈ ਯੋਜਨਾ ਜਾਂ ਏਜੰਡਾ ਵਿਖਾਈ ਨਹੀਂ ਦੇ ਰਿਹਾ, ਜਿਸ ਕਰਕੇ ਢੀਂਡਸਾ ਧੜੇ ਨਾਲ ਰਲੇਵਾਂ ਅਤੇ ਮਹਿਜ਼ ਇੱਕ ਸੀਟ ਪਿੱਛੇ ਤੋੜ ਵਿਛੋੜਾ ਵਾਲੀਆਂ ਘਟਨਾਵਾਂ ਨੇ ਪੰਜਾਬ ਅਤੇ ਪੰਥਦਰਦੀਆਂ ਨੂੰ ਨਿਰਾਸ਼ ਹੀ ਕੀਤਾ ਹੈ।

ਆਖਰ ਪਿਛਲੇ ਸਮੇਂ ਦੌਰਾਨ ਅਜਿਹਾ ਕੀ ਵਾਪਰਿਆ ਕਿ ਪਾਰਟੀ ਦੇ ਕੱਦਾਵਰ ਆਗੂ ਇਕ-ਇਕ ਕਰਕੇ ਪਾਰਟੀ ਤੋਂ ਦੂਰ ਹੁੰਦੇ ਗਏ, ਇਹ ਇੱਕ ਅਜਿਹਾ ਸਵਾਲ ਹੈ, ਜਿਸ ਦਾ ਜਵਾਬ ਪਾਰਟੀ ਹਾਈਕਮਾਨ ਨੂੰ ਇਕ ਨਾ ਇਕ ਦਿਨ ਜ਼ਰੂਰ ਦੇਣਾ ਪਵੇਗਾ। ਸਿਆਸੀ ਮਾਹਿਰਾਂ ਵੱਲੋਂ ਇਹ ਸਮਾਂ ਪਾਰਟੀ ਹਾਈਕਮਾਨ ਲਈ ਜਿੱਥੇ ਸਵੈ ਮੰਥਨ ਕਰਨ ਵਾਲਾ ਦੱਸਿਆ ਜਾ ਰਿਹਾ ਹੈ ਉੱਥੇ ਪਾਰਟੀ ਲਈ ਬਣੇ ਮੌਜੂਦਾ ਹਾਲਾਤ ਲਈ ਜ਼ਿੰਮੇਵਾਰ ਕਾਰਨਾਂ ਦਾ ਵੀ ਪਤਾ ਲਗਾ ਕੇ ਉਨ੍ਹਾਂ ਦੇ ਹੱਲ ਲਈ ਵੀ ਯਤਨ ਕਰਨ ਦੀ ਲੋੜ ਹੈ। ਅਜਿਹੇ ਵਿੱਚ ਆਉਣ ਵਾਲਾ ਸਮਾਂ ਪਾਰਟੀ ਲਈ ਕੋਈ ਬਹੁਤਾ ਵਧੀਆ ਨਹੀਂ ਦੱਸਿਆ ਜਾ ਰਿਹਾ ਤੇ ਜੇਕਰ ਪਾਰਟੀ ਹਾਈਕਮਾਨ ਨੇ ਮੌਕਾ ਨਾ ਸੰਭਾਲਿਆ ਤਾਂ ਅਕਾਲੀ ਦਲ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ।

***

## ਭਾਰਤ ਵਿੱਚ ਬੇਰੁਜ਼ਗਾਰੀ ਦੀ ਵਧ ਰਹੀ ਸਮੱਸਿਆ

ਬੇਰੁਜ਼ਗਾਰਾਂ ਦੇ ਮੁਕਾਬਲੇ ਜਿਆਦਾ ਹੈ। ਨਤੀਜੇ ਵਜੋਂ ਅੱਜ ਵੀ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੀ ਲੋੜ ਹੈ। ਪਰ ਨਿੱਜੀਕਰਨ ਨਾਲ ਇਹ ਮੌਕੇ ਵੀ ਤੇਜ਼ੀ ਨਾਲ ਸੁੰਗੜ ਰਹੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਦੀ 1.4 ਅਰਬ ਆਬਾਦੀ ਵਿੱਚੋਂ ਅੱਧੇ ਤੋਂ ਵੱਧ ਦੀ ਉਮਰ 30 ਸਾਲ ਤੋਂ ਘੱਟ ਹੈ। ਇਹਨਾਂ ਲੋਕਾਂ ਦੀ ਮੁੱਖ ਚਿੰਤਾ ਸਥਿਰ ਰੁਜ਼ਗਾਰ ਦੀ ਹੈ ਤਾਂ ਜੋ ਉਹ ਆਪਣਾ ਘਰ ਚਲਾਉਣ ਲਈ ਕਾਫ਼ੀ ਕਮਾਈ ਕਰ ਸਕਣ। ਪਰ ਅਜਿਹੇ ਮੌਕੇ ਆਬਾਦੀ ਦੇ ਬਹੁਤ ਛੋਟੇ ਹਿੱਸੇ ਨੂੰ ਹੀ ਉਪਲਬਧ ਹਨ।

ਇਸ ਮੋਰਚੇ 'ਤੇ ਨਿਰਾਸ਼ਾ ਇਸ ਪੱਧਰ ਉਪਰ ਹੈ ਕਿ ਗਾਜ਼ਾ ਯੁੱਧ ਸ਼ੁਰੂ ਹੋਣ ਤੋਂ ਬਾਅਦ ਜਦੋਂ ਭਾਰਤ ਸਰਕਾਰ ਨੇ ਇਜ਼ਰਾਈਲ ਨਾਲ ਸਮਝੌਤਾ ਕੀਤਾ ਅਤੇ ਉਥੇ ਕਾਮੇ ਭੇਜਣ ਦੀ ਯੋਜਨਾ ਬਣਾਈ ਤਾਂ ਜੰਗ ਦੇ ਮਾਹੌਲ ਵਿੱਚ ਵੀ ਉਥੇ ਜਾਣ ਲਈ ਭੀੜ ਇਕੱਠੀ ਹੋ ਗਈ। ਲੋਕਾਂ ਨੂੰ ਇਹ ਕਹਿੰਦੇ ਸੁਣਿਆ ਗਿਆ ਕਿ 'ਇੱਥੇ ਭੁੱਖੇ ਮਰਨ ਨਾਲੋਂ ਤਾਂ ਕੁਝ ਕਮਾ ਕੇ ਮਰਨਾ ਚੰਗਾ ਹੈ।'

***

## 80 ਫ਼ੀਸਦੀ ਭਾਰਤੀ 'ਹਿੰਦੂ ਰਾਸ਼ਟਰ' ਦੇ ਹੱਕ 'ਚ ਨਹੀਂ,

ਰਿਪੋਰਟ ਮੁਤਾਬਕ 73 ਫੀਸਦੀ ਅਨਪੜ੍ਹ ਲੋਕਾਂ ਦੇ ਮੁਕਾਬਲੇ 83 ਫੀਸਦੀ ਪੜ੍ਹੇ-ਲਿਖੇ ਲੋਕ ਭਾਰਤ ਨੂੰ ਸਾਰੇ ਧਰਮਾਂ ਦਾ ਦੇਸ਼ ਮੰਨਦੇ ਹਨ। ਇਸ ਤੋਂ ਇਲਾਵਾ ਸ਼ਹਿਰੀ ਮਾਹੌਲ ਵਿਚ ਰਹਿਣ ਵਾਲੇ ਲੋਕ ਪੇਂਡੂ ਮਾਹੌਲ ਵਿਚ ਰਹਿਣ ਵਾਲੇ ਲੋਕਾਂ ਨਾਲੋਂ ਧਾਰਮਿਕ ਬਹੁਲਵਾਦ ਦੇ ਪੱਖ ਵਿਚ ਜ਼ਿਆਦਾ ਹਨ।

ਲੋਕਨੀਤੀ 1997 ਵਿੱਚ ਸਥਾਪਿਤ ਸੀਐਸਡੀਐਸ (ਸੈਂਟਰ ਫਾਰ ਦ ਸਟੱਡੀ ਆਫ਼ ਡਿਵੈਲਪਿੰਗ ਸੋਸਾਇਟੀਜ਼) ਦਾ ਇੱਕ ਖੋਜ ਪ੍ਰੋਗਰਾਮ ਹੈ ਜਿਸ ਦੇ ਤਹਿਤ ਵੱਖ-ਵੱਖ ਸਰਵੇਖਣਾਂ ਰਾਹੀਂ ਸਮਾਜ ਦੀ ਗਤੀਸ਼ੀਲਤਾ ਅਤੇ ਤਬਦੀਲੀਆਂ ਦਾ ਅਧਿਐਨ ਕੀਤਾ ਜਾਂਦਾ ਹੈ। ਜਿਥੋਂ ਤੱਕ ਸੰਘ ਮੁਖੀ ਵਲੋਂ ਭਾਰਤ ਨੂੰ ਇਕ ਹਿੰਦੂ ਰਾਸ਼ਟਰ ਕਰਾਰ ਦੇਣ ਦੀ ਗੱਲ ਹੈ, ਉਨ੍ਹਾਂ ਦੇ ਮਨ ਵਿੱਚ ਹਿੰਦੂ ਦੀ ਪਰਿਭਾਸ਼ਾ ਕੀ ਹੈ, ਇਸ ਬਾਰੇ ਹਿੰਦੁਤਵੀ ਜਾ ਸੰਘੀ ਨੇਤਾ ਤੇ ਬੁੱਧੀਜੀਵੀ ਕਦੇ ਵੀ ਕੋਈ ਸੰਤੁਸ਼ਟੀਜਨਕ ਵਿਆਖਿਆ ਨਹੀਂ ਕਰ ਸਕੇ। ਇੰਡੀਆ ਨੂੰ ਸਿਰਫ਼ ਇੱਕ ਧਰਮ ਨਾਲ ਜੋੜਨਾ ਇੱਕ ਵੱਡੀ ਜ਼ਿਆਦਤੀ ਹੈ।

****

## ਹਮਾਸ ਅਤੇ ਇਜ਼ਰਾਈਲ ਵਿਚਾਲੇ ਔਰਤਾਂ ਦਾ

ਫਲਸਤੀਨ ਅਤੇ ਇਜ਼ਰਾਈਲ ਵਿਚਾਲੇ ਸੰਘਰਸ਼ ਨੇ ਹੁਣ ਤੱਕ 10 ਲੱਖ ਤੋਂ ਵੱਧ ਔਰਤਾਂ ਅਤੇ ਲੜਕੀਆਂ ਨੂੰ ਬੇਘਰ ਕਰ ਦਿੱਤਾ ਹੈ।

ਸੀਰੀਆ ਦੀ ਲੜਾਈ ਵਿੱਚ ਵੱਡੀ ਗਿਣਤੀ ਵਿੱਚ ਬੱਚੇ ਅਤੇ ਔਰਤਾਂ ਅਨਾਥ ਅਤੇ ਵਿਧਵਾ ਹੋ ਗਈਆਂ ਅਤੇ ਹੁਣ ਕੈਂਪਾਂ ਵਿੱਚ ਰਹਿ ਰਹੀਆਂ ਹਨ

ਸੰਯੁਕਤ ਰਾਸ਼ਟਰ ਦੇ ਅੰਕੜੇ ਦਰਸਾਉਂਦੇ ਹਨ ਕਿ ਲੜਾਈਆਂ ਅਤੇ ਸੰਘਰਸ਼ਾਂ ਕਾਰਨ ਇਕ ਥਾਂ ਤੋਂ ਦੂਜੇ ਸਥਾਨ 'ਤੇ ਸਥਾਪਿਤ ਹੋਣ ਵਾਲਿਆਂ ਵਿੱਚ ਔਰਤਾਂ ਦਾ ਹਿੱਸਾ ਲਗਭਗ 75 ਪ੍ਰਤੀਸ਼ਤ ਹੈ। ਕਈ ਵਾਰ ਇਨ੍ਹਾਂ ਦੀ ਗਿਣਤੀ 90 ਫੀਸਦੀ ਤੱਕ ਵੀ ਪਹੁੰਚ ਜਾਂਦੀ ਹੈ। ਸੀਰੀਆ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹੈ ਜਿੱਥੇ ਸਭ ਤੋਂ ਵੱਧ ਲੋਕ, 1 ਕਰੋੜ 20 ਲੱਖ ਤੋਂ ਵੱਧ, ਯੁੱਧ ਕਾਰਨ ਬੇਘਰ ਹੋਏ ਹਨ। ਇਨ੍ਹਾਂ ਵਿੱਚੋਂ ਸਿਰਫ਼ ਅੱਧੀਆਂ ਔਰਤਾਂ ਅਤੇ ਕੁੜੀਆਂ ਹਨ। ਇਹ ਬੇਘਰ ਔਰਤਾਂ ਵੀ ਸ਼ਰਨਾਰਥੀ ਵਜੋਂ ਸੰਘਰਸ਼ ਕਰਦੀਆਂ ਹਨ। ਜ਼ਿਆਦਾਤਰ ਸ਼ਰਨਾਰਥੀ ਔਰਤਾਂ ਬਿਨਾਂ ਕਿਸੇ ਅਧਿਕਾਰਤ ਪਛਾਣ ਦੇ ਆਪਣੀ ਬਾਕੀ ਦੀ ਜ਼ਿੰਦਗੀ ਬਿਤਾਉਂਦੀਆਂ ਹਨ।

ਜੰਗ ਕਾਰਨ ਪੈਦਾ ਹੋਈ ਭੁੱਖਮਰੀ ਦੀ ਸਥਿਤੀ ਵੀ ਔਰਤਾਂ ਲਈ ਸਭ ਤੋਂ ਵੱਧ ਚੁਣੌਤੀਆਂ ਲੈ ਕੇ ਆਉਂਦੀ ਹੈ। ਫਲਸਤੀਨ ਵਿੱਚ ਭੋਜਨ ਦੀ ਕਮੀ ਦੇ ਦੌਰਾਨ, ਔਰਤਾਂ ਆਪਣੇ ਬੱਚਿਆਂ ਲਈ ਭੋਜਨ ਦਾ ਵੀ ਪ੍ਰਬੰਧ ਨਹੀਂ ਕਰ ਸਕੀਆਂ। ਜੇਕਰ ਉਹ ਅਜਿਹਾ ਕਰਨ ਦੇ ਸਮਰੱਥ ਵੀ ਹਨ ਤਾਂ ਉਹ ਖ਼ੁਦ ਨਾਲੋਂ ਬੱਚਿਆਂ ਨੂੰ ਪਹਿਲ ਦੇ ਰਹੀਆ ਹਨ। ਜੇਕਰ ਸੰਘਰਸ਼-ਗ੍ਰਸਤ ਸੂਡਾਨ ਦੀ ਸਮੱਸਿਆ ਦਾ ਮਨੁੱਖਤਾਵਾਦੀ ਹੱਲ ਜਲਦੀ ਤੋਂ ਜਲਦੀ ਨਾ ਲੱਭਿਆ ਗਿਆ ਤਾਂ ਸਿਹਤ ਅਤੇ ਪੋਸ਼ਣ ਸੰਬੰਧੀ ਲੋੜਾਂ ਪੂਰੀਆਂ ਨਾ ਹੋਣ ਕਾਰਨ 7000 ਨਵੀਆਂ ਮਾਵਾਂ ਦੀ ਮੌਤ ਹੋ ਸਕਦੀ ਹੈ ਜ਼ੰਗ ਦੀ ਸਥਿਤੀ ਔਰਤਾਂ ਲਈ ਸਿਹਤ ਸੰਬੰਧੀ ਅਜਿਹੀਆਂ ਕਈ ਚੁਣੌਤੀਆਂ ਲੈ ਕੇ ਆਉਂਦੀ ਹੈ। ਜੰਗ ਦੌਰਾਨ ਸਿਹਤ ਸੇਵਾਵਾਂ ਅਤੇ ਬੁਨਿਆਦੀ ਢਾਂਚਾ ਵੀ ਪ੍ਰਭਾਵਿਤ ਹੁੰਦਾ ਹੈ, ਜਿਸ ਦਾ ਸਿੱਧਾ ਅਸਰ ਉੱਥੋਂ ਦੇ ਆਮ ਲੋਕਾਂ 'ਤੇ ਪੈਂਦਾ ਹੈ। ਫਲਸਤੀਨ ਦੀਆਂ 690,000 ਕੁੜੀਆਂ ਅਤੇ ਔਰਤਾਂ ਨੂੰ ਹਰ ਮਹੀਨੇ 10 ਮਿਲੀਅਨ ਡਿਸਪੋਜ਼ੇਬਲ ਸੈਨੇਟਰੀ ਪੈਡ ਅਤੇ 40 ਮਿਲੀਅਨ ਮੁੜ ਵਰਤੋਂ ਯੋਗ ਪੈਡਾਂ ਦੀ ਲੋੜ ਹੁੰਦੀ ਹੈ। ਇਨ੍ਹਾਂ ਦੀ ਘਾਟ ਕਾਰਨ ਉੱਥੋਂ ਦੀਆਂ ਔਰਤਾਂ ਨੂੰ ਟੈਂਟਾਂ ਤੋਂ ਕੱਪੜੇ ਦੇ ਟੁਕੜੇ ਕੱਟ ਕੇ ਮਾਹਵਾਰੀ ਦੌਰਾਨ ਵਰਤਣ ਲਈ ਮਜਬੂਰ ਹੋਣਾ ਪੈਂਦਾ ਹੈ।

ਫਲਸਤੀਨ ਵਿੱਚ ਕਈ ਗਰਭਵਤੀ ਔਰਤਾਂ ਨੂੰ ਬਿਨਾਂ ਕਿਸੇ ਐਨੇਥੀਜ਼ਿਆ ਦੇ ਜਨਮ ਦੇਣਾ ਪਿਆ। ਬੰਬਾਰੀ ਕਾਰਨ ਨੁਕਸਾਨੇ ਗਏ ਹਸਪਤਾਲਾਂ, ਦਵਾਈਆਂ ਅਤੇ ਸਿਹਤ ਕਰਮਚਾਰੀਆਂ ਦੀ ਅਣਹੋਂਦ ਕਾਰਨ ਜ਼ਿਆਦਾਤਰ ਗਰਭਵਤੀ ਔਰਤਾਂ ਨੂੰ ਬਿਨਾਂ ਕਿਸੇ ਡਾਕਟਰੀ ਸਹਾਇਤਾ ਤੋਂ ਜਣੇਪਾ ਕਰਨਾ ਪੈਂਦਾ ਹੈ। ਗਾਜ਼ਾ ਦੇ ਸਿਹਤ ਮੰਤਰਾਲੇ ਦੇ ਬਿਆਨ ਮੁਤਾਬਕ ਹਰ ਮਹੀਨੇ ਪੰਜ ਹਜ਼ਾਰ ਗਰਭਵਤੀ ਔਰਤਾਂ ਖ਼ਤਰਨਾਕ ਹਾਲਤਾਂ, ਅਸੁਰੱਖਿਆ ਅਤੇ ਗੰਦਗੀ ਵਿੱਚ ਬੱਚਿਆਂ ਨੂੰ ਜਨਮ ਦੇਣ ਲਈ ਮਜਬੂਰ ਹਨ। ਨਤੀਜੇ ਵਜੋਂ, ਅਜਿਹੇ ਹਾਲਾਤਾਂ ਵਿੱਚ ਵਧੇਰੇ ਮਾਵਾਂ ਅਤੇ ਨਵਜੰਮੇ ਬੱਚਿਆਂ ਦੀ ਮੌਤ ਹੋ ਜਾਂਦੀ ਹੈ।

***

## ਲੋਕ ਸਭਾ ਚੋਣਾਂ ਦੌਰਾਨ ਬੇਅਦਬੀ ਮਾਮਲੇ ਵਿੱਚ

ਇਨ੍ਹਾਂ ਕੇਸਾਂ ਸੰਬੰਧੀ ਕੇਸ ਦੀ ਸੰਜੀਦਗੀ ਨੂੰ ਸਪੱਸ਼ਟ ਕਰਦੀ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸੂਬੇ ਵਿਚਲੀਆਂ ਦੂਜੀਆਂ ਸਿਆਸੀ ਧਿਰਾਂ ਤੇ ਪੰਥਕ ਜਥੇਬੰਦੀਆਂ ਦੀ ਵੀ ਇਸ ਮਾਮਲੇ 'ਤੇ ਚੁਪੀ ਕਈ ਸਵਾਲ ਖੜੇ ਕਰ ਰਹੀ ਹੈ।

ਕੀ ਹੈ ਬਰਗਾੜੀ, ਬੇਅਦਬੀ ਕੇਸ ?

12 ਅਕਤੂਬਰ 2015 ਨੂੰ ਬਰਗਾੜੀ ਪਿੰਡ ਦੀਆਂ ਗਲੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਖਿਲਰੇ ਹੋਏ ਮਿਲੇ। ਇਹ ਪੱਤਰੇ 1 ਜੂਨ 2015 ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੋਂ ਚੋਰੀ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਸਨ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਤਤਕਾਲੀ ਪੁਲਿਸ ਡਿਪਟੀ ਇੰਸਪੈਕਟਰ ਜਨਰਲ ਰਣਬੀਰ ਸਿੰਘ ਖਟੜਾ ਦੀ ਅਗਵਾਈ ਹੇਠ ਬਰਗਾੜੀ ਬੇਅਦਬੀ ਮਾਮਲੇ ਵਿੱਚ 7 ਡੇਰਾ ਸਿਰਸਾ ਸਮਰਥਕਾਂ ਨੂੰ ਜੂਨ 2018 ਵਿੱਚ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਵਿੱਚ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਮਹਿੰਦਰਪਾਲ ਸਿੰਘ ਬਿੱਟੂ, ਸ਼ਕਤੀ ਸਿੰਘ, ਸੁਖਜਿੰਦਰ ਅਤੇ ਹੋਰ ਡੇਰਾ ਪ੍ਰੇਮੀ ਕਥਿਤ ਤੌਰ ਉੱਤੇ ਸ਼ਾਮਲ ਸਨ। ਬਿੱਟੂ ਨੂੰ ਬਾਅਦ ਵਿੱਚ ਨਾਭਾ ਜੇਲ੍ਹ ਵਿੱਚ ਮਾਰ ਦਿੱਤਾ ਗਿਆ ਸੀ ਜਦਕਿ ਇੱਕ ਹੋਰ ਮੁਲਜ਼ਮ ਪਰਦੀਪ ਸਿੰਘ ਦਾ ਪਿਛਲੇ ਸਾਲ ਕੋਟਕਪੂਰਾ ਵਿੱਚ ਕਤਲ ਕਰ ਦਿੱਤਾ ਗਿਆ। ਏ.ਡੀ.ਜੀ.ਪੀ. ਐੱਸ.ਪੀ.ਐੱਸ. ਪਰਮਾਰ ਦੀ ਅਗਵਾਈ ਵਾਲੀ ਐੱਸ.ਆਈ.ਟੀ. ਨੇ ਡੇਰਾ ਸੌਦਾ ਦੇ ਮੁਖੀ ਤੇ ਹੋਰ ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ ਜਦਕਿ ਚੰਡੀਗੜ੍ਹ ਅਦਾਲਤ ਵਿੱਚ ਇਸ ਕੇਸ ਦੀ ਸੁਣਵਾਈ ਚੱਲ ਰਹੀ ਹੈ।

***

## ਪੰਜਾਬ ਕਾਂਗਰਸ ਬਗਾਵਤ ਨੂੰ ਠੱਲ੍ਹਣ

ਰਾਜਾ ਵੜਿੰਗ ਪ੍ਰਧਾਨਗੀ ਦੀ ਭੂਮਿਕਾ ਨਿਭਾਉਣ ਤੋਂ ਅਸਮਰਥ

ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਕੱਦ ਕੈਪਟਨ ਅਮਰਿੰਦਰ ਸਿੰਘ ਜਾਂ ਸੁਨੀਲ ਜਾਖੜ ਵਾਂਗ ਨਹੀਂ ਹੈ। ਵੜਿੰਗ ਭਾਵੇਂ ਹੀ ਸੂਬਾ ਪ੍ਰਧਾਨ ਹਨ ਪਰ ਪਾਰਟੀ ਦੇ ਸੀਨੀਅਰ ਨੇਤਾ ਉਨ੍ਹਾਂ 'ਤੇ ਭਰੋਸਾ ਨਹੀਂ ਕਰਦੇ। ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੀਆਂ ਟਿਕਟਾਂ ਦੀ ਵੰਡ ਨਾਲ ਜੁੜਿਆ ਦਿਲਚਸਪ ਪਹਿਲੂ ਸਾਹਮਣੇ ਆਇਆ ਹੈ ਕਿ ਜੋ ਰਾਜਾ ਵੜਿੰਗ ਪੰਜਾਬ ਪ੍ਰਧਾਨ ਰੂਪ ਵਿੱਚ ਸੂਬੇ ਵਿੱਚ 13 ਸੀਟਾਂ 'ਤੇ ਉਮੀਦਵਾਰਾਂ ਦੀ ਚੋਣ ਨੂੰ ਲੈ ਕੇ ਸਿਫਾਰਿਸ਼ ਕਰ ਰਹੇ ਹਨ, ਉਨ੍ਹਾਂ ਨੂੰ ਕੁਰਸੀ ਬਚਾਉਣ ਲਈ ਬਠਿੰਡਾ ਤੋਂ ਪਤਨੀ ਦੀ ਟਿਕਟ ਛੱਡਣੀ ਪਈ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com